

# ਨੂਰਾਂ

ਜੁਰਿੰਦਰ ਸਿੰਘ ਸੰਘੇੜਾ

# Nooran

www.PunjabiLibrary.com

# ਨੂਰਾਂ

"ਪਾਉਣੀ ਤਾਂ ਤੇਰੇ ਸੀ, ਪਰ ਹੁਣ......।"

ਕਹਿੰਦਾ ਕਹਿੰਦਾ ਮਨਪ੍ਰੀਤ ਚੁੱਪ ਹੋ ਗਿਆ ਸੀ।

"ਨਾ, ਹੁਣ ਕੀ ਹੋ ਗਿਆ, ਜੇ ਮੇਰੇ ਪਾਉਣੀ ਸੀ।"

ਸ਼ਾਲੂ ਮਿਨਾ ਜਿਹਾ ਹੱਸਾ ਹੱਸਦੀ ਹੋਈ ਪੁੱਛ ਰਹੀ ਸੀ।

"ਮੈਂ, ਮੈਂ ਸੁਣਿਆ ਹੈ ਤੂੰ ਅਗਾਂਹ ਕਿਸੇ ਪ੍ਰੋਫੈਸਰ ਦੇ ਪਾ ਦਿੱਤੀ ਹੈ, ਇਸ ਕਰਕੇ ਮੈਂ ਆਪਣਾ ਵਿਚਾਰ ਕੈਂਸਲ ਕਰ ਦਿੱਤਾ ਹੈ।"

ਮਨਪ੍ਰੀਤ ਕਹਿ ਰਿਹਾ ਸੀ।

"ਸੋਹਣਾ ਕੀਤਾ, ਜੋ ਵਿਚਾਰ ਬਦਲ ਲਿਆ ਹੈ ਨਹੀਂ ਤਾਂ ਪਤਾ ਨਹੀਂ ਮੈਨੂੰ ਸ਼ਾਇਦ ਸਾਰੀ ਉਮਰ ਹੀ ਇੰਤਜ਼ਾਰ ਕਰਨਾ ਪੈਂਦਾ।"

ਸ਼ਾਲੂ ਮਜ਼ਾਕ ਵਿੱਚ ਮਨਪ੍ਰੀਤ ਨੂੰ ਕਹਿ ਰਹੀ ਸੀ।

"ਮੈਨੂੰ ਵੀ, ਕੁਝ ਏਦਾਂ ਹੀ ਲੱਗਦਾ ਆ, ਪਰ ਤੂੰ ਕਿਵੇਂ ਆਈ ਸੀ?"

# ਨੂਰਾਂ

ਜੋਗਿੰਦਰ ਸਿੰਘ ਸੰਘੇੜਾ (ਬਿਲਗੇ ਵਾਲਾ)

ਏਸ਼ੀਆ ਵਿਜ਼ਨ

**ਨੂਰਾਂ**

ਪੰਜਾਬੀ ਨਾਵਲ

**Nooran** (Punjabi Novel)

Copyright Author

2012

author

**Joginder singh Sanghera**

canada

438 876 5644

Email: joe2jatt@yahoo.ca

Email: jogi60bilgia@yahoo.com

Price $ 10

Printed at

**Asia Visions**

1-209-589-3367

91-98159-45018

info@kitaban.com

# ਸਮਰਪਤ

ਮੇਰੇ ਪਿਆਰੇ ਦੋਸਤ ਬੈਰੀ
( ਨੌਰਥ-ਵੈਸਟ ਟਾਈਗਰ ਟਰਾਂਸਪੋਰਟ )
ਵਾਲੇ ਨੂੰ

# ਲੇਖਕ ਵਲੋਂ ਕੁਝ ਸ਼ਬਦ

ਛੋਟੇ ਹੁੰਦੇ ਦਾਦੀਆਂ ਨਾਨੀਆਂ ਤੋਂ ਅਤੇ ਸੱਥ ਵਿੱਚ ਬੈਠੇ ਬਜ਼ੁਰਗਾਂ ਤੋਂ ਕਈਆਂ ਕਿਸਮਾਂ ਦੀਆਂ ਕਿੱਸੇ ਕਹਾਣੀਆਂ ਬਾਤਾਂ ਸੁਣਦੇ ਹੁੰਦੇ ਸੀ ਉਹਨਾ ਬਾਤਾਂ ਕਹਾਣੀਆਂ ਨੂੰ ਇਕ ਕਾਪੀ ਵਿੱਚ ਨੋਟ ਕਰਨਾ ਮੈਨੂੰ ਬਹੁਤ ਚੰਗਾ ਲੱਗਦਾ ਹੁੰਦਾ ਸੀ ਇਕ ਦਿਨ ਇਹ ਕਾਗਤਾਂ ਉਤੇ ਸੁਣੀਆਂ ਸੁਣਾਈਆਂ ਗੱਲਾਂ ਨੋਟ ਕਰਨਾ ਮੇਰੀ ਆਦਤ ਜਹੀ ਬਣ ਗਈ ਸੀ ਜਿਸ ਆਦਤ ਦਾ ਕਰਕੇ ਮੇਰੇ ਉੱਤੇ ਮੇਰੇ ਹਮ-ਜ਼ਮਾਤੀ ਹੱਸਦੇ ਵੀ ਹੁੰਦੇ ਸੀ ਉਹ ਇਸ ਕਰਕੇ ਨਹੀਂ ਸਨ ਹੱਸਦੇ ਕਿ ਮੈਂ ਕਾਪੀ ਉੱਤੇ ਸੁਣੀਆਂ ਸੁਣਾਈਆਂ ਗੱਲਾਂ ਨੋਟ ਕਰਦਾ ਹਾਂ ਸਗੋਂ ਇਸ ਕਰਕੇ ਹੱਸਦੇ ਹੁੰਦੇ ਸਨ ਕਿ ਮੈਂ ਹਰ ਰੋਜ਼ ਜੋ ਵੀ ਖਾਂਦਾ ਪੀਂਦਾ ਸੀ ਉਹ ਵੀ ਆਪਣੀ ਨੋਟ ਬੁੱਕ ਵਿੱਚ ਨੋਟ ਕਰ ਲੈਂਦਾ ਹੁੰਦਾ ਸੀ, ਬੇਸ਼ੱਕ ਮੇਰੇ ਹਮ-ਜ਼ਮਾਤੀ ਮੇਰੀ ਇਸ ਆਦਤ ਉੱਤੇ ਹੱਸਦੇ ਜਰੂਰ ਸੀ ਪਰ ਅੱਜ ਮੇਰੀ ਉਸ ਆਦਤ ਦਾ ਸਦਕਾ ਹੀ ਮੈਂ ਕੁਝ ਲਿਖ ਰਿਹਾ ਹਾਂ।

ਜੇ ਕਰ ਕਿਸੇ ਨੂੰ ਚੰਗੇ ਦੋਸਤ ਮਿਲ ਜਾਣ ਜਾਂ ਭਾਵੇਂ ਇਕ ਹੀ ਦੋਸਤ ਹੋਵੇ ਜੋ ਚੰਗੀ ਸੁਲਾਹ ਅਤੇ ਹੱਲਾ ਸ਼ੇਰੀ ਦੇਣ ਵਾਲਾ ਮਿਲ ਜਾਵੇ ਤਾਂ ਲਿਖਣ ਲਈ ਉਤਸ਼ਾਹ ਮਿਲ ਜਾਂਦਾ ਹੈ ਲਿਖਣ ਲਈ ਹੀ ਕਿਓਂ ਕਿਸੇ ਵੀ ਚੰਗੇ ਕੰਮ ਵਿੱਚ ਅੱਗੇ ਵਧਣ ਲਈ ਚੰਗੇ ਦੋਸਤਾਂ ਦਾ ਅਤੇ ਚੰਗੇ ਮਹੌਲ ਦਾ ਅਸਰ ਇਨਸਾਨ ਨੂੰ ਚੰਗੇ ਖ਼ਿਆਲਾਂ ਦਾ ਚੰਗੀ ਰਹਿਣੀ ਬਹਿਣੀ ਦਾ ਅਤੇ ਚੰਗੀਆਂ ਆਦਤਾਂ ਦਾ ਧਾਰਨੀ ਬਣਾ ਦਿੰਦਾ ਹੈ ਮੈਨੂੰ ਵੀ ਇਕ ਲੇਖਕ ਜਾਂ ਨਾਵਲਕਾਰ ਬਨਾਉਣ ਵਾਲਾ ਮੇਰਾ ਇਕ ਦੋਸਤ ਹੈ ਸਤਿਕਾਰਯੋਗ ਸਰਦਾਰ ਹਰਜੀਤ ਸਿੰਘ ਸੰਧੂ ਜੋ ਆਪ ਖ਼ੁਦ ਵੀ ਕਈ ਸਾਲ ਇਕ ਪੰਜਾਬੀ ਦਾ ਨਿਊਜ਼ ਪੇਪਰ ( ਪੰਜਾਬੀ ਸੁਨੇਹਾ ) ਮਾਂਟਰੀਅਲ ਕਾਨੇਡਾ ਵਿੱਚ ਰਲੀਜ਼ ਕਰਦਾ ਰਿਹਾ ਹੈ ਅਤੇ ਬਹੁਤ ਹੀ ਸੁਲਝਿਆ ਹੋਇਆ ਇਨਸਾਨ ਹੋਣ ਦੇ ਨਾਲ ਨਾਲ ਬਹੁਤ ਹੀ ਹਸਮੁੱਖ ਸੁਭਾਅ ਦਾ ਮਾਲਕ ਹੈ ਜਿਸ ਨੇ ਮੈਨੂੰ ਬਹੁਤ ਹੀ ਉਤਸ਼ਾਹ ਅਤੇ ਹੱਲਾ ਸ਼ੇਰੀ ਦਿੱਤੀ ਹੈ, ਮੈਂ ਪਰਮਾਤਮਾ ਤੋਂ ਐਸੇ ਇਨਸਾਨਾ ਲਈ ਹਰ ਵਕਤ ਚੜ੍ਹਦੀ ਕਲਾ ਵਿੱਚ ਰਹਿਣ ਦੀ ਦੁਆ ਮੰਗਦਾ ਹਾਂ, ਰੱਬ ਕਰੇ ਦੁਨੀਆਂ ਦੇ ਸਾਰੇ ਇਨਸਾਨ ਹੀ ਚੰਗੇ ਸੁਬਾਓ ਅਤੇ ਹੱਸਮੁੱਖ ਬਣ ਜਾਣ ਤਾਂ ਝਗੜੇ ਲੜਾਈਆਂ ਦੇ ਟੈਂਟੇ ਹੀ ਮੁੱਕ ਜਾਣ।

ਮੈਂ ਏਥੇ ਇਕ ਹੋਰ ਸ਼ਖ਼ਸ਼ੀਅਤ ਦਾ ਨਾਮ ਵੀ ਲੈਣਾ ਚਾਹਾਂਗਾ ਜਿਸ ਨੂੰ ਮੈਂ ਆਪਣੇ ਦੋਸਤ ਹਰਜੀਤ ਸਿੰਘ ਸੰਧੂ ਜੀ ਦੀ ਬਤੌਲਤ ਹੀ ਮਿਲਿਆ ਸੀ ਉਹ ਹਨ ਡਾਕਟਰ ਅਸ਼ੋਕ ਕੁਮਾਰ, ਜੋ ਆਪ ਵੀ ਇਕ ਲੇਖਕ ਨੇ ਅਤੇ ਜਿੰਨਾ ਦੀਆਂ ਬਹੁਤ ਹੀ ਵਧੀਆ ਕਵੀਤਾਵਾਂ ਦੀਆਂ ਬੁੱਕਾਂ ਵੀ ਪੜ੍ਹਨ ਲਈ ਮਿਲਦੀਆਂ ਹਨ, ਡਾਕਟਰ ਅਸ਼ੋਕ ਕੁਮਾਰ ਜੀ ਨੇ ਮੈਨੂੰ

ਟੈਕਨੀਕ ਪੱਖੋਂ ਕਾਫੀ ਕੁਝ ਸਮਝਾਇਆ ਅਤੇ ਸਖਾਲਿਆ ਹੈ ਮੈਂ ਉਹਨਾ ਦਾ ਵੀ ਦਿਲੋਂ ਬਹੁਤ ਧਨਵਾਦੀ ਹਾਂ।

ਬਾਕੀ ਹਰ ਇਨਸਾਨ ਦੇ ਆਪਣੇ ਆਪਣੇ ਦਰਿਸ਼ਟੀਕੋਣ ਹੁੰਦੇ ਹਨ ਹਰ ਚੀਜ਼ ਨੂੰ ਵੇਖਣ ਦੇ ਅਤੇ ਸਮਝਣ ਦੇ ਜਿਸ ਤਰਾਂ ਦੇ ਖ਼ਿਆਲਾਤ ਇਕ ਇਨਸਾਨ ਦੇ ਹੁੰਦੇ ਹਨ ਉਹ ਆਪਣੇ ਖ਼ਿਆੱਲਾਂ ਮੁਤਾਬਕ ਹੀ ਬੋਲੇਗਾ ਜਾਂ ਲਿਖੇਗਾ ਜਰੂਰੀ ਨਹੀਂ ਕਿ ਉਹ ਜੋ ਕੁਝ ਬੋਲੇ ਲਿਖੇਗਾ ਉਸਨੂੰ ਦੁਨੀਆਂ ਦੇ ਸਾਰੇ ਇਨਸਾਨ ਹੀ ਪਸੰਦ ਕਰਨ, ਕਿਓਂ ਕਿ ਜਿਸ ਤਰਾਂ ਪਾਣੀ ਦੇ ਅੱਧੇ ਭਰੇ ਗਿਲਾਸ ਨੂੰ ਕੁਝ ਲੋਕੀ ਥੈਂਕਸ ਗਾਡ ਕਹਿ ਕੇ ਸੰਤੁਸ਼ਟ ਹੋ ਜਾਂਦੇ ਹਨ ਕਿ ਕਮ ਸੇ ਕਮ ਅੱਧਾ ਗਿਲਾਸ ਭਰਿਆ ਹੋਇਆ ਤਾਂ ਹੈ ਅਤੇ ਕੁਝ ਲੋਕੀ ਇਹ ਅੱਧਾ ਕਿਓਂ ਹੈ ਕਹਿ ਕੇ ਆਪਣੇ ਆਪ ਨੂੰ ਵੀ ਦੁਖੀ ਕਰਨਗੇ ਅਤੇ ਦੂਜਿਆਂ ਨੂੰ ਵੀ ਪਰੇਸ਼ਾਨ ਕਰਨਗੇ, ਬਾਕੀ ਆਪਣੇ ਆਪਣੇ ਖ਼ਿਆਲ ਦੱਸਣ ਦਾ ਕਹਿਣ ਦਾ ਹਰ ਇਨਸਾਨ ਨੂੰ ਹੱਕ ਹੈ ਕੋਈ ਵੀ ਰੋਕ ਨਹੀਂ ਸਕਦਾ।

ਮੈਂ ਇਹ ਹੱਥਲਾ ਨਾਵਲ ਲੈ ਕੇ ਆਪਣੇ ਰੱਬ ਵਰਗੇ ਪਿਆਰੇ ਪਾਠਕਾਂ ਦੇ ਰੂ-ਬਰੂ ਹੋ ਰਿਹਾ ਹਾਂ ਅਤੇ ਆਸ ਕਰਦਾ ਕਿ ਪਿਆਰੇ ਪਾਠਕ ਇਸ ਕਿਤਾਬ ਨੂੰ ਪੜ੍ਹਕੇ ਆਪਣੇ ਕੀਮਤੀ ਸੁਝਾਅ ਮੈਨੂੰ ਜਰੂਰ ਭੇਜਣਗੇ ਜਿਨਾ ਸਦਕਾ ਮੈਂ ਅੱਗੇ ਤੋਂ ਆਪਣੀ ਲੇਖਣੀ ਨੂੰ ਹੋਰ ਸੁਧਾਰ ਸਕਾਂਗਾ

ਆਪ ਸਭ ਦਾ ਸ਼ੁਭ-ਚਿੰਤਕ

**ਜੋਗਿੰਦਰ ਸਿੰਘ ਸੰਘੇੜਾ (ਬਿਲਗੇ ਵਾਲਾ)**

*email: joe2jatt@yahoo·ca*
*email: jogi60bilgia@yahoo·com*
*Tell: 1 438 876 5644 ( Canada )*

# ਕੁਝ ਸ਼ਬਦ ਲੇਖਕ ਅਤੇ ਨਾਵਲ ਬਾਰੇ

ਜੋਗਿੰਦਰ ਸਿੰਘ ਸੰਘੇੜਾ ਦਾ ਲਿਖਿਆ ਨਾਵਲ ''ਨੂਰਾਂ'' ਜਿਸ ਵਿੱਚ ਲੇਖਕ ਨੇ ਕਈਆਂ ਪਹਿਲੂਆਂ ਤੋਂ ਜੋ ਸਾਡੇ ਸਮਾਜ ਵਿੱਚ, ਸਾਡੇ ਧਰਮਾਂ ਦੇ ਉੱਚੇ ਨੀਵੇਂ ਅਤੇ ਜਾਤਾਂ ਪਾਤਾਂ ਦੇ ਵਡੀਆਂ ਛੋਟੀਆਂ ਦੇ ਵਿਤਕਰੇ ਹੇਠ, ਸਾਡੇ ਸਮਾਜ ਦੇ ਅਤੇ ਸਰਕਾਰੀ ਮਹਿਕਮਿਆਂ ਵਿੱਚ, ਨਸ਼ਿਆਂ ਦੀ ਮਾਰ ਥੱਲੇ ਗੱਲ ਕੀ ਸਾਡੇ ਸਾਰੇ ਸਿਸਟਮ ਵਿੱਚ ਜੋ ਜੋ ਹੋ ਰਿਹਾ ਹੈ ਉਸ ਵਾਰੇ ਆਪਣੇ ਖਿਆੱਲਾਂ ਨਾਲ ਆਪਣੀ ਸੋਚਣੀ ਨਾਲ  ਕੁਝ ਕੂ ਕੜੀਆਂ ਜੋੜਨ ਦਾ ਉਪਰਾਲਾ ਕੀਤਾ ਹੈ।

ਇੱਕ ਸੱਚੇ ਪਿਆਰ ਦੀ ਕਹਾਣੀ ਹੈ। ਜਿਹੜਾ ਕਿ ਸੱਚ ਦੱਸਦਾ ਹੈ ਇਸ਼ਕ ਕਿਸੇ ਜ਼ਾਤ ਜਾਂ ਮਜ਼ਬ ਨੂੰ ਜਾਂ ਕਿਸੇ ਉੱਚੇ ਨੀਵੇਂ ਧਰਮ ਨੂੰ ਨਹੀਂ ਮੰਨਦਾ ਸਗੋਂ ਆਪਣੇ ਪਿਆਰ ਦੀ ਖ਼ਾਤਰ ਆਪਣੇ ਦੁਨਿਆਵੀ ਮਜ਼੍ਹਬਾਂ ਧਰਮਾਂ ਦੀ ਵੀ ਪ੍ਰਵਾਹ ਨਹੀਂ ਕਰਦਾ। ਸੱਚਾ ਪਿਆਰ ਕਦੇ ਵੀ ਕਿਸੇ ਲਾਲਚ ਜਾਂ ਦੁਨਿਆਵੀ ਦੌਲਤਾਂ ਖ਼ੁਸ ਜਾਣ ਦੇ ਡਰੋਂ ਕਿਸੇ ਕਿਸਮ ਦੀ ਪ੍ਰਵਾਹ ਕਰਦਾ ਸਗੋਂ ਆਪਣੇ ਪਿਆਰ ਨਾਲ ਬਾਅਦੇ ਕੀਤੇ ਹੋਏ ਨਿਵਾਉਣ ਲਈ ਆਪਣੀ ਜਾਨ ਦੀ ਬਾਜ਼ੀ ਤੱਕ ਲਾਉਣੋਂ ਵੀ ਗੁਰੇਜ਼ ਨਹੀਂ ਕਰਦਾ। ਇਥੇ ਇਹ ਗੱਲ  ਮਨਪਰੀਤ ਅਤੇ ਨੂਰਾਂ ਨੇ ਸੱਚ ਕਰ ਦਿਖਾ ਦਿੱਤਾ ਕਿ ਹਮੇਸ਼ਾਂ ਸੱਚੇ ਪਿਆਰ ਦੀ ਜਿੱਤ ਹੁੰਦੀ ਹੈ। ਜਿਥੇ ਦੋਂ ਰੂਹਾਂ ਦਾ ਆਪਸੀ ਸੱਚਾ ਮੇਲ ਹੋਵੇ ਓਥੇ ਹੀ ਅਸਲੀ ਧਰਮ ਅਤੇ ਸੱਚਾ ਰੱਬ ਹੁੰਦਾ ਹੈ।

ਜੋਗਿੰਦਰ ਸਿੰਘ ਸੰਘੇੜਾ ਦੇ ਨਾਵਲ ਦੇ ਸਾਰੇ ਪਾਤਰ ਕਾਲਪਨਿਤ ਹਨ। ਕਿਸੇ ਵੀ ਸੱਜਣ-ਮਿੱਤਰ ਜਾਂ ਕਿਸੇ ਹੋਰ ਨਾਲ ਇਹਨਾ ਦਾ ਨਿੱਜੀ ਵਾਸਤਾ ਨਹੀਂ ਹੈ। ਜੋਗਿੰਦਰ ਸੰਘੇੜਾ ਇਕ ਬਹੁਤ ਹੀ ਵਧੀਆ ਕਹਾਣੀਕਾਰ ਅਤੇ ਕਵੀ ਨੇ ਅਤੇ ਹੁਣ ਇਹਨਾ ਨੇ ਇਹ ਨਾਵਲ ''ਨੂਰਾਂ'' ਪੰਜਾਬੀ ਵਿੱਚ ਲਿਖਿਆ ਹੈ ਜਿਸ ਨਾਲ ਹੁਣ ਇਹ ਨਾਵਲਕਾਰ ਦੀ ਲੜ੍ਹੀ ਵਿੱਚ ਖ਼ੜੇ ਹੋ ਗਏ ਨੇ। ਜੋਗਿੰਦਰ ਸਿੰਘ ਸੰਘੇੜਾ ਜੀ ਬਹੁਤ ਹੀ ਵਧਾਈ ਦੇ ਪਾਤਰ ਹਨ। ਜਿਹਨਾ ਨੂੰ ੨੦-੨੫ ਸਾਲਾਂ ਤੋਂ ਜ਼ਿਆਦਾ ਸਮਾਂ ਵਿਦੇਸ਼ਾਂ ਵਿੱਚ ਰਹਿੰਦਿਆਂ ਨੂੰ ਹੋ ਗਿਆ ਹੈ ਉਹਨਾ ਨੂੰ ਅੱਜ ਵੀ ਪੰਜਾਬੀ ਬੋਲੀ,ਪੰਜਾਬੀ ਸੱਭਿਆਚਾਰ, ਅਤੇ ਪੰਜਾਬੀ ਭਾਈਚਾਰੇ ਨਾਲ ਬਹੁਤ ਪਿਆਰ ਹੈ। ਅਸੀਂ ਰੱਬ ਅੱਗੇ ਇਹਨਾ ਦੀ ਲੰਬੀ ਉਮਰ ਲਈ ਦੁਆ ਕਰਦੇ ਹਾਂ ਤਾਂ ਜੋ ਇਹ ਪੰਜਾਬੀ ਬੋੱਲੀ ਦੀ ਕਵਿਤਾਵਾਂ, ਕਹਾਣੀਆਂ, ਨਾਵਲਾਂ ਅਤੇ ਲੇਖਾਂ ਦੁਆਰਾ ਸੇਵਾ ਕਰਦੇ ਰਹਿਣ। ਮੈਂ ਜੋਗਿੰਦਰ ਸੰਘੇੜਾ ਨੂੰ ਪਿਛਲੇ ੧੧-੧੨ ਸਾੱਲਾਂ ਤੋਂ ਜਾਣਦਾ ਹਾਂ ਉਹ ਬਹੁਤ ਹੀ ਮਿਲਾਪੜੇ ਨੇ ਜੋਗਿੰਦਰ ਸੰਘੇੜਾ ਦਾ ਸੁਭਾਅ ਬਹੁਤ ਹੀ ਮਿੱਠ ਬੋਲੜ੍ਹਾ, ਦਿੱਲ ਦੇ ਸਾਫ਼, ਇਨਸਾਨੀਅਤ ਨੂੰ ਪਿਆਰ ਅਤੇ ਸੱਚੇ ਬੰਦੇ ਨੂੰ ਰੱਬ ਤੋਂ ਵੀ ਜ਼ਿਆਦਾ ਮਾਣ ਸਤਿਕਾਰ ਦਿੰਦੇ

ਹਨ।

ਜੋਗਿੰਦਰ ਸਿੰਘ ਸੰਘੇੜਾ ਦੇ ਨਾਵਲ ਨੂਰਾਂ ਵਿੱਚ ਜਿਥੇ ਉਹਨਾ ਨੇ ਸੱਚੇ ਇਸ਼ਕ ਨੂੰ ਪਾਉਣ ਖ਼ਾਤਰ ਮਜ਼੍ਹਬ, ਦੇਸ਼-ਵਿਦੇਸ਼, ਗਰੀਬੀ-ਅਮੀਰੀ ਤੋਂ ਵੀ ਉੱਪਰ ਦੱਸਿਆ ਹੈ ਓਥੇ ਉਸਨੇ ਸਾਡੇ ਸਮਾਜ਼ ਵਿੱਚ ਅੱਜ ਵੀ ਤੰਗ ਸੋਚਣੀ ਦੇ ਮਾਲਕ ਜ਼ੈਲਦਾਰ ਬਲਜੀਤ ਸਿਓਂ ਵਰਗੇ ਅਤੇ ਨੂਰਾਂ ਦੇ ਅੱਬਾ ਵਰਗੇ ਦਾ ਚਰਿਤਰ ਪੇਸ਼ ਕੀਤਾ ਹੈ। ਜੋ ਕਿ ਮਨਪਰੀਤ ਅਤੇ ਨੂਰਾਂ ਦੇ ਇਕ ਹੋਣ ਤੋਂ ਤੜਫ਼ ਉਠੱਦੇ ਨੇ।

ਮੇਰੇ ਵਲੋਂ ਸਾਰੇ ਪਾਠਕ ਪ੍ਰੇਮੀਆਂ ਨੂੰ ਇਹੋ ਬੇਨਤੀ ਹੈ ਕਿ ਇਸ ਨਾਵਲ ਨੂੰ ਇਕ ਵਾਰ ਜਰੂਰ ਪੜੋ ਅਤੇ ਜੋਗਿੰਦਰ ਸਿੰਘ ਸੰਘੇੜਾ ਨੂੰ ਹੋਰ ਪੰਜਾਬੀ ਦੇ ਨਾਵਲ ਲਿਖਣ ਦਾ ਹੌਂਸਲਾ ਬਖ਼ਸ਼ੋ।

ਧੰਨਵਾਦ ਸਹਿਤ

**ਬਰਜਿੰਦਰ ਸਿੰਘ ਨਾਮਸਤ**

ਮਾਂਟਰੀਅਲ (ਕਨੇਡਾ)

# ਨੂਰਾਂ

" ਓਹ ਰੱਬਾ! ਖ਼ੈਰ ਕਰੀਂ, ਇਹ ਕੀ ਭਾਣਾ ਵਰਤ ਗਿਆ ਏ, ਉਹ ਜ਼ੈਲਦਾਰਾਂ ਦਾ ਮੁੰਡਾ ਤਾਂ ਬਹੁਤ ਹੀ ਨੇਕ ਬੰਦਾ ਸੀ ਫਿਰ ਇਹ ਉਸ ਨਾਲ ਕਿੱਦਾਂ ਹੋ ਸਕਦਾ ਹੈ?, ਜ਼ੈਲਦਾਰ ਤਾਂ ਗੁਰਮੁਖ ਬੰਦਾ ਆ ਪਰ ਆਹ ਓਹਦੇ ਨਾਲ ਬਹੁਤ ਲੋਹੜਾ ਹੋਇਆ ਏ, ਅੱਛਾ ਬਈ ਰੱਬਾ ਤੇਰੀਆਂ ਤੂੰ ਹੀਂ ਜਾਣਦਾ ਏਂ, ਸਾਨੂੰ ਅਮਾਧੜਾਂ ਨੂੰ ਕੀ ਪਤਾ।"

ਇਕ ਟੁੱਟੇ ਜਹੇ ਸਾਈਕਲ ਉਤੇ ਬਹਿੰਦੇ ਹੋਏ ਰੱਖੇ ਅਮਲੀ ਨੇ ਆਪਣੇ ਆਪ ਵਿੱਚ ਹੀ ਰੱਬ ਨਾਲ ਗੱਲਾਂ ਕਰਦੇ ਹੋਏ ਕਿਹਾ ਸੀ ਜੋ ਸਾਈਕਲ ਤੇ ਚੜ੍ਹ ਕੇ ਨੂਰਮਹਿਲ ਦੇ ਠਾਣੇ ਵੱਲ ਚੱਲ਼ਿਆ ਸੀ ਇਤਲਾਹ ਦੇਣ ਲਈ ਉਸ ਹਾਦਸੇ ਵਾਰੇ ਜੋ ਅੱਜ ਬਾਰਦੌਲੀ ਪਿੰਡ ਵਿੱਚ ਵਰਤ ਗਿਆ ਸੀ, ਜਿਸ ਹਾਦਸੇ ਨੇ ਪਿੰਡ ਦੇ ਸਾਰੇ ਲੋਕਾਂ ਦੇ ਹੋਸ਼ ਉਡਾ ਦਿੱਤੇ ਸਨ। ਰੱਖਾ ਅਮਲੀ ਆਪਣੇ ਆਪ ਹੀ ਗੱਲਾਂ ਕਰਦਾ ਹੋਇਆ ਥੋੜੇ ਮਿੰਟਾਂ ਵਿੱਚ ਹੀ ਨੂਰਮਹਿਲ ਦੇ ਠਾਣੇ ਮੂਹਰੇ ਜਾ ਪਹੁੰਚਾ ਸੀ, ਆਪਣਾ ਟੁੱਟਾ ਜਿਹਾ ਸਾਈਕਲ ਰੱਖੇ ਨੇ ਸਰਾਂ ਦੇ ਮੇਨ ਗੇਟ ਤੋਂ ਬਾਹਰ ਹੀ ਇਕ ਪਾਸੇ ਕੰਧ ਨਾਲ ਲਾ ਦਿੱਤਾ ਸੀ ਅਤੇ ਆਪਣੇ ਤੇੜ ਲਾਏ ਹੋਏ ਫਟੇ ਹੋਏ ਕਈਆਂ ਥਾਵਾਂ ਤੇ ਟਾਕੀਆਂ ਲੱਗੀਆਂ ਵਾਲੇ ਮੈਲ਼ੈ ਕੁਚੈਲ਼ੇ ਜਹੇ ਚਾਦਰੇ ਨੂੰ ਦੋਵਾਂ ਹੱਥਾਂ ਨਾਲ ਫ਼ੜੀ ਸਰਾਂ ਦੇ ਗੇਟ ਵਿੱਚੋਂ ਹੁੰਦਾ ਹੋਇਆ ਪੁਲੀਸ ਚੌਕੀ ਦੇ ਗੇਟ ਵੱਲ ਦੌੜ ਤੁਰਿਆ ਸੀ।

" ਕਰ ਲਓ ਘਿਓ ਨੂੰ ਭਾਂਡਾ, ਇਹ ਸਵੇਰੇ ਸਵੇਰੇ ਸਾਲਾ ਅਮਲੀ ਮੱਥੇ ਲੱਗ ਗਿਆ ਅੱਜ ਤਾਂ ਰੱਬ ਖੈਰ ਕਰੇ ।"

ਪਹਿਰੇ ਉਤੇ ਖ਼ੜੇ ਸੰਤਰੀ ਬਲਰਾਮ ਰਾਓ ਨੇ ਆਪਣੇ ਆਪ ਨਾਲ ਹੀ ਗੱਲ ਕਰਦੇ ਨੇ ਕਿਹਾ ਸੀ।

" ਸਰ! ਅਮਲੀ ਰੱਖਾ ਅੱਜ ਫੇਰ ਦੌੜਾ ਆਉਂਦਾ ਹੈ ਆਪਣੀ ਚੌਂਕੀ ਵੱਲ ਨੂੰ, ਲੱਗਦੈ ਦੀਵਿਆਂ ਵਾਲੀ ਰਾਤ ਇਹਦੇ ਪਿੰਡ ਵੀ ਕੋਈ ਚੰਦ ਚੜ੍ਹਾ ਕੇ ਹੀ ਗਈ ਹੋਊ, ਜਿਹੜਾ ਸਾਲ਼ਾ ਸਵੇਰੇ ਸਵੇਰੇ ਨਿਰਣੇ ਕਾਲ਼ਜ਼ੇ ਮਹਾਂ ਪੁਰਸ਼ਾਂ ਦੇ ਦਰਸ਼ਣ ਕਰਨ ਲਈ ਭੰਬੀਰੀ ਬਣਿਆ ਦੌੜਿਆ ਆ ਰਿਹਾ ਹੈ, ਬੈਲਟਾਂ ਕੱਸ ਲਓ, ਆ ਗਿਆ ਲਾੱਗੇ, ਸਾਹਿਬ ਕਹੋ ਤਾਂ ਬੂਹਾ ਖੋਲ ਦਿਆਂ? "

ਨੂਰਮਹਿਲ ਦੀ ਸਰ੍ਹਾਂ ਵਿੱਚ ਬਣੀ ਹੋਈ ਚੌਂਕੀ ਦੇ ਲੱਗੇ ਹੋਏ ਲੋਹੇ ਦੀਆਂ ਸੀਖਾਂ ਦੇ ਬਣੇ ਹੋਏ ਗੇਟ ਵਿੱਚ ਦੀ ਬਾਹਰ ਵੱਲ ਨੂੰ ਝਾਕਦੇ ਹੋਏ ਸੰਤਰੀ ਬਲਰਾਮ ਰਾਓ ਨੇ ਅੰਦਰ ਬਰਾਮਦੇ ਵਿੱਚ ਕੁਰਸੀ ਉੱਤੇ ਬੈਠੇ ਐਸ, ਐਚ, ਓ, ਵੱਲ ਮੂੰਹ ਘੁਮਾਉਂਦੇ ਹੋਏ ਨੇ ਪੁਛਿਆ ਸੀ, ਪਿੰਡ ਬਾਰਦੌਲੀ ਦਾ ਚੌਕੀਦਾਰ ਰੱਖਾ ਅਮਲੀ ਦੋਹਾਂ ਹੱਥਾਂ ਨਾਲ ਆਪਣੇ ਤੇੜ ਲਾਏ ਹੋਏ ਮੈਲ਼ੇ

ਕੁਚੈਲ੍ਹੇ ਜਹੇ ਫ਼ਟੇ ਹੋਏ ਚਾਦਰੇ ਦੀਆਂ ਦੋਵੇਂ ਕੰਨੀਆਂ ਫੜ੍ਹੀ ਪੱਬਾਂ ਭਾਰ ਠਾਣੇ ਦੇ ਗੇਟ ਵੱਲ ਭੱਜਾ ਆ ਰਿਹਾ ਸੀ।

" ਯਾਰ, ਇਹਨੇ ਕੰਜ਼ਰ ਦੇ ਅਮਲੀ ਨੇ ਤਾਂ ਸਾਨੂੰ ਸਰਕਾਰ ਦੀਆਂ ਯੋਜਨਾਵਾਂ ਨਾਲੋਂ ਵੀ ਕਿਤੇ ਜ਼ਿਆਦਾ ਵਖ਼ਤ ਪਾਇਆ ਹੋਇਆ ਏ, ਪਹਿਲੇ ਮੁਰਦਿਆਂ ਸਾਲ੍ਹਿਆਂ ਨੇ ਹਾਲੇ ਸਾਡੇ ਹੱਡ ਛੱਡੇ ਨਹੀਂ, ਉੱਤੋਂ ਇਹ ਸਾਲ੍ਹਾ ਫਿਰ ਬੋਤੇ ਵਾਂਗੂ ਮੂੰਹ ਉਤਾਹਾਂ ਚੁੱਕੀ ਤੁਰਿਆ ਆਉਂਦਾ ਹੈ ਸਾਡੇ ਵੱਲ ਨੂੰ, ਅੱਜ ਪਹਿਲਾਂ ਤਾਂ ਏਹਦਾ ਪਤੰਦਰ ਦਾ ਲੰਮਾ ਪਾ ਕੇ ਜਾਦੂ ਦੇ ਛੜ੍ਹਜੰਤਰ ਨਾਲ ਚੰਗੀ ਤਰਾਂ ਹੱਥ-ਹੌਲ੍ਹਾ ਕਰੋ, ਜ਼ਿਊਂਦੇ ਜੀਅ ਤਾਂ ਇਕ ਪਾਸੇ ਜਿਹੜਾ ਸਾਲ੍ਹਾ ਮਰਨ ਤੋਂ ਬਾਅਦ ਵੀ ਨੂਰਮਹਿਲ ਦੇ ਠਾਣੇ ਤਾਂ ਕੀ ਸਗੋਂ ਨੂਰਮਹਿਲ ਦੀ ਸਰ੍ਹਾਂ ਵੱਲ ਨੂੰ ਆਉਣ ਤੋਂ ਵੀ ਡਰਿਆ ਕਰੂ। "

ਰਿਸ਼ਵਤ ਅਤੇ ਆਲਸੀ ਦੀ ਪੇਂਦ ਚੜ੍ਹੇ "ਟੂ-ਇਨ--ਵੰਨ" ਐਸ, ਐਚ, ਓ, ਨੇ ਆਪਣੀ ਪੈਂਟ ਉੱਤੇ ਲੱਗੀ ਹੋਈ ਬੈੱਲਟ ਨੂੰ ਚੰਗੇ ਘੜ੍ਹੇ ਜਿੱਡੀ ਹੋਈ ਆਪਣੀ ਗੋਗੜ ਦੇ ਉੱਤੇ ਚੜਾਉਣ ਦੀ ਕੋਸ਼ਿਸ ਕਰਦੇ ਹੋਏ ਨੇ ਬਾਕੀ ਦੇ ਹਵਾਲਦਾਰਾਂ ਨੂੰ ਖ਼ਬਰਦਾਰ ਕੀਤਾ ਸੀ, ਇਸ ਵੇਲੇ ਰੱਖੇ ਚੌਂਕੀਦਾਰ ਦਾ ਇਸ ਤਰਾਂ ਦੌੜੇ ਆਉਣਾ ਐਸ, ਐਚ, ਓ, ਨੂੰ ਡਿਊਟੀ ਸਮੇਂ ਕਰਦੇ ਆਰਾਮ ਵਿੱਚ ਭੰਗ ਪਾਉਣਾ ਲੱਗਿਆ ਸੀ।

"ਸਰ! ਦਰਵਾਜ਼ਾ ਖੋਲ ਦੇਵਾਂ ਜਾਂ ਉਹਨੂੰ ਬਾਹਰ ਹੀ ਰੁਕਣ ਲਈ ਕਹਾਂ?"

ਠਾਣੇ ਦੇ ਗੇਟ ਵਿੱਚ ਆਪਣੀ ਡਿਊਟੀ ਉੱਤੇ ਖੜਾ ਸੰਤਰੀ ਬਲਰਾਮ ਰਾਓ ਆਪਣੇ ਮੋਢੇ ਉੱਤੇ ਲਟਕਦੀ ਸਰਕਾਰ ਵਲੋਂ ਮਿਲੀ ਹੋਈ ਬੰਦੂਕ ਨੂੰ ਠੀਕ ਕਰਦਾ ਹੋਇਆ ਐਸ, ਐਚ, ਓ, ਤੋਂ ਪੁੱਛ ਰਿਹਾ ਸੀ, ਜੋ ਕਿ ਸਾਹਮਣੇ ਬਰਾਮਦੇ ਵਿੱਚ ਇਕ ਕੁਰਸੀ ਉੱਤੇ ਆਪ ਅਤੇ ਦੂਜੀ ਕੁਰਸੀ ਉੱਤੇ ਆਪਣੀਆਂ ਟੰਗਾਂ ਰੱਖੀ ਆਪਣੀਆਂ ਉਂਗਲ੍ਹਾਂ ਵਿੱਚ ਫ਼ਸਾਈ ਹੋਈ ਬੀੜ੍ਹੀ ਜੋ ਕਿਸੇ ਪਾਨ ਵਾਲੇ ਦੀ ਦੁਕਾਨ ਤੋਂ ਬਿਨਾ ਪੈਸੇ ਦਿੱਤਿਆਂ ਲਿਆਂਦੀ ਹੋਈ ਦੇ ਕਸ਼ ਲਾ ਰਿਹਾ ਸੀ।

" ਆਉਣ ਦੇ, ਆਉਣ ਦੇ ਪਤੰਦਰ ਨੂੰ, ਆਪਾਂ ਦਿਵਾਲਾ ਵੀ ਤਾਂ ਮਨਾਉਣਾ ਕਿ ਨਹੀਂ? "

ਢਿਡਲ੍ਹ ਐਸ, ਐਚ, ਓ, ਨੇ ਚੌਂਕੀ ਦਾ ਖਿੜ੍ਹਕ ਖੁੱਲਣ ਤੋਂ ਪਹਿਲਾਂ ਹੀ ਆਪਣੇ ਹੱਥ ਵਿਚਲੀ ਬੀੜੀ ਦੇ ਧੁਖਦੇ ਟੋਟੇ ਨੂੰ ਥੱਲੇ ਸੁੱਟ ਕੇ ਆਪਣੇ ਪੈਰੀਂ ਪਾਈ ਹੋਈ ਸਰਕਾਰੀ ਜੁੱਤੀ ਦੇ ਤਲੇ ਨਾਲ ਮਸਲ ਦਿੱਤਾ ਸੀ, ਬੀੜੀ ਤਾਂ ਵਿਚਾਰੀ ਚੀਜ਼ ਹੀ ਕੀ ਸੀ ਇਸ ਸਰਕਾਰੀ ਜੁੱਤੀ ਦੇ ਥੱਲੇ ਤਾਂ ਕਹਿੰਦੇ ਕਹਾਉਂਦਿਆਂ ਦੀਆਂ ਸਿਰੀਆਂ ਮਸਲ ਹੋ ਜਾਂਦੀਆਂ ਹਨ ਤਾਂ ਫਿਰ ਬੀੜੀ ਕੀ ਚੀਜ਼ ਸੀ। ਬੀੜੀ ਦੇ ਗਰਮ ਧੂਏਂ ਨੇ ਆਲਸੀ ਐਸ, ਐਚ, ਓ, ਦੇ ਸਰੀਰ ਅੰਦਰ ਖ਼ੂਨ

ਦਾ ਦੌਰਾ ਥੋੜਾ ਤੇਜ਼ ਕਰ ਦਿੱਤਾ ਸੀ। ਚੁਸਤ ਹੋਇਆ ਠਾਣੇਦਾਰ ਆਪਣੇ ਆਪ ਨੂੰ ਸੈੱਟ ਫੈੱਟ ਕਰ ਕੇ ਨਵੇਂ ਆ ਰਹੇ ਗਰਾਹਕ ਦਾ ਇੰਤਜ਼ਾਰ ਕਰਨ ਲੱਗਿਆ ਸੀ।

"ਸੁੱਖ ਸਾਂਦ ਤਾਂ ਹੈ?"

ਗੇਟ ਵਿੱਚ ਖੜ੍ਹੇ ਸੰਤਰੀ ਬਲਰਾਮ ਰਾਓ ਨੇ, ਪੱਬਾਂ ਭਾਰ ਦੌੜੇ ਜਾਂਦੇ ਚੌਂਕੀਦਾਰ ਰੱਖੇ ਅਮਲੀ ਨੂੰ ਪੁੱਛਿਆ ਸੀ, ਜਹਿੜਾ ਸੰਤਰੀ ਨਾਲ ਅੱਖ ਮਿਲਾਏ ਵਗੈਰ ਹੀ ਕਿਸੇ ਅਨਪੜ੍ਹ ਮਨਿਸਟਰ ਵਾਂਗੂ ਸਿੱਧਾ ਦਰਵਾਜ਼ੇ ਵਿੱਚੋਂ ਦੀ ਅੰਦਰ ਲੰਘ ਗਿਆ ਸੀ।

" ਸੁੱਖ-ਸਾਂਦ? ਸੁੱਖ-ਸਾਂਦ ਹੁੰਦੀ ਤਾਂ ਮੈਂ ਆਪਣੇ ਬੇਲੀਆਂ ਕੋਲ ਬੈਠ ਕੇ ਧੁੱਪ ਨਾ ਸੇਕ ਰਿਹਾ ਹੁੰਦਾ, ਮੈਂ ਥਾਣੇ ਕਾਹਤੋਂ ਆਂਉਦਾ, ਗੱਲ ਕਰਤੀ ਬੜ੍ਹੇ.........। "

ਰੱਖਾ ਅਮਲੀ ਕਾਹਲ੍ਹੀ ਕਾਹਲ੍ਹੀ ਜਾਂਦਾ ਜਾਂਦਾ ਸੰਤਰੀ ਬਲਰਾਮ ਰਾਓ ਨੂੰ ਜ਼ਵਾਬ ਦੇ ਗਿਆ ਸੀ, ਅਤੇ ਸੰਤਰੀ ਬਲਰਾਮ ਰਾਓ ਗੇਟ ਵਿੱਚ ਖੜਾ ਰੱਖੇ ਅਮਲੀ ਦੀ ਤੋਰ ਵੱਲ ਦੇਖ ਕੇ ਆਪਣੇ ਮੂੰਹ ਦੇ ਵਿੰਗੇ ਸਿੱਧੇ ਜਹੇ ਡਜ਼ਾਇਨ ਬਣਾਉਂਦਾ ਹੋਇਆ ਆਪਣੇ ਹੀ ਹੱਥਾਂ ਨਾਲ ਗੱਲਾਂ ਕਰ ਰਿਹਾ ਸੀ।

" ਨਮਸ਼ਕਾਰ, ਮਾਈ-ਬਾਪ! "

ਰੱਖੇ ਅਮਲੀ ਨੇ ਬਰਾਮਦੇ ਵਿੱਚ ਖੜੇ ਐਸ, ਐਚ, ਓ, ਦੇ ਕੋਲ ਪਹੁੰਚਦੇ ਹੀ ਥੋੜਾ ਜਿਹਾ ਥੱਲੇ ਨੂੰ ਝੁਕਦੇ ਹੋਏ ਬਰਾਂਡੇ ਦੇ ਬਣੇ ਹੋਏ ਇਕ ਕੌਲ੍ਹੇ ਨਾਲ ਦੋਵੇਂ ਹੱਥ ਲਾਉਂਦੇ ਹੋਏ ਨੇ ਕਿਹਾ ਸੀ।

" ਓਏ, ਕੱਲਾ ਬਾਪ ਹੀ ਕਹਿ ਲਿਆ ਕਰ, ਮਾਈ ਨੂੰ ਕਾਹਤੋਂ ਤੰਗ ਕਰਦੈ ਰਹਿਨਾਂ, ਅੱਛਾ ਦੱਸ ਕਿੰਨੇ ਮਰੇ ਆ? ਗੋਲ੍ਹੀ ਚੱਲੀ ਜਾਂ ਬੰਬ ਚੱਲਿਆ ਏ ? "

ਢਿਡਲ੍ਹ ਐਸ, ਐਚ, ਓ, ਨੇ ਆਪਣੇ ਇਕ ਹੱਥ ਵਿੱਚ ਪੈਨ ਘੁਮਾਉਂਦੇ ਹੋਏ ਰੱਖੇ ਅਮਲੀ ਦੇ ਚੇਹਰੇ ਉੱਤੋਂ ਹਾਵ ਭਾਵ ਪੜ੍ਹਦਿਆਂ ਮੁੱਛਾਂ ਵਿੱਚ ਮੁਸਕਰਾਉਂਦੇ ਹੋਏ ਪੁੱਛਿਆ ਸੀ, ਢਿਡਲ੍ਹ ਐਸ-ਐਚ-ਓ ਨੂੰ ਮਹਿਸੂਸ ਹੋਣ ਲੱਗ ਪਿਆ ਸੀ ਜਿਵੇਂ ਕਿ ਨਵੀਂ ਜੌਬ ਦਾ ਕੰਟਰੈਕਟ ਮਿਲਣ ਲੱਗਾ ਹੋਵੇ, ਜਿਵੇਂ ਕੇ ਰੱਖਾ ਅਮਲੀ ਉਸ ਲਈ ਲਕਸ਼ਮੀ ਦੇ ਆਉਣ ਦਾ ਸੰਕੇਤ ਲੈ ਕੇ ਆਇਆ ਹੋਵੇ, ਢਿੱਡਲ੍ਹ ਐਸ, ਐਚ, ਓ, ਸ਼ਾਇਦ ਦਿਲ ਹੀ ਦਿਲ ਵਿੱਚ ਇਸ ਜੌਬ ਤੋਂ ਆਉਣ ਵਾਲੀ ਲਕਸ਼ਮੀ ਦੇਵੀ ਦੇ ਹਜ਼ਾਰਾਂ ਲੱਖਾਂ ਦੀ ਗਿਣਤੀ ਕਰ ਗਿਆ ਸੀ, ਸ਼ਾਇਦ ਓਹ ਮਿੰਟਾਂ ਸਕਿੰਟਾਂ ਵਿੱਚ ਸੋਚ ਗਿਆ ਸੀ ਕਿ ਜੋ ਕੱਥੋਚਾਹਲ ਕੋਠੀ ਬਨਾਉਣੀ ਸ਼ੁਰੂ ਕੀਤੀ ਹੋਈ ਸੀ ਉਸ ਵਿੱਚ ਕੁਝ ਹੋਰ ਅੱਪ-ਗਰੇਟ ਕਰਵਾ ਲਵਾਂਗੇ, ਦਿਲ ਹੀ ਦਿਲ ਵਿੱਚ ਸ਼ਾਇਦ ਕਹਿ ਗਿਆ ਸੀ ਕਿ ਹੁਸ਼ਿਆਰ ਪੁਰੀਏ ਐਸ, ਐਸ, ਪੀ, ਨਾਲੋਂ ਵਧੀਆ ਕੋਠੀ ਬਣ ਜਾਵੇਗੀ, ਓਹ ਦਿਲੋਂ ਖ਼ੁਸ਼ ਸੀ ਪਰ ਉਪਰੋਂ ਉਪਰੋਂ ਰੱਖੇ ਅਮਲੀ ਨੂੰ ਆਪਣੀ ਅਫ਼ਸਰੀ

ਦਾ ਰੋਹਬ ਦਿਖਾਉਂਦਾ ਪੁੱਛ ਰਿਹਾ ਸੀ।

" ਪੰਜ ਮਰੇ ਨੇ ਸਾਬ ਬਹਾਦਰ ਜੀ, ਨਾ ਤਾਂ ਸਾਲ਼ੀ ਕੋਈ ਗੋਲ਼ੀ ਹੀ ਚੱਲੀ ਏ ਅਤੇ ਨਾ ਸਾਲ਼ਾ ਕੋਈ ਬੰਬ ਹੀ ਫੁੱਟਿਆ ਏ। "

ਰੱਖਾ ਅਮਲੀ ਦੁਖੀ ਜਿਹਾ ਹੋਇਆ ਇਤਲਾਹ ਦੇ ਰਿਹਾ ਸੀ।

" ਤਾਂ ਕੀ ਅਮਲੀਆ ਕੋਈ ਟਰੱਕ ਮਰੂਤੀ ਕਾਰ ਉੱਤੇ ਚੜ੍ਹ ਗਿਆ? "

ਆਪਣੇ ਘੜ੍ਹੇ ਵਰਗੇ ਢਿੱਡ ਉੱਤੇ ਪੋਲਾ ਪੋਲਾ ਹੱਥ ਫੇਰਦੇ ਹੋਏ ਐੱਸ, ਐੱਚ, ਓ, ਨੇ ਦੁਬਾਰਾ ਪੁੱਛਿਆ ਸੀ ਰੱਖੇ ਅਮਲੀ ਤੋਂ।

" ਨਹੀਂ, ਨਹੀਂ ਹਜ਼ੂਰ, ਦੋ ਤਾਂ ਅਗਨੀ ਦੀ ਭੇਟੇ ਚੜ੍ਹ ਗਏ ਨੇ, ਅਤੇ ਇਕ ਡੰਗਰਾਂ ਦੇ ਪੈਰਾਂ ਦੀ ਗੇਂਦ ਬਣ ਮਿਟਿਆ ਏ। "

ਰੱਖਾ ਹਾਲੇ ਦੱਸ ਹੀ ਰਿਹਾ ਸੀ ਕਿ ਵਿੱਚੋਂ ਹੀ ਟੋਕ ਕੇ ਐੱਸ, ਐੱਚ, ਓ, ਨੇ ਬੜੇ ਗਰਜ਼ ਪੁਣੇ ਨਾਲ ਪੁੱਛ ਲਿਆ ਸੀ।

" ਓਏ ਬਾਕੀ ਦੇ ਦੋ? "

" ਜੀ, ਜੀ ਉਹ ਲੱਗਦਾ ਏ ਇਕ ਨਾ.ਗ ਨੇ ਡੰਗ ਦਿੱਤੇ। "

ਐੱਸ, ਐੱਚ, ਓ, ਤੋਂ ਥੋੜਾ ਜਿਹਾ ਪਿੱਛੇ ਨੂੰ ਖਿਸਕਦੇ ਹੋਏ ਰੱਖੇ ਅਮਲੀ ਨੇ ਕਿਹਾ ਸੀ।

" ਓਏ ਅਮਲੀਆ, ਤੈਨੂੰ ਉਹਨਾ ਪੰਜਾਂ ਦੀ ਪਹਿਚਾਣ ਹੈ ਕਿ ਉਹ ਕੌਣ ਸਨ? "

ਐੱਸ, ਐੱਚ, ਓ, ਨੇ ਰੱਖੇ ਤੋਂ ਮਰਨ ਵਾਲਿਆਂ ਦੀ ਜਾਣਕਾਰੀ ਵਿੱਚ ਪੁੱਛਿਆ ਸੀ।

" ਜੀ, ਜੀ ਹਜ਼ੂਰ, ਮੈਨੂੰ ਪਤਾ ਹੈ, ਮੇਰੇ ਆਪਣੇ ਪਿੰਡ ਬਾਰਦੌਲੀ ਦੇ ਹੀ ਤਾਂ ਹਨ ਸਾਰੇ ਦੇ ਸਾਰੇ। "

ਰੱਖਾ ਅਮਲੀ ਉਹਨਾ ਦੇ ਨਾਮ ਦੱਸਣ ਲੱਗ ਪਿਆ ਸੀ।

" ਸਿਕੰਦਰ, ਜਗਤਾਰ ਜੱਗੀ, ਠਰਕੀ ਚਾਚਾ, ਮੁਹੰਮਦ-ਖ਼ਾਨ ਦੀ ਧੀ ਨੂਰਾਂ, ਅਤੇ ਬਾਰਦੌਲੀ ਦੇ ਜ਼ੈਲਦਾਰ ਬਲਜੀਤ ਸਿਓਂ ਦਾ ਵਿਚਕਾਰਲਾ ਮੂੰਡਾ ਮਨਪ੍ਰੀਤ ਸਿੰਘ। "

ਰੱਖੇ ਅਮਲੀ ਨੇ ਤਰਤੀਬ ਬਾਰ ਸਾਰੇ ਮਰਨ ਵਾਲਿਆਂ ਦੇ ਨਾਮ ਲਿਖਾ ਦਿੱਤੇ ਸਨ ਐੱਸ, ਐੱਚ, ਓ, ਨਾਇਨਸਾਨ ਸਿੰਘ ਨੂੰ।

" ਅੱਛਾ, ਅੱਛਾ, ਆਪਣੇ ਜ਼ੈਲਦਾਰ ਦਾ ਮੂੰਡਾ ਵੀ ਮਾਰਿਆ ਗਿਆ ਇਸ ਹੱਤਿਆ ਕਾਂਡ ਵਿੱਚ? "

ਐੱਸ, ਐੱਚ, ਓ, ਹੁਣ ਆਪਣੀ ਅਫ਼ਸਰੀ ਦੇ ਲਹਿਜ਼ੇ ਵਿੱਚ ਕਹਿੰਦਾ ਹੋਇਆ ਆਪਣੀ ਕੁਰਸੀ ਤੋਂ ਉੱਠ ਖੜੋਇਆ ਸੀ।

"ਹਾਂ ਸਰਕਾਰ ਜੀ, ਛੇਤੀਂ ਛੇਤੀਂ ਚਲੋ, ਬਹੁਤ ਲੋਹੜਾ ਹੋਇਆ ਹੈ। ਚੰਗੀ ਮਰਾਸੀਆਂ ਦੀ ਬੁੜ੍ਹੀ ਸੁਭੈਦਾਂ ਈਦ ਵਾਲੇ ਦਿਨ ਦੀ ਮਰੀ ਆ, ਸਾਲ੍ਹਾ ਰੋਜ਼ ਹੀ ਕਿਸੇ ਨਾ ਕਿਸੇ ਨੂੰ ਬੁਲਾਵਾ ਆ ਜਾਂਦਾ ਹੈ।"

ਰੱਖਾ ਅਮਲੀ ਹੱਥ ਜੋੜੀ ਬੈਠਾ ਮਰਾਸੀਆਂ ਦੀ ਬੁੜ੍ਹੀ ਸੁਭੈਦਾਂ ਨੂੰ ਕੋਸਦਾ ਹੋਇਆ ਚੌਂਕੀ ਅੰਦਰ ਖੱਲਾਂ ਖੂੰਝਿਆਂ ਚੋਂ ਆ ਰਹੀ ਮੁਲਾਜ਼ਮਾਂ ਦੀ ਘੁਸਰ ਮੁਸਰ ਦੀ ਅਵਾਜ਼ ਨੂੰ ਸੁਣਨ ਦੀ ਕੋਸ਼ਿਸ਼ ਕਰਦਾ ਕਰਦਾ ਕਹਿ ਰਿਹਾ ਸੀ, ਜਹਿੜੇ ਮੁਲਾਜ਼ਮ ਸ਼ਾਇਦ ਦਿਵਾਲੀ ਵਾਲੀ ਰਾਤ ਦੇ ਇਕੱਠੇ ਕੀਤੇ ਮਾਲ ਦੇ ਆਪਸ ਵਿੱਚ ਹਿੱਸੇ ਪਾ ਰਹੇ ਸਨ ਐੱਸ, ਐੱਚ, ਓ, ਤੋਂ ਚੋਰੀਂ ਚੋਰੀਂ।

ਰੋਜ਼-ਨਾਮਾ ਮੁਕੰਮਲ ਕਰ ਕੇ ਆਪਣੇ ਲੱਕ ਦੁਆਲੇ ਬੈੱਲਟ ਨਾਲ ਲਮਕਦੇ ਮਾਊਜ਼ਰ ਤੇ ਹੱਥ ਫੇਰਦਾ ਹੋਇਆ ਮੁਲਾਜ਼ਮਾਂ ਨੂੰ ਬੁਲਾਣ ਲਈ ਅਵਾਜ਼ਾਂ ਮਾਰਨ ਲੱਗ ਪਿਆ ਸੀ ਐੱਸ, ਐੱਚ, ਓ।

" ਬਾਹਰ ਨਿਕਲੋ ਓਏ ਮੂੰਡਿਓ, ਦੇਖੋ ਰੱਖਾ ਅਮਲੀ ਆਪਣੇ ਲਈ ਨਿਓਂਦਾ ਲੈ ਕੇ ਆਇਆ ਹੈ। "

ਐੱਸ, ਐੱਚ, ਓ, ਦੀ ਭਾਰੀ ਅਤੇ ਡਰਾਉਣੀ ਜਹੀ ਅਵਾਜ਼ ਸਰ੍ਹਾਂ ਦੇ ਹਰ ਕਮਰੇ ਵਿੱਚ ਸੁਣਾਈ ਦਿੱਤੀ ਸੀ। ਮੁਲਾਜ਼ਮ ਆਪਣੇ ਬੌਸ ਦੀ ਅਵਾਜ਼ ਸੁਣ ਕੇ ਕਮਰਿਆਂ ਵਿੱਚੋਂ ਇੰਝ ਬਾਹਰ ਨਿਕਲੇ ਸਨ ਜਿਵੇਂ ਖੁੱਡ ਵਿੱਚ ਪਾਣੀ ਪਾਣ ਕਰਕੇ ਚੂਹੇ ਖੁੱਡ ਚੋਂ ਬਾਹਰ ਵੱਲ ਨੂੰ ਭੱਜਦੇ ਨੇ। ਪਲਾਂ ਵਿੱਚ ਹੀ ਦਰਜ਼ਨ ਤੋਂ ਵੱਧ ਸਿਪਾਹੀ ਰੈਡੀ ਹੋ ਕੇ ਹਾਜ਼ਰ ਹੋ ਗਏ ਸਨ।

" ਚੱਲ ਓਏ ਸਾਲ੍ਹਿਆ ਅਮਲੀਆ, ਤੂੰ ਵੀ ਬੈਠ ਗੱਡੀ ਵਿੱਚ। "

ਇਕ ਕਪੜੇ ਜ਼ਿਆਦਾ ਅਤੇ ਸਰੀਰ ਘੱਟ ਵਾਲੇ (ਜਾਣੀ ਤੂਤ ਦੀ ਸੁੱਕੀ ਟਾਹਣੀ ਵਰਗੇ ) ਏ, ਐੱਸ, ਆਈ, ਨੇ ਬਾਹਰ ਖੜੀ ਮਾਟਾਡੋਰ ਵੱਲ ਨੂੰ ਇਸ਼ਾਰਾ ਕਰਕੇ ਰੱਖੇ ਦੀ ਧੌਣ ਉੱਤੇ ਧੱਫਾ ਜਿਹਾ ਮਾਰਦੇ ਹੋਏ ਨੇ ਕਿਹਾ ਸੀ, ਮਾਟਾਡੋਰ ਵਾਲਾ ਵਿਚਾਰਾ ਹਰ ਰੋਜ਼ ਦੀ ਤਰਾਂ ਇਹਨਾ ਸਾਲ੍ਹਿਆਂ ਪਤੰਦਰਾਂ ਦੀ ਚੌਂਕੀ ਭਰਨ ਆਪਣੀ ਵਾਰੀ ਲਾਉਣ ਲਈ ਆਇਆ ਹੋਇਆ ਸੀ। ਵੈਸੇ ਤਾਂ ਸਰਕਾਰ ਨੇ ਪੁਲੀਸ ਵਾਲਿਆਂ ਲਈ ਸਰਕਾਰੀ ਜੀਪਾਂ ਦਿੱਤੀਆਂ ਹੋਈਆਂ ਸਨ ਅਤੇ ਗਡੀਆਂ ਵਿੱਚ ਪਾਉਣ ਲਈ ਤੇਲ ਦਾ ਖ਼ਰਚਾ ਤੇ ਗੱਡੀਆਂ ਚਲਾਉਣ ਲਈ ਡਰਾਈਵਰ ਵੀ ਰੱਖੇ ਹੋਏ ਹੁੰਦੇ ਹਨ, ਪਰ ਫਿਰ ਵੀ ਇਹ ਠਾਣਿਆਂ ਵਾਲੇ ਕਿਸੇ ਪਾਸੇ ਨੂੰ ਵੀ ਜਾਣ ਲਈ ਮਾਟਾਡੋਰ ਵੱਸ ਸਟੈਂਡ ਤੋਂ ਹੀ ਲਿਆਉਂਦੇ ਹਨ, ਮਾਟਾਡੋਰ ਵਾਲਿਆਂ ਦੀ ਮਜ਼ਬੂਰੀ ਇਹ ਹੁੰਦੀ ਹੈ ਕਿ ਉਹ ਹਰ ਰੂਟ ਤੇ ਬਿਨਾ ਪਰਮੈਂਟ ਦੇ ਸਵਾਰੀਆਂ ਢੋਣ ਦਾ ਕੰਮ ਕਰਦੇ ਹਨ ਆਪਣੀ ਰੋਟੀ-ਰੋਜ਼ੀ ਦਾ ਸਿਲਸਿਲਾ ਜ਼ਾਰੀ ਰੱਖਣ ਲਈ, ਇਸ ਕਰਕੇ ਉਹ

ਜਿੰਨੇ ਵੀ ਬਿਨਾ ਪਰਮੈਂਟ ਤੋਂ ਗੱਡੀਆਂ ਚਲਾਉਂਦੇ ਹਨ ਉਹ ਰਜ਼ਾਮੰਦੀ ਨਾਲ ਹੀ ਵਾਰੀ ਸਿਰ ਨਾ ਚਾਹੁੰਦੇ ਹੋਏ ਵੀ ਇਹਨਾ ਪੁਲੀਸ ਵਾਲੇ ਪਤੰਦਰਾਂ ਦੀ ਹਾਜ਼ਰੀ ਭਰਨ ਲਈ ਆ ਜਾਂਦੇ ਹਨ, ਜੋ ਪੁਲੀਸ ਵਾਲੀਆਂ ਗੱਡੀਆਂ ਲਈ ਸਰਕਾਰ ਵਲੋਂ ਤੇਲ ਦਾ ਖ਼ਰਚਾ ਮਿਲਦਾ ਹੈ ਉਸ ਮਾਇਆ ਨੂੰ ਇਹ ਖ਼ੁਦ ਹੀ ਬੁਕਲ੍ਹ ਵਿੱਚ ਲੈ ਲੈਂਦੇ ਹਨ ਅਤੇ ਜੋ ਡਰਾਈਵਰ ਸਰਕਾਰ ਨੇ ਠਾਣੇ ਦੀਆਂ ਗੱਡੀਆਂ ਚਲਾਉਣ ਲਈ ਰੱਖੇ ਹੋਏ ਹੁੰਦੇ ਹਨ ਉਹਨਾ ਤੋਂ ਇਹ ਠਾਣੇਦਾਰ ਆਪਣੇ ਘਰਾਂ ਦਾ ਕੰਮ ਕਰਵਾਉਂਦੇ ਰਹਿੰਦੇ ਹਨ ਅਤੇ ਉਹ ਸਰਕਾਰੀ ਡਰਾਈਵਰ ਆਪਣੀ ਨੌਕਰੀ ਖ਼ੁਸ ਜਾਣ ਦੇ ਦੁੱਖੋਂ ਇਹ ਸਾਰਾ ਕੁਝ ਕਰਦੇ ਰਹਿੰਦੇ ਹਨ।

" ਚੱਲ ਓਏ, ਇਹਨੂੰ ਤੋਰ ਵੀ ਹੁਣ ਆਪਣੀ ਕੁ-ਲੱਗਦੀ ਨੂੰ। "

ਮੋਹਰਲੀ ਸੀਟ ਉੱਤੇ ਬਹਿੰਦੇ ਸਾਰ ਹੀ ਐੱਸ, ਐੱਚ, ਓ, ਨੇ ਮਾਟਾਡੋਰ ਦੇ ਡਰਾਈਵਰ ਨੂੰ ਰੋਅਬ ਜਿਹਾ ਝਾੜਦੇ ਹੋਏ ਨੇ ਕਿਹਾ ਸੀ, ਮਾਟਾਡੋਰ ਦੀਆਂ ਜਿੰਨੀਆਂ ਸੀਟਾਂ ਸਨ ਉਸ ਤੋਂ ਦੁੱਗਣੇ ਸਿਪਾਹੀ ਸਣੇ ਰੱਖੇ ਅਮਲੀ ਦੇ ਬੈਠੇ ਸਨ, ਰੱਖਾ ਤਾਂ ਸੀਟਾਂ ਦੇ ਵਿਚਾਲੇ ਸਿਪਾਹੀਆਂ ਦਿਆਂ ਬੂਟਾਂ ਉੱਤੇ ਹੀ ਬੈਠ ਗਿਆ ਸੀ, ਡਰਾਈਵਰ ਨੇ ਗੱਡੀ ਨੂੰ ਸਰਾਂ ਵਿੱਚੋਂ ਬਾਹਰ ਕੱਢ ਕੇ ਬਾਈਪਾਸ ਤੋਂ ਹੁੰਦੇ ਹੋਏ ਬਾਰਦੌਲੀ ਵੱਲ ਜਾਣ ਵਾਲੀ ਸੜਕ ਤੇ ਚੜ੍ਹਾ ਲਿਆ ਸੀ।

" ਚੱਲ, ਇਹਨੂੰ ਤੋਰੀ ਵੀ ਚੱਲ ਸਾਲ੍ਹੀ ਨੂੰ, ਦੱਬ ਜ਼ਰਾ ਇਹਦੀ ਕੀੱਲੀ ਨੂੰ, ਕਿਉਂ ਪੈਰਾਂ ਵਿੱਚ ਜਾਨ ਨਹੀਂ? ਦੇਖ ਕਿੱਦਾਂ ਮੁਕਲਾਵੇ ਆਈ ਰੰਨ ਵਾਂਗੂ ਪਿਆਰ ਨਾਲ ਪੈਰ ਨੂੰ ਦੱਬਦਾ ਆ ਜਿੱਦਾਂ ਕਿਤੇ ਇਹਨੂੰ ਦੁੱਖ ਲੱਗਦਾ ਹੁੰਦਾ। "

ਇਕ ਝੁਲ੍ਹਸੇ ਜਹੇ ਦੁੱਕੀ ਕੁ ਦੇ ਸਿਪਾਹੀ ਨੇ ਮਾਟਾਡੋਰ ਦੇ ਡਰਾਈਵਰ ਬਲਕਾਰ ਦੀ ਖਿੱਲੀ ਜਹੀ ਉਡਾਉਂਦੇ ਹੋਏ ਕਿਹਾ ਸੀ ਅਤੇ ਬਲਕਾਰ ਮਜ਼ਬੂਰੀ ਦਾ ਮਾਰਿਆ ਆਪਣਾ ਸਾਰਾ ਗੁੱਸਾ ਅੰਦਰੋ ਅੰਦਰ ਹੀ ਪੀ ਕੇ ਰਹਿ ਗਿਆ ਸੀ।

" ਕੀ ਗੱਲ ਹੋ ਗਈ ਅਮਲੀਆ, ਅੱਜ ਸਵੇਰੇ-ਸਵੇਰੇ? "

ਉਹ ਸੁੱਕਾ ਜਿਹਾ, ਏ, ਐੱਸ, ਆਈ, ਗੱਡੀ ਵਿੱਚ ਬੈਠਾ ਰੱਖੇ ਤੋਂ ਪੁੱਛ ਰਿਹਾ ਸੀ।

" ਅਸਲੀ ਗੱਲ ਦਾ ਤਾਂ ਪਹੁੰਚ ਕੇ ਪਤਾ ਲੱਗੂਗਾ ਹਜ਼ੂਰ। "

ਰੱਖੇ ਨੇ ਸੀਟਾਂ ਦੇ ਵਿਚਾਲੇ ਬੈਠੇ ਨੇ ਆਪਣਾ ਮੂੰਹ ਉਤਾਂਹ ਨੂੰ ਕਰਦੇ ਹੋਏ ਨੇ ਕਿਹਾ ਸੀ।

"ਕੀ ਤੂੰ ਅਮਲੀਆ ਨਕਲੀ ਗੱਲ ਹੀ ਲੈ ਕੇ ਦੌੜਾ ਭੱਜਾ ਫਿਰਦੈਂ?"

ਇਕ ਮੁੱਛ-ਵੱਟ ਸਿਪਾਹੀ ਨੇ ਰੱਖੇ ਵੱਲ ਨੂੰ ਕੌੜਾ ਕੌੜਾ ਜਿਹਾ ਝਾਕਦੇ ਨੇ ਕਿਹਾ ਸੀ, ਅਤੇ ਬਾਕੀ ਸਾਰੇ ਸਿਪਾਹੀ ਇਸ ਗੱਲ ਉੱਤੇ ਠਹਾਕਾ ਲਗਾ ਕੇ ਹੱਸ ਪਏ ਸਨ।

" ਮਾਈ-ਬਾਪ, ਮੈਂ ਤਾਂ ਮਰੇ ਹੋਏ ਦੇਖੇ, ਤੇ ਆ ਕੇ ਸਰਕਾਰ ਨੂੰ ਦੱਸ ਦਿੱਤਾ। "

ਰੱਖੇ ਨੇ ਆਪਣੀ ਸਫ਼ਾਈ ਵਿੱਚ ਕਿਹਾ ਸੀ।

" ਤੈਨੂੰ ਸਾਲ਼ਿਆ ਜਿਊਂਦੇ ਦਿਸਦੇ ਵੀ ਕਦੋਂ ਆਂ, ਜਦੋਂ ਵੀ ਆਉਨਾ, ਵੱਸ ਮੁਰਦਿਆਂ ਦੀ ਖ਼ਬਰ ਲੈ ਕੇ ਹੀ ਆਉਨਾ ਤੂੰ, ਲੱਗਦੈ ਸਾਰੇ ਇਲਾਕੇ ਨੂੰ ਖਾਲੀ ਕਰਵਾ ਕੇ ਸਾਨੂੰ ਭੁੱਖੇ ਮਾਰਨ ਦਾ ਇਰਾਦਾ ਆ ਇਹਦਾ, ਅੱਛਾ ਹੁਣ ਕਿੰਨੇ ਮਰੇ ਨੇ? "

ਇਕ ਚੰਗਾ ਨਾਈਆਂ ਦੀ ਝੋਟੀ ਵਰਗਾ ਹਵਾਦਾਰ ਦਲੇਰ ਸਿੰਘ ਬੋਲਿਆ ਸੀ।

" ਜੀ ਜ਼ਨਾਬ, ਪੰਜ ਮਰ ਗਏ ਨੇ ਅਤੇ ਛੇਵਾਂ ਲਾ ਪਤਾ ਹੈ। "

ਰੱਖੇ ਨੇ ਉਸ ਮੋਟੇ ਹਵਾਲਦਾਰ ਵੱਲ ਆਪਣਾ ਮੂੰਹ ਘੁਮਾ ਕੇ ਕਿਹਾ ਸੀ।

" ਓ ਬਈ, ਆਪੋ ਆਪਣੀ ਪੁਜ਼ੀਸ਼ਨ ਲੈ ਕੇ ਬੈਠੋ, ਇਸ ਦਾ ਮਤਲਬ ਹੈ ਕਿ ਓਹੋ ਦੋਵੇਂ (ਅਵਤਾਰ ਸਿੰਘ ਤਾਰੀ ਅਤੇ ਜਗਤਾਰ ਸਿੰਘ ਜੱਗੀ) ਇਸ ਏਰੀਏ ਵਿੱਚ ਆ ਗਏ ਲੱਗਦੇ ਨੇ, ਪੰਜ ਮਾਰ ਕੇ ਛੇਵੇਂ ਨੂੰ ਅਗਵਾਹ ਕਰ ਲਿਆ ਹੋਣਾ, ਨਾ ਸੱਚ ਤੁਸੀਂ ਰਾਤੀਂ ਗ਼ਲਬਾ ਕਿੱਥੇ ਕਰਦੇ ਰਹੇ? ਐਧਰ ਇਹੇ ਬਾਰਦਾਤ ਹੋ ਗਈ। "

ਇਸ ਠਾਣੇ ਦਾ ਇਕ ਸਭ ਤੋਂ ਪੁਰਾਣਾ ਸਿਪਾਹੀ ਰਾਤ ਦੀ ਡਿਊਟੀ ਵਾਲੇ ਸਿਪਾਹੀਆਂ ਨੂੰ ਪੁੱਛ ਰਿਹਾ ਸੀ।

" ਬੀਅਰ ਸ਼ਾਪ ਵਿੱਚ। "

ਇਕ ਬਲੱਜ਼ ਜਹੇ ਸਿਪਾਹੀ ਨੇ ਬੇਸ਼ਰਮੀ ਦਾ ਹੱਸਾ ਹੱਸਦੇ ਹੋਏ ਨੇ ਜ਼ਵਾਬ ਦਿੱਤਾ ਸੀ, ਅਤੇ ਬਾਕੀ ਸਾਰੇ ਸਿਪਾਹੀ ਵੀ ਉਸ ਤਰਾਂ ਦਾ ਹਾਸਾ ਹੱਸਣ ਲੱਗ ਪਏ ਸਨ, ਬੇ ਫ਼ਿਕਰ ਵਿਆਹ ਜਾਂਦੇ ਮੇਲੁ ਵਾਲਾ ਹਾਸਾ। ਰੱਖਾ ਚੁੱਪ ਕਰਕੇ ਤਾਂ ਬੈਠਾ ਸੀ ਪਰ ਏਹੇ ਬੇ ਵਕਤਾ ਹਾਸਾ ਸੂਲ਼ਾਂ ਵਾਂਗੂ ਚੁੱਭ ਰਿਹਾ ਸੀ ਰੱਖੇ ਅਮਲੀ ਨੂੰ।

ਪਰ ਵਿਚਾਰਾ ਗਰੀਬ ਕਰ ਵੀ ਤਾਂ ਕੁਝ ਨਹੀਂ ਸੀ ਸਕਦਾ।

" ਓਏ ਰੱਖਿਆ, ਤੇਰਾ ਵੀ ਕੋਈ ਮਰ ਗਿਆ ਇਹਨਾ ਵਿੱਚ? "

ਇਕ ਹੋਰ ਸਿਪਾਹੀ ਨੇ ਪੁੱਛਿਆ ਸੀ ਰੱਖੇ ਤੋਂ।

" ਜੀ ਨਹੀਂ। "

ਰੱਖੇ ਨੇ ਨੀਵੀਂ ਜਹੀ ਪਾ ਕੇ ਜਵਾਬ ਦਿੱਤਾ ਸੀ।

" ਫਿਰ ਤੂੰ, ਮੂੰਹ ਕਾਹਤੋਂ ਵੱਟੀ ਬੈਠੈਂ ਮਾਮਾ, ਕੁੜੀ ਦੱਬ ਕੇ ਆਇਆਂ ਵਾਂਗੂ? "

ਇਕ ਹੋਰ ਸਿਪਾਹੀ ਬੋਲਿਆ ਸੀ।

" ਓਏ ਅਮਲੀਆ, ਕਿਹੜੇ ਪਾਸੇ ਹੋਈ ਹੈ ਬਾਰਦਾਤ? "

ਹੁਣ, ਏ, ਐਸ, ਆਈ ਨੇ ਜਗ੍ਹਾ ਵਾਰੇ ਪੁੱਛਿਆ ਸੀ ਰੱਖੇ ਤੋਂ।

"ਜੀ ਸਾਹਿਬ, ਨਹਿਰ ਦੇ ਰੇਲ ਗੱਡੀ ਵਾਲੇ ਪੁਲੁ ਕੋਲੇ ਨੇ ਓਹੋ ਸਿਵੇ। "

ਰੱਖੇ ਨੇ ਉਹਨੂੰ ਦੱਸਿਆ ਸੀ।

" ਅੱਛਾ-ਅੱਛਾ, ਰੇਲਵੇ ਦੇ ਪੁਲ਼ ਕੋਲ? ਮੈਨੂੰ ਪਹਿਲਾਂ ਹੀ ਸ਼ੱਕ ਸੀ ਕਿ ਇਸ ਪੁਲ਼ ਤੇ ਕਦੇ ਨਾ ਕਦੇ ਕੋਈ ਬਾਰਦਾਤ ਜ਼ਰੂਰ ਹੋਊਗੀ, ਇਸ ਦਾ ਮਤਲਬ ਹੈ ਜ਼ਰੂਰ ਪੁਲ਼ ਲਾਗਲੇ ਮਲ੍ਹਿਆਂ, ਝੀਂਡਿਆਂ ਵਿੱਚ ਉਹ ਅੱਤਵਾਦੀ ਲੁਕੇ ਹੋਏ ਹੋਣਗੇ। "

ਇਕ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਣ ਵਾਲਾ ਸਿਪਾਹੀ ਕਹਿ ਰਿਹਾ ਸੀ।

" ਮੈਂ ਕਿਆ, ਸਰਕਾਰ ਗੱਡੀ ਇਥੇ ਪੁਲ਼ ਦੇ ਲਾਗੇ ਹੀ ਰੋਕ ਲਵੋ। "

ਰੱਖੇ ਦੇ ਇਸ ਤਰਾਂ ਕਹਿਣ ਨਾਲ ਸਾਰੇ ਸਿਪਾਹੀ ਤੁਰੰਤ ਹਰਕਤ ਵਿੱਚ ਆ ਗਏ ਸਨ, ਮਾਟਾਡੋਰ ਰੁਕ ਗਈ ਸੀ ਰੇਲ ਦੇ ਪੁਲ਼ ਤੋਂ ਪਹਿਲਾਂ ਹੀ ਨਹਿਰ ਦੀ ਪਟੜ੍ਹੀ ਉੱਤੇ, ਸਾਰੇ ਸਿਪਾਹੀ ਛਾਲ੍ਹਾਂ ਮਾਰ ਕੇ ਉੱਤਰੇ ਸਨ ਮਾਟਾਡੋਰ ਵਿੱਚੋਂ, ਪੁਲੀਸ ਵਾਲਿਆਂ ਦੀ ਨਜ਼ਰ ਚਾਰੇ ਪਾਸੇ ਘੁੰਮਦੀ ਰੇਲ ਦੀ ਪਟੜ੍ਹੀ ਦੇ ਦੂਸਰੇ ਪਾਸੇ ਬਣੀਆਂ ਮੜ੍ਹੀਆਂ ਤੇ ਜਾ ਰੁਕੀ ਸੀ, ਰੱਖਾ ਅਮਲੀ ਪੁਲੀਸ ਪਾਰਟੀ ਨੂੰ ਚੜ੍ਹਦੀ ਵੱਲ ਨੂੰ ਲੈ ਤੁਰਿਆ ਸੀ ਨਹਿਰ ਦੀ ਪਟੜ੍ਹੀ ਪਟੜ੍ਹੀ ਉੱਤੇ, ਘਟਨਾ ਸੈਂਸੀਆਂ ਦੇ ਸਿਵਿਆਂ ਵਿੱਚ ਘਟੀ ਸੀ, ਖ਼ੇਤ ਕੁ ਭਰ ਦੀ ਥਾਂ ਨੂੰ ਰੁੱਖਾਂ ਤੇ ਕੰਡੇ-ਦਾਰ ਝਾੜੀਆਂ ਨੇ ਢਕ ਰੱਖਿਆ ਸੀ ਢੱਕੀ ਵਾਂਗੂ, ਮੜ੍ਹੀਆਂ ਦੇ ਇਕ ਪਾਸੇ ਕੁਝ ਜ਼ਗ੍ਹਾ ਪਧੱਰੀ ਜਹੀ ਪਈ ਸੀ ਉਸ ਥਾਂ ਤੇ ਇਕ ਆਦਮ ਕੱਦ ਮੜ੍ਹੀ ਸੀ ਜਿਸ ਦੇ ਪੈਰਾਂ ਵਿੱਚ ਪਈਆਂ ਸਨ ਦੋ ਲਾਸ਼ਾਂ, ਜਮੀਨ ਉੱਤੇ ਵਿਖਰੀਆਂ ਹੋਈਆਂ ਰੰਗ-ਬਰੰਗੀਆਂ ਵੰਗਾਂ ਅਤੇ ਖਿਲਰੀ ਹੋਈ ਮਠਿਆਈ, ਰੁੱਖਾਂ ਦੀਆਂ ਟਹਿਣੀਆਂ ਨਾਲ ਲਟਕਦੇ ਰੰਗੀਨ ਰੀਬਨਾ ਦੇ ਟੁੱਕੜੇ, ਇਕ ਲਾਸ਼ ਦੇ ਹੱਥ ਵਿੱਚ ਮਰ ਚੁੱਕਿਆ ਲਾਸ਼ ਦੇ ਕੱਦ ਬਰਾਬਰ ਲੰਬਾ ਨਾਗ਼, ਲਾਸ਼ਾਂ ਦੀ ਥੋੜੀ ਦੂਰੀ ਤੇ ਪਿਆ ਸੂਹਾ ਲਾਲ ਦੁੱਪਟਾ, ਇਹ ਸਭ ਕੁਝ ਦੇਖ ਕੇ ਇੰਝ ਲੱਗਦਾ ਸੀ ਜਿਵੇਂ ਇਥੇ ਖ਼ੁਸ਼ੀਆਂ ਅਤੇ ਗ਼ਮੀਆਂ ਦੇ ਦੋ ਸੁਅੰਬਰ ਇਕ ਸਾਥ ਹੋਏ ਹੋਣ।

ਜ਼ੈਲਦਾਰ ਨੇ ਸੁਨੇਹਾ ਭੇਜ ਕੇ ਨਾਥਾਂ ਦੇ ਡੇਰੇ ਤੋਂ ਮਣੀ ਨਾਥ ਸਪੇਰੇ ਨੂੰ ਬੁਲਾ ਲਿਆ ਸੀ, ਲਾਸ਼ਾਂ ਦੇ ਕੋਲ ਮਰੇ ਪਏ ਨਾਗ਼ ਨੂੰ ਦੇਖਦੇ ਹੀ ਜ਼ੈਲਦਾਰ ਨੇ ਆਪਣੇ ਕਾਮੇ ਨੂੰ ਨੱਥਾਂ ਦੇ ਡੇਰੇ ਵੱਲ ਦੁੜ੍ਹਾ ਦਿੱਤਾ ਸੀ ਤੇ ਕਾਮਾ ਆਪਣੇ ਸਾਈਕਲ ਤੇ ਹੀ ਮਣੀ ਨਾਥ ਸਪੇਰੇ ਨੂੰ ਬਿਠਾ ਕੇ ਲੈ ਆਇਆ ਸੀ। ਮਣੀ ਨਾਥ ਨੇ ਆਉਂਦੇ ਸਾਰ ਹੀ ਉਥੇ ਖੜ੍ਹੇ ਸਾਰੇ ਲੋਕਾਂ ਨੂੰ ਲਾਸ਼ਾਂ ਕੋਲੋਂ ਥੋੜ੍ਹਾ ਥੋੜ੍ਹਾ ਦੂਰ ਹੋ ਕੇ ਖੜ੍ਹਨ ਲਈ ਕਹਿ ਦਿੱਤਾ ਸੀ ਅਤੇ ਆਪ ਲਾਸ਼ਾਂ ਨੂੰ ਭਾਂਪਣ ਲੱਗ ਪਿਆ ਸੀ।

" ਜ਼ੈਲਦਾਰ ਜੀ! ਇਹ ਤਾਂ ਕਿਤੇ ਰਾਤ ਦੇ ਹੀ ਮਰੇ ਲੱਗਦੇ ਨੇ। "

ਮਣੀ ਨਾਥ ਸਪੇਰੇ ਨੇ ਦੋਹਾਂ ਲਾਸ਼ਾਂ ਦੀਆਂ ਚੰਗੀ ਤਰਾਂ ਨਬਜ਼ਾਂ ਟੋਹਣ ਤੋਂ ਬਾਅਦ ਵਿੱਚ ਕਿਹਾ ਸੀ, ਮਣੀ ਨਾਥ ਸਪੇਰੇ ਦੇ ਮੂੰਹੋਂ ਇਹ ਗੱਲ ਸੁਣ ਕੇ ਉਥੇ ਇਕੱਠੇ ਹੋਏ ਲੋਕੀ ਆਪਸ

ਵਿੱਚ ਘੁਸਰ ਮੁਸਰ ਕਰਨ ਲੱਗ ਪਏ ਸਨ, ਜ਼ੈਲਦਾਰ ਮੁੜ੍ਹ ਮੁੜ੍ਹ ਕੇ ਆਪਣੇ ਮੁੰਡੇ ਦੀ ਲਾਸ਼ ਵੱਲ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਦੇ ਛੋਟੇ ਮੁੰਡੇ ਹਰਜੀਤ ਅਤੇ ਕੁਝ ਹੋਰ ਲੋਕਾਂ ਨੇ ਉਸਨੂੰ ਦੋਹਾਂ ਬਾਹਾਂ ਤੋਂ ਫੜ੍ਹ ਕੇ ਸਾਂਭਿਆ ਹੋਇਆ ਸੀ। ਜ਼ੈਲਦਾਰ ਦੀਆਂ ਅੱਖਾਂ ਅੱਗੇ ਉਸ ਦੀ ਦੁਨੀਆਂ ਦਾ ਇਕ ਸਿਤਾਰਾ ਟੁੱਟਾ ਪਿਆ ਸੀ ਅਤੇ ਉਹ ਕੁਝ ਵੀ ਨਹੀਂ ਸੀ ਕਰ ਸਕਦਾ, ਟੁੱਟੇ ਹੋਏ ਸਿਤਾਰੇ ਨੂੰ ਹੱਥ ਤੱਕ ਨਹੀਂ ਸੀ ਲਗਾ ਸਕਦਾ।

ਇਕ ਬਜ਼ੁਰਗ ਕਹਿ ਰਿਹਾ ਸੀ।

" ਜ਼ੈਲਦਾਰਾ, ਹੌਂਸਲਾ ਰੱਖ, ਜੋ ਭਾਣਾ ਵਰਤਣਾ ਸੀ ਉਹ ਤਾਂ ਹੁਣ ਵਰਤ ਗਿਆ ਹੈ, ਹੋਣੀ ਅੱਗੇ ਕੋਈ ਜ਼ੋਰ ਵੀ ਤਾਂ ਨਹੀ ਹੈ ਕਿਸੇ ਦਾ, ਨਾਲੇ ਲਾਸ਼ਾਂ ਤਾਂ ਜ਼ਹਿਰ ਨਾਲ ਨੀਲੀਆਂ ਹੋਈਆਂ ਪਈਆਂ ਨੇ, ਇਹਨਾ ਨੂੰ ਛੂਹਣਾ ਵੀ ਤਾਂ ਠੀਕ ਨਹੀਂ ਹੈ, ਇਹ ਤਾਂ ਕਮਲਿਆ ਮਿੱਟੀ ਦੀਆਂ ਢੇਰੀਆਂ ਹਨ ਹੁਣ, ਅਤੇ ਮਿੱਟੀ ਦੇ ਵਿੱਚ ਗੁਆਚੇ ਲਾਲ ਵੀ ਕਦੇ ਕਿਸੇ ਨੂੰ ਵਾਪਸ ਮਿਲੇ ਨੇ? ਕਿਸੇ ਨੇ ਸੱਚ ਹੀ ਤਾਂ ਕਿਹਾ ਹੋਇਆ ਹੈ ਕਿ"

" ਮਿੱਟੀ ਨਾ ਫ਼ਰੋਲ੍ਹ ਯੋਗੀਆ,<br>
ਕਦੇ ਲੱਭਣੇ ਨਾ ਲਾਲ ਗੁਆਚੇ "

" ਹੁਣ ਰੱਬ ਦਾ ਭਾਣਾ ਮਿੱਠਾ ਕਰਕੇ ਮੰਨੋ। "

" ਕਰੇ ਕਰਾਵੇ ਆਪੇ ਆਪਿ,<br>
ਮਾਨੁਸ ਦੇਹ ਦੇ ਕੁਝ ਨਾ ਹਾਥ "

" ਮੇਰੀ ਮੰਨੋਂ ਤਾਂ ਇਹਨਾ ਲਾਸ਼ਾਂ ਨੂੰ ਹੁਣ ਏਥੋਂ ਹਲਾਉਣ ਦੀ ਕੋਸ਼ਿਸ਼ ਨਾ ਹੀ ਕਰਿਓ ਤਾਂ ਚੰਗਾ ਹੋਵੇਗਾ, ਕਿਓਂ ਕਿ ਹੁਣ ਇਹਨਾ ਨੂੰ ਚੱਕਣ ਥੱਲਣ ਦਾ ਕੋਈ ਲਾਭ ਨਹੀਂ, ਸਗੋਂ ਇਹਨਾ ਨੂੰ ਹੱਥ ਲਾਉਣਾ ਵੀ ਖ਼ਤਰਨਾਖ਼ ਸਿੱਧ ਹੋ ਸਕਦਾ ਹੈ, ਇਸ ਕਰਕੇ ਇਹਨਾ ਦਾ ਇਥੇ ਹੀ ਕਿਰਿਆ ਕਰਮ, ਸੰਸਕਾਰ ਵਗੈਰਾ ਕਰ ਦਿਓ । "

" ਹੇ ਮਾਲਿਕ ਤੂੰ ਹੀ ਤੂੰ ਹੈਂ। "

ਕਹਿੰਦਾ ਹੋਇਆ ਉਥੇ ਲੱਗੀ ਭੀੜ੍ਹ ਵਿੱਚੋਂ ਆਪਣੇ ਇਕ ਹੱਥ ਨਾਲ ਮੋਢੇ ਉੱਤੇ ਲਟਕਦੇ ਸਾਫ਼ੇ ਦੇ ਲੜ੍ਹ ਨਾਲ ਆਪਣੀਆਂ ਅੱਖਾਂ ਵਿੱਚੋਂ ਵਗਦੇ ਹੰਝੂ ਪੂੰਝਦਾ ਹੋਇਆ ਅਤੇ ਦੂਜੇ ਹੱਥ ਫੜ੍ਹੀ ਹੋਈ ਸੋਟੀ ਦੇ ਸਹਾਰੇ ਹੌਲ੍ਹੀ ਹੌਲ੍ਹੀ ਬਾਹਰ ਵੱਲ ਨੂੰ ਤੁਰ ਪਿਆ ਸੀ ਤਾਇਆ ਮਿਲਖ਼ਾ ਸਿਓਂ।

ਲਾਸ਼ਾਂ ਦਾ ਰੰਗ ਹੋਰ ਗੂੜ੍ਹਾ ਨੀਲਾ ਹੋਈ ਜਾ ਰਿਹਾ ਸੀ ਅਤੇ ਦੇਖਣ ਵਾਲਿਆਂ ਵਿੱਚ ਕੋਹਰਾਮ ਵਧ ਰਿਹਾ ਸੀ ਲਾਸ਼ਾਂ ਨੂੰ ਦੇਖ ਦੇਖ ਕੇ, ਜ਼ੈਲਦਾਰ ਬਲਜੀਤ ਸਿੰਘ ਦੇ ਸਾਰੇ ਪ੍ਰੀਵਾਰ ਦੀ ਹਾਲਤ ਬਹੁਤ ਹੀ ਤਰਸਯੋਗ ਹੋ ਰਹੀ ਸੀ, ਉਹਨਾ ਵੱਲ ਦੇਖ ਕੇ ਹਰ ਅੱਖ ਹੰਝੂ ਕੇਰਨ

ਲਈ ਮਜ਼ਬੂਰ ਹੋ ਹੋ ਜਾਂਦੀ, ਦਰਦਨਾਕ, ਕਿਸੇ ਭਿਆਨਕ, ਪਰ ਹੁਸੀਨ ਸੁਪਨੇ ਵਰਗੇ ਸੱਚ ਦਾ ਨਜ਼ਾਰਾ ਦੇਖ ਕੇ।

" ਪੁਲਿਸ ਆ ਗਈ ਏ ਪਿਤਾ ਜੀ! "

ਜ਼ੈਲਦਾਰ ਦੇ ਦੂਸਰੇ ਲੜਕੇ ਕੁਲਦੀਪ ਸਿੰਘ ਨੇ ਆਪਣੇ ਪਿਤਾ ਨੂੰ ਕਿਹਾ ਸੀ।

" ਇਹਨਾ ਦਾ ਏਥੇ ਹੁਣ ਕੋਈ ਕੰਮ ਨਹੀਂ ਰਿਹਾ, ਇਹਨਾ ਨੂੰ ਕਹੋ ਵਾਪਸ ਚਲੇ ਜਾਣ। "

ਜ਼ੈਲਦਾਰ ਨੇ ਆਪਣੇ ਬੇਲੀ ਐਸ, ਐਚ, ਓ, ਨੂੰ ਜਿਧਰ ਲਾਸ਼ਾਂ ਪਈਆਂ ਸਨ ਉਸ ਪਾਸੇ ਵੱਲ ਜਾਂਦੇ ਦੇਖ ਕੇ ਕਿਹਾ ਸੀ, ਅੱਖਾਂ ਮੂਹਰੇ ਪਈ ਗੱਭਰੂ ਪੁੱਤ ਦੀ ਲਾਸ਼ ਦੇਖ ਕੇ ਮਨ ਮਰ ਗਿਆ ਸੀ ਜ਼ੈਲਦਾਰ ਬਲਜੀਤ ਸਿੰਘ ਦਾ। ਉਥੇ ਇੱਕਠੀ ਹੋਈ ਲੋਕਾਂ ਦੀ ਭੀੜ ਵਾਲੇ ਸਾਰੇ ਲੋਕੀ ਇਸ ਹਾਦਸੇ ਦੀ ਹਕੀਕਤ ਦੀ ਵਜਾ ਜਾਨਣ ਲਈ ਬਹੁਤ ਉਤਸਕ ਸਨ, ਚੁੱਪ ਚਾਪ ਖੜੇ ਲੋਕਾਂ ਦੇ ਹੈਰਾਨ ਚੇਹਰੇ ਅੱਖਾਂ ਅੱਡੀ ਖੜੇ ਸਨ ਇਕ ਦਮ ਅਣਡਿੱਠਾ ਦਰਿਸ਼ ਦੇਖ ਕੇ, ਲਾਸ਼ਾਂ ਦੇ ਮੁੱਢ ਖੜਾ ਬਿਟ ਬਿਟ ਝਾਕ ਰਿਹਾ ਸੀ ਐਸ, ਐਚ, ਓ, ਉਸ ਦੀ ਧਰਨ ਵੀ ਹਲੂਣਾ ਖਾ ਗਈ ਸੀ, ਪਰ ਡਿਊਟੀ ਵਜੋਂ ਉਹ ਖੜਾ ਦੇਖ ਰਿਹਾ ਸੀ, ਜ਼ਹਿਰ ਨਾਲ ਸ਼ਾਹ ਨੀਲੀਆਂ ਹੋਈਆਂ ਲਾਸ਼ਾਂ ਵਿੱਚੋਂ ਕਿਧਰੇ ਮਹਾਤਮਾ ਗਾਂਧੀ ਦੇ ਚਹਿਰੇ ਵਾਲੇ ਹਰੇ ਹਰੇ ਨੋਟ ਨਜ਼ਰ ਨਹੀਂ ਆ ਰਹੇ ਸਨ, ਅਤੇ ਬਿਨਾ ਨੋਟਾਂ ਤੋਂ ਜ਼ਹਿਰ ਨਾਲ ਮੱਥਾ ਮਾਰਨਾ ਖ਼ਤਰੇ ਤੋਂ ਖ਼ਾੱਲੀ ਨਹੀਂ ਸੀ ਲੱਗ ਰਿਹਾ ਐਸ, ਐਚ, ਓ, ਜਸਕੀਰਤ ਸਿੰਘ ਨੂੰ।

" ਹਾਂ ਬਈ, ਕਿੱਦਾਂ ਕੁਛ ਪਿਆ ਨਜ਼ਰ? "

ਐਸ, ਐਚ, ਓ, ਆਪਣੇ ਲਾੱਗੇ ਖੜੇ ਏ, ਐਸ, ਆਈ, ਤੋਂ ਪੁੱਛ ਰਿਹਾ ਸੀ।

" ਸਰ, ਇਹ ਦੋਵੇਂ ਤਾਂ ਯਕੀਨਨ ਇਥੇ ਲਾਗੇ ਮਰੇ ਪਏ ਸਾਲ੍ਹੇ ਸੱਪ ਦਾ ਹੀ ਕਾਰਾ ਲੱਗਦਾ ਆ, ਇੰਝ ਲੱਗਦਾ ਹੈ ਕਿ ਪਹਿਲਾਂ ਸੱਪ ਨੇ ਇਹਨਾ ਨੂੰ ਡੰਗ ਮਾਰਿਆ ਹੋਊ ਅਤੇ ਫਿਰ ਸੱਪ ਨੂੰ ਇਹਨਾ ਨੇ "

ਏ, ਐਸ, ਆਈ, ਆਪਣੇ ਸਾਹਿਬ ਨੂੰ ਦੱਸ ਰਿਹਾ ਸੀ।

" ਅੱਛਾ, ਫਿਰ ਹੁਣ ਕੀ ਵਿਚਾਰ ਹੈ? "

ਐਸ, ਐਚ, ਓ, ਨੇ ਆਪਣੇ ਏ, ਐਸ, ਆਈ, ਵੱਲ ਅੱਖ ਦਾ ਇਸ਼ਾਰਾ ਕਰਦੇ ਹੋਏ ਪੁੱਛਿਆ ਸੀ।

" ਸਰ, ਮੈਂ ਨਿਪਟਦਾਂ ਏਥੇ ਇਹਨਾ ਨਾਲ ਬਣਾਉਂਦਾ ਇਹਨਾ ਦਾ ਪੰਚ-ਨਾਵਾਂ ਪਰ ਤੁਸੀਂ ਲਓ ਰੱਖੋ ਅਮਲੀ ਨੂੰ ਆਪਣੇ ਨਾਲ ਅਤੇ ਬਾਕੀ ਦੇ ਤਿੰਨਾ ਨੂੰ ਲੱਭੋ, ਕਿਤੇ ਦੂਜਿਆਂ ਤਿੰਨਾ ਦੇ ਤਾਂ ਸੱਪ ਨਹੀਂ ਨਾ ਲੜਿਆ ਹੋਣਾ...। "

ਏ, ਐਸ, ਆਈ, ਪੰਚ-ਨਾਵਾਂ ਬਣਾਉਣ ਲਈ ਆਪਣੇ ਹੱਥਾਂ ਵਿੱਚ ਫ਼ੜ੍ਹੀ ਕਲਮ ਕਾਪੀ ਨੂੰ ਸਿੱਧਾ ਪੁੱਠਾ ਕਰਦੇ ਹੋਏ ਐਸ, ਐਚ, ਓ, ਨੂੰ ਕਹਿ ਰਿਹਾ ਸੀ, ਅਤੇ ਐਸ, ਐਚ, ਓ, ਨੂੰ ਆਪਣੇ ਜੂਨੀਅਰ ਅਫ਼ਸਰ ਦੀ ਇਹ ਕਹੀ ਹੋਈ ਗੱਲ ਜਚ ਗਈ ਸੀ ਅਤੇ ਓਹ ਰੱਖੇ ਅਮਲੀ ਸਮੇਤ ਅੱਧੀ ਕੁ ਦਰਜ਼ਨ ਸਿਪਾਹੀਆਂ ਨੂੰ ਆਪਣੇ ਪਿੱਛੇ ਲਾਈ ਤੁਰ ਪਿਆ ਸੀ ਗੁਜ਼ਰਾਂ ਦੇ ਡੇਰੇ ਵੱਲ ਨੂੰ, ਜਿੱਥੇ ਦੂਸਰੀ ਬਾਰਦਾਤ ਹੋਈ ਸੀ, ਜਿਸ ਵਿੱਚ ਤਿੰਨ ਮਰੇ ਅਤੇ ਚੌਥਾ ਲਾ ਪਤਾ ਦੱਸ ਰਿਹਾ ਸੀ ਚੌਂਕੀਦਾਰ ਰੱਖਾ ਅਮਲੀ।

*

ਪਿਛਲੇ ਸਾਲ ਦੀ ਦੀਵਾਲੀ ਵਾਲੇ ਦਿਨ ਦੀ ਸ਼ਾਮ ਸੀ ਤੇ ਪਿੰਡ ਬਾਰਦੌਲੀ ਅਲੋਪ ਹੁੰਦਾ ਜਾ ਰਿਹਾ ਸੀ ਦੀਵਾਲੀ ਦੇ ਦੀਵਿਆਂ ਦੀ ਟਿਮ ਟਮਾਉਂਦੀ ਰੋਸ਼ਨੀ ਵਿੱਚ, ਪਟਾਖਿਆਂ ਦਾ ਸ਼ੋਰ ਅਸਮਾਨ ਵਿੱਚ ਦੂਰ ਦੂਰ ਤੱਕ ਗੂੰਜ ਰਿਹਾ ਸੀ ਮੇਘਲੇ ਬੱਦਲ ਵਾਂਗੂ ਅਤੇ ਅਕਾਸ਼ ਵੱਲ ਉਡਦੀਆਂ ਆਤਸ਼-ਬਾਜ਼ੀਆਂ ਦੇ ਨਿਕਲਦੇ ਚੰਗਿਆੜਿਆਂ ਦਾ ਰੰਗੀਨ ਨਜ਼ਾਰਾ ਅੰਬਰ ਨੂੰ ਨਵੀਂ ਵਿਆਹੀ ਦੁਲਹਨ ਵਾਂਗ ਸ਼ਿੰਗਾਰ ਰਿਹਾ ਸੀ, ਇੰਝ ਜਾਪ ਰਿਹਾ ਸੀ ਜਿੰਵੇਂ ਰੱਬ ਖ਼ੁਦ ਅਸਮਾਨ ਵਿੱਚੋਂ ਰੰਗ-ਬਰੰਗੇ ਜੁਗਨੂੰਆਂ ਦੀ ਵਰਖ਼ਾ ਕਰ ਰਿਹਾ ਹੋਵੇ ਦਿਵਾਲੀ ਦੀ ਖ਼ੁਸ਼ੀ ਵਿੱਚ ਪਿੰਡ ਬਾਰਦੌਲੀ ਉੱਤੇ, ਪਿੰਡ ਬਾਰਦੌਲੀ ਦੇ ਹਰ ਘਰ ਵਿੱਚੋਂ ਖੁਸ਼ੀਆਂ ਦੀ ਖ਼ੁਸ਼ਬੋ ਆ ਰਹੀ ਸੀ ਅਤੇ ਹਾੱਸਿਆਂ ਦੀਆਂ ਆਵਾਜ਼ਾਂ ਉੱਡ ਰਹੀਆਂ ਸਨ।

" ਹੇ ਮੇਰੇ ਮਾਲਿਕ! ਤੇਰੀ ਇਹ ਰੰਗੀਨ ਰਾਤ ਵਾਰ ਵਾਰ ਦੇਖਣ ਨੂੰ ਦਿੱਲ ਕਰਦਾ, ਇਸਨੂੰ ਇਸ ਕਦਰ ਲੰਬੀ ਕਰਦੇ ਕਿ ਜਿੰਦ ਮੁੱਕ ਜਾਵੇ ਪਰ ਤੇਰੀ ਇਹ ਰਾਤ ਕਦੇ ਨਾ ਮੁੱਕੇ। "

ਪਿੰਡੋਂ ਤੋਂ ਤਕਰੀਬਨ ਡੇੜ ਕੁ ਕਿਲੋਮੀਟਰ ਤੇ ਦੂਰ ਜ਼ੈਲਦਾਰ ਦੇ ਖ਼ੇਤਾਂ ਵਿੱਚ ਲੱਗੀ ਹੋਈ ਪਾਣੀ ਵਾਲੀ ਮੋਟਰ ਉਤੇ ਬਣਾਏ ਹੋਏ ਕਮਰੇ ਦੇ ਮੂਹਰੇ ਬਣੇ ਹੋਏ ਪਾਣੀ ਵਾਲੇ ਚਲ੍ਹੇ ਦੀ ਮੌਣ ਉੱਤੇ ਖੜਾ ਪਿੰਡ ਵੱਲ ਨੂੰ ਤੱਕਦਾ ਹੋਇਆ ਰੱਬ ਅੱਗੇ ਫ਼ਰਿਆਦ ਕਰ ਰਿਹਾ ਸੀ ਮਨਪ੍ਰੀਤ, ਜੋ ਸ਼ਾਇਦ ਰੱਬ ਵੀ ਬਹੁਤ ਹੀ ਕਰੀਬ ਹੋ ਕੇ ਸੁਣ ਗਿਆ ਸੀ ਉਸ ਦੀ ਫ਼ਰਿਆਦ ਨੂੰ, ਅਤੇ ਹੋਰ ਕਿਸੇ ਨੂੰ ਪਤਾ ਤੱਕ ਵੀ ਨਹੀਂ ਸੀ ਲੱਗਿਆ।

ਜ਼ੈਲਦਾਰਾਂ ਦਾ ਨੌਕਰ ( ਗਿੰਦੋ ਕਾਮਾ ) ਵੀ ਖ਼ੇਤਾਂ ਵਲੋਂ ਘੁੰਮਦਾ ਘੁੰਮਾਉਂਦਾ ਮੋਟਰ ਵੱਲ ਆ ਗਿਆ ਸੀ, ਮਨਪ੍ਰੀਤ ਨੂੰ ਉਥੇ ਦੇਖ ਕੇ ਮਲਕੜ੍ਹੇ ਜਹੇ ਚਲ੍ਹੇ ਦੇ ਲਾਗੇ ਦੱਬੀ ਹੋਈ ਢੇਰ ਮਾਰਕਾ ਸ਼ਰਾਬ ਦੀ ਬੋਤਲ ਪੁੱਟ ਲਿਆਇਆ ਸੀ।

" ਆ ਬਈ ਛੋਟਿਆ ਜ਼ੈਲਦਾਰਾ ਆਜਾ ਤੂੰ ਵੀ ਮਾੜੇ ਜਹੇ ਦੰਦ ਤਿੱਖੇ ਕਰ ਲੈ

ਸੋਣਿਆਂ, ਦਿਵਾਲੀ ਦੀ ਖ਼ੁਸ਼ੀ ਦੁਗਣੀ ਹੋ ਜਾਊਗੀ "

ਗਿੰਦੋ ਕਾਮਾ ਦੋਂਹ ਗਲਾਸੀਆਂ ਵਿੱਚ ਬੋਤਲ ਚੋਂ ਦਾਰੂ ਪਾਉਂਦਾ ਹੋਇਆ ਮਨਪ੍ਰੀਤ ਨੂੰ ਬੁਲਾ ਰਿਹਾ ਸੀ।

" ਮੈਂ ਤਾਂ ਨਹੀਂ ਪੀਣੀ, ਪਰ ਤੂੰ ਪੀ ਕੇ ਚੱਲ ਪਿੰਡ ਨੂੰ, ਮੈਂ ਜ਼ਰਾ ਅਟਕ ਕੇ ਆਵਾਂਗਾ। "

ਮਨਪ੍ਰੀਤ ਨੇ ਗਿੰਦੋ ਕਾਮੇ ਨੂੰ ਘਰ ਜਾਣ ਲਈ ਕਿਹਾ ਸੀ।

" ਤੂੰ ਹੁਣ ਏਥੇ ਗੱਠੇ ਗੁੱਡਣੇ ਆਂ ਐਸ ਵੇਲੇ ਜਹਿੜੇ ਅਟਕ ਕੇ ਆਉਣ ਲਈ ਕਹੀ ਜਾ ਰਿਹਾ ਏਂ? ਆਜਾ -ਆਜਾ ਉਰੇ, ਤੇ ਲਾ ਲੇ ਘੁੱਟ ਤੂੰ ਵੀ ਤੇ ਫਿਰ ਚੱਲੀਏ ਆਪਾਂ ਵੀ ਪਿੰਡ ਨੂੰ, ਚੱਲ ਕੇ ਆਪਾਂ ਵੀ ਚਾਰ ਪਟਾਖੇ ਪਟੂਖੇ ਚਲਾ ਲਵਾਂਗੇ। "

ਗਿੰਦੋ ਕਾਮੇ ਨੇ ਆਪਣੀ ਬੁੱਝ ਖ਼ੁੱਝ ਜਹੀ ਦਾੜ੍ਹੀ ਚੋਂ ਦਾਰੂ ਦੇ ਤੁਪਕੇ ਜਹਿੜੇ ਜ਼ਲਦ ਬਾਜ਼ੀ ਵਿੱਚ ਮੂੰਹੋਂ ਬਾਹਰ ਰਹਿ ਗਏ ਸਨ ਉਹਨਾ ਨੂੰ ਝਾੜਦੇ ਹੋਏ ਨੇ ਕਿਹਾ ਸੀ।

" ਹੌਲ਼ੀ ਹੌਲ਼ੀ ਪੀ ਲੈ ਵੱਡਿਆ ਨਸ਼ਈਆ, ਤੇਰੇ ਕੋਲੋਂ ਕੋਈ ਖ਼ੋਹਣ ਤਾਂ ਨਹੀਂ ਨਾ ਲੱਗਾ। "

ਮਨਪ੍ਰੀਤ ਨੇ ਗਿੰਦੋ ਨੂੰ ਕਿਹਾ ਸੀ।

" ਯਾਰ, ਕੌੜੀ ਬਹੁਤ ਹੈ ਸਹੁਰੀ ਦੀ। "

ਗਿੰਦੋ ਕਾਮੇ ਨੇ ਗੱਲ ਨੂੰ ਗੋਲ਼ ਮੋਲ਼ ਜਹੀ ਕਰਦੇ ਹੋਏ ਨੇ ਕਿਹਾ ਸੀ।

" ਫੇਰ ਤੂੰ ਪੀਂਦਾ ਕਾਹਤੋਂ ਏਂ ਇਸ ਕੁ-ਲੱਗਦੀ ਨੂੰ, ਜੇ ਕੌੜੀ ਹੀ ਲੱਗਦੀ ਐ। "

ਮਨਪ੍ਰੀਤ ਨੇ ਹੁਣ ਗਿੰਦੋ ਕਾਮੇ ਨੂੰ ਪੀਣ ਤੋਂ ਵਰਜ਼ਦੇ ਹੋਏ ਕਿਹਾ ਸੀ।

" ਓਹ ਯਾਰ ਏਹੀ ਤਾਂ ਪਤਾ ਨਹੀਂ ਲੱਗਦਾ ਮੈਨੂੰ, ਮੈਂ ਕਾਹਤੋਂ ਪੀਂਦਾ ਆਂ ਏਹਨੂੰ, ਪਰ ਏਹਦੇ ਪੀਤੇ ਬਿਨਾ ਰੂਹ ਵੀ ਤਾਂ ਸਾਲ਼ੀ ਖੁਸ਼ ਨਹੀਂ ਰਹਿੰਦੀ, ਸੂਰਜ ਦੇਵਤਾ ਦੇ ਕੁਟੀਆ ਚ'ਵੜਨ ਦਾ ਵੇਲਾ ਹੋਣ ਦੀ ਦੇਰ ਹੁੰਦੀ ਹੈ ਕਿ ਸਰੀਰ ਨੂੰ ਕੁਝ ਕੁਝ ਹੋਣ ਲੱਗ ਜਾਂਦਾ ਹੈ, ਸਾਲ਼ੀਆਂ ਅੰਗ-ਅੰਗ ਵਿੱਚ ਕੁਤ-ਕੁਤਾਰੀਆਂ ਜਹੀਆਂ ਨਿਕਲਣ ਲੱਗ ਪੈਂਦੀਆਂ ਨੇ, ਅੱਗੇ ਤੂੰ ਖੁਦ ਪੜ੍ਹਿਆ ਲਿਖਿਆ ਏਂ, ਆਪੇ ਹਿਸਾਬ ਕਿਤਾਬ ਬਣਾ ਲੈ। "

ਗਿੰਦੋ ਨੇ ਕਹਿੰਦੇ ਕਹਿੰਦੇ ਆਪਣੀ ਗਲਾਸੀ ਫਿਰ ਗ਼ਲਮੇ ਤੱਕ ਭਰ ਲਈ ਸੀ।

" ਵੈਲੀਆ ਤੈਨੂੰ ਇਸ਼ਕ ਹੋ ਗਿਆ ਲੱਗਦਾ ਇਸ ਚੰਦਰੀ ਸ਼ਰਾਬ ਦੇ ਸਰੂਰ ਭਰੇ ਸ਼ਬਾਬ ਦੇ ਨਾਲ। "

ਮਨਪ੍ਰੀਤ ਨੇ ਗਿੰਦੋ ਦੀ ਦੁਆਰਾ ਗਲ਼ਮੇ ਤੱਕ ਭਰੀ ਹੋਈ ਗਲਾਸੀ ਵੱਲ ਦੇਖਦੇ ਹੋਏ ਕਿਹਾ ਸੀ।

" ਓਹ ਹੋ ਗਿਆ ਹੋਣੈ, ਪਰ ਇਹ ਹੁੰਦਾ ਕੀ ਹੈ ਇਸ਼ਕ? "

ਗਿੰਦੋ ਨੇ ਅਨਜਾਣ ਜਿਹਾ ਬਣਦੇ ਹੋਏ ਮਨਪ੍ਰੀਤ ਤੋਂ ਪੁੱਛਿਆ ਸੀ।

" ਸ਼ਰਾਬੀ ਨੂੰ ਸ਼ਰਾਬ ਨਾਲ ਅਤੇ ਆਸ਼ਕ ਨੂੰ ਸ਼ਬਾਬ ਨਾਲ ਅਕਸਰ ਹੋ ਜਾਂਦੈ ਹੈ ਇਸ਼ਕ, "

" ਬਾਕੀ ਤੈਨੂੰ ਦੱਸਾਂਗਾ ਅਗਲੀ ਦਿਵਾਲੀ ਨੂੰ, ਪਰ ਹੁਣ ਤੂੰ ਚੱਲ ਕੇ ਡੰਗਰਾਂ ਨੂੰ ਕਰ ਅੰਦਰ ਤੇ ਦੀਵਾਲੀ ਦੇਖ। "

ਮਨਪ੍ਰੀਤ ਨੇ ਗਿੰਦੋ ਨੂੰ ਪਿੰਡ ਜਾਣ ਲਈ ਕਿਹਾ ਸੀ, ਤੇ ਗਿੰਦੋ ਗਲਾਸੀ ਖਾੱਲੀ ਕਰਕੇ ਪਿੰਡ ਵੱਲ ਨੂੰ ਸਿੱਧਾ ਹੋ ਤੁਰਿਆ ਸੀ, ਅਤੇ ਮਨਪ੍ਰੀਤ, ਇਸ਼ਕ ਵਾਰੇ ਕੁਝ ਗੁਣ ਗੁਣਾਉਂਦਾ ਚਲ੍ਹੇ ਦੀ ਮੌਣ ਉੱਤੇ ਇਕੱਲਾ ਖੜਾ ਰਹਿ ਗਿਆ ਸੀ, ਰੇਲਵੇ ਲਾਈਨ ਦੇ ਦੂਸਰੇ ਪਾਸੇ ਬਣੀ ਪੀਰਾਂ ਦੀ ਦਰਗਾਹ ਤੇ ਰੋਜ਼ਾਨਾ ਦੀ ਤਰਾਂ ਲਾਊਡ ਸਪੀਕਰ ਉੱਤੇ ਕਿਸੇ ਕਬਾਲ ਦੀ ਗਾਈ ਹੋਈ ਕਬਾਲੀ ਦੇ ਬੋਲ ਮਹੌਲ ਦਾ ਮਜ਼ਾਜ ਸ਼ਿੰਗਾਰ ਰਹੇ ਸਨ।

" ਕਿਤੇ ਇਸ਼ਕ ਦਾ ਰੋਗ ਨਾ ਲਾ ਬੈਠੀਂ,

ਜ਼ਿੰਦ ਵਖਤਾਂ ਵਿੱਚ ਨਾ ਪਾ ਬੈਠੀਂ "

ਖੂਹੀ ਉੱਤੇ ਬਣੇ ਮੋਟਰ ਵਾਲੇ ਕਮਰੇ ਦੀ ਕੰਧ ਨਾਲ ਢਾਸਣਾ ਲਾਈ ਪਾਣੀ ਵਾਲੇ ਚਲ੍ਹੇ ਦੀ ਮੌਣ ਉੱਤੇ ਖੜਾ ਪੀਰਾਂ ਦੀ ਦਰਗਾਹ ਵੱਲ ਦੇਖ ਰਿਹਾ ਸੀ, ਸੁਣ ਰਿਹਾ ਸੀ, ਜਿਵੇਂ ਧੁਰ ਦਰਗਾਹੋਂ ਚੇਤਾਵਨੀ ਆ ਰਹੀ ਹੋਵੇ, ਜਿਵੇਂ ਕੋਈ ਦੈਵੀ-ਸ਼ਕਤੀ ਦੀ ਅਵਾਜ਼ ਇਸ਼ਕ ਕਰਨ ਤੋਂ ਵਰਜ਼ ਰਹੀ ਹੋਵੇ ਮਨਪ੍ਰੀਤ ਨੂੰ।

*

" ਨੂਰਾਂ ਧੀਏ! ਅੱਗ ਨਾਲ ਨਹੀਂ ਖੇਡੀਦਾ ਹੁੰਦਾ, ਅੱਗ ਤੇ ਅੱਗ ਏ, ਏਹਦੇ ਨਾਲ ਕਾਹਦਾ ਲਾਡ। "

ਮੁੱਛਾਂ ਤੋਂ ਬਿਨਾ ਰੱਖੇ ਹੋਏ ਖਤ ਸਮਾਨ ਮੈਹੰਦੀ ਰੰਗੀ ਦਾੜ੍ਹੀ ਵਾਲਾ ਮੁਹੰਮਦ ਖਾਨ ਆਪਣੀ ਇਕਲੌਤੀ ਅਤੇ ਕੱਚੇ ਦੁੱਧਾਂ ਨਾਲ ਪਾਲ੍ਹੀ ਲਾਡਲੀ ਧੀ ਨੂਰਾਂ ਨੂੰ ਵਰਜ਼ ਰਿਹਾ ਸੀ, ਜਿਹੜੀ ਆਤਸ਼ਬਾਜੀ ਚੜਾਉਣ ਲਈ ਖਾੱਲੀ ਬੋਤਲ ਫੜ੍ਹੀ ਛੱਪਰ ਅੰਦਰੋਂ ਨਿਕਲੀ ਸੀ, ਜਿਊਂਦੀ ਜਾਗ੍ਹਦੀ ਮਸ਼ਾਲ ਦੀ ਤਰਾਂ ਹੁਸਨ ਦੀ ਝਲਕ, ਗੋਰਾ ਗੋਰਾ ਗੋਲ੍ਹ ਚੇਹਰਾ, ਬਿੱਲੀਆਂ ਅੱਖਾਂ, ਗੁੰਦਵਾਂ ਜਿਹਾ ਸਰੀਰ, ਨੱਕ ਵਿੱਚ ਲੌਂਗ ਅਤੇ ਰੰਗ ਬਰੰਗੀਆਂ ਵੰਗਾਂ ਨਾਲ ਭਰੀਆਂ ਹੋਈਆਂ ਵੀਣੀਆਂ, ਜੋ ਵਾਰ ਵਾਰ ਕੋਈ ਸੰਗੀਤ ਜਿਹਾ ਛੇੜ ਰਹੀਆਂ ਸਨ, ਨੱਕ ਵਿੱਚਲਾ ਲੌਂਗ ਹਨੇਰੇ ਵਿੱਚ ਵੀ ਆਪਣੀ ਕਰਾਮਾਤ ਦਿਖਾ ਰਿਹਾ ਸੀ।

"ਹੁਣ ਵੱਸ ਵੀ ਕਰ, ਕਿਤੇ ਛੱਪਰ ਨੂੰ ਅੱਗ ਹੀ ਨਾ ਲਾ ਬੈਠੀਂ ਧੀਏ।"

ਮੁਹੰਮਦ ਖਾਨ ਆਪਣੀ ਧੀ ਨੂਰਾਂ ਨੂੰ ਸਮਝਾ ਰਿਹਾ ਸੀ।

"ਵੱਸ ਇਹ ਆਖ਼ਰੀ ਹੀ ਹੈ ਅੱਬੂ-ਜਾਨ, ਹੋਰ ਹੈ ਵੀ ਨਹੀਂ।"

ਵੱਸ ਆਖ਼ਰੀ ਵੱਸ ਆਖ਼ਰੀ ਕਹਿੰਦੀ ਹੋਈ ਨੂਰਾਂ ਨੇ ਆਤਿਸ਼-ਬਾਜੀ ਨੂੰ ਖ਼ਾਲੀ ਬੋਤਲ ਵਿੱਚ ਖੜ੍ਹੀ ਕਰਕੇ ਉਸ ਦੇ ਪਲੀਤੇ ਨੂੰ ਅੱਗ ਲਗਾ ਦਿੱਤੀ ਸੀ, ਅੱਖ ਦੇ ਝਮੱਕੇ ਵਿੱਚ ਹੀ ਆਤਿਸ਼-ਬਾਜੀ ਨਜ਼ਾਰਾ ਵਖ਼ੇਰਦੀ ਹੋਈ ਅਕਾਸ਼ ਦੇ ਖੁੱਲੇ ਖ਼ਲਾਅ ਵੱਲ ਉੱਡਣ ਲੱਗੀ ਸੀ, ਅਚਾਨਕ ਹੀ ਅਕਾਸ਼ ਵਿੱਚ ਇਕ ਦੜੂਕਾ ਜਿਹਾ ਪਿਆ ਅਤੇ ਚੰਗੀ ਭਲੀ ਉਪਰ ਚੜ੍ਹਦੀ ਆਤਿਸ਼-ਬਾਜੀ ਖੇਰੂੰ-ਖੇਰੂੰ ਹੋ ਕੇ ਪਤਾ ਨਹੀਂ ਕਿੱਥੇ ਕਿੱਥੇ ਜਾ ਡਿਗੀ ਸੀ।

"ਖਤਮ, ਖਤਮ, ਹਾਂ, ਹੁਣ ਦੱਸ ਮੇਰੇ ਪਿਆਰੇ ਅੱਬਾ-ਜਾਨ ਕੀ ਕਹਿ ਰਿਹਾ ਸੀ?"

ਦੋਵੇਂ ਹੱਥ ਝਾੜਦੀ ਹੋਈ ਕੋਲ ਆ ਕੇ ਢਲ਼ਦੀ ਉਮਰ ਦੇ ਰਾਹੇ ਪਏ ਮੁਹੰਮਦ ਖਾਨ ਦੀ ਬੁੱਕਲ਼ ਵਿੱਚ ਜਾ ਬੜ੍ਹੀ ਸੀ ਨੂਰਾਂ, ਅਜ਼ੀਬ ਹੀ ਅਨੰਦ ਹੁੰਦਾ ਹੈ ਬਾਬੁਲ ਦੀ ਬੁੱਕਲ਼ ਦਾ।

"ਅੱਬੂ! ਤੂੰ ਸੱਚ ਮੁੱਚ ਹੀ ਅੱਗ ਤੋਂ ਇੰਨਾ ਜਿਆਦਾ ਡਰਦੈਂ, ਜਿੰਨਾ ਤੂੰ ਦਿਸਦਾਂ ਏਂ?"

ਨੂਰਾਂ ਆਪਣੇ ਅੱਬੂ ਜਾਨ ਤੋਂ ਪੁੱਛ ਰਹੀ ਸੀ।

"ਹਾਂ, ਹਾਂ ਧੀਏ, ਮੈਂ ਇਸ ਅੱਗ ਤੋਂ ਬਹੁਤ ਡਰਦਾ ਹਾਂ, ਇਸ ਅੱਗ ਨੇ ਹੀ ਮੇਰੀ ਜ਼ਵਾਨੀ ਵਿੱਚ ਹੀ ਮੇਰੇ ਜਿੰਦਗੀ ਦੇ ਸਾਥੀ ਨਾਲੋਂ ਜੋੜ੍ਹੀ ਤੋੜ ਦਿੱਤੀ ਸੀ, ਐਸੀ ਹੀ ਇਕ ਦੀਵਾਲੀ ਵਾਲੀ ਰਾਤ ਦੀ ਅੱਗ ਨੇ ਮੇਰਾ ਹੱਸਦਾ ਵੱਸਦਾ ਘਰ ਉਜਾੜ੍ਹ ਕੇ ਰੱਖ ਦਿੱਤਾ ਸੀ, ਜੇ ਇਹ ਅੱਗ ਨਾ ਹੁੰਦੀ ਤਾਂ ਧੀਏ, ਤੇਰੀ ਮਾਂ ਵੀ ਜਿਉਂਦੀ ਹੁੰਦੀ ਅਤੇ ਸ਼ਾਇਦ ਅੱਲ੍ਹਾ ਦੇ ਫ਼ਜ਼ਲ ਨਾਲ ਤੇਰਾ ਕੋਈ ਭੈਣ-ਭਰਾ ਵੀ ਹੁੰਦਾ ਏਸ ਜਹਾਨ ਉੱਤੇ, ਅੱਗ ਤੋਂ ਬਚਜਾ ਜੇ ਬਚ ਹੁੰਦੈ, ਜਿਸ ਘਰ ਵਿੱਚ ਅੱਗ ਲੱਗ ਜਾਵੇ ਉਹ ਘਰ ਲੁੱਟ ਹੋ ਜਾਂਦਾ, ਸੜ੍ਹ ਕੇ ਸੁਆਹ ਹੋ ਜਾਂਦਾ ਹੈ ਉਸ ਘਰ ਦਾ ਨਾਮੋਂ-ਨਿਸ਼ਾਨ ਇਸ ਦੁਨੀਆਂ ਤੋਂ ਮਿਟ ਜਾਂਦਾ ਹੈ।"

ਮੁਹੰਮਦ ਖ਼ਾਨ ਆਪਣੇ ਜ਼ਿਗਰ ਦੇ ਟੁਕੜ੍ਹੇ ਆਪਣੇ ਆਖ਼ਰੀ ਚਰਾਗ਼ ਨੂੰ ਕਾਲ਼ਜੇ ਨਾਲ ਇੰਝ ਘੁੱਟ ਰਿਹਾ ਸੀ ਜਿਵੇਂ ਕਿ ਅੱਜ ਅੱਗ ਉਸ ਦੀ ਧੀ ਤੱਕ ਪਹੁੰਚਣ ਹੀ ਵਾਲੀ ਹੋਵੇ, ਆਲ੍ਹਣੇ ਵਿੱਚ ਪਏ ਬੋਟਾਂ ਨੂੰ ਜਿਵੇਂ ਪੰਛੀ ਆਪਣੇ ਖੰਬਾਂ ਥੱਲੇ ਲਕੋ ਲੈਂਦਾ ਹੈ ਉਵੇਂ ਹੀ ਮੁਹੰਮਦ ਖਾਨ ਆਪਣੀ ਧੀ ਨੂਰਾਂ ਨੂੰ ਆਪਣੀ ਬੁੱਕਲ਼ ਵਿੱਚ ਲਕੋ ਲੈਣਾ ਚਾਹੁੰਦਾ ਸੀ, ਸੋਚਦਾ ਸੀ ਕਿਧਰੇ ਇਹ ਨਾਦਾਨ ਬੋਟ, ਬਾਜ਼ ਪੰਜਿਆਂ ਦੇ ਧੱਕੇ ਹੀ ਨਾ ਚੜ੍ਹ ਜਾਵੇ।

"ਜੇ ਤੂੰ ਨਾ ਹੁੰਦੀ ਧੀਏ, ਤਾਂ ਸ਼ਾਇਦ ਅੱਜ ਤੇਰਾ ਅੱਬਾ ਵੀ ਨਾ ਹੁੰਦਾ, ਆਪਣੇ ਜੀਵਨ ਸਾਥੀ ਦੇ ਵਿਛੋੜੇ ਵਿੱਚ ਤੜਫ਼-ਤੜਫ਼ ਕੇ ਕਦੋਂ ਦਾ ਮਰ ਮੁੱਕ ਗਿਆ ਹੁੰਦਾ, ਧੀਏ ਹੁਣ ਤਾਂ

ਤੂੰ ਹੀ ਏਂ ਮੇਰਾ ਸਭ ਕੁਝ... ਸਭ ਕੁਝ।"

ਮੁਹੰਮਦ ਖ਼ਾਨ ਗੰਭੀਰ ਤਾਂ ਸੀ ਹੀ ਪਰ ਹੁਣ ਭਾਵੁਕ ਵੀ ਹੋ ਗਿਆ ਸੀ, ਨਾ ਚਾਹੁੰਦੇ ਹੋਏ ਵੀ ਉਸ ਦਾ ਮਨ ਭਰ ਆਇਆ ਸੀ, ਅੱਖਾਂ ਵਿੱਚੋਂ ਅੱਥਰੂ ਟਪਕ ਹੀ ਤੁਰੇ ਸਨ, ਆਪਣੀ ਧੀ ਤੋਂ ਆਪਣੇ ਅੱਥਰੂ ਲੁਕਾਣ ਦੀ ਕੋਸ਼ਿਸ਼ ਵਿੱਚ ਵਾਰ ਵਾਰ ਆਪਣੀ ਲਾਡਲੀ ਧੀ ਦਾ ਸਿਰ ਪਲ੍ਹੋਸ ਰਿਹਾ ਸੀ, ਪਰ ਨੂਰਾਂ ਚੁੱਪ ਚਾਪ ਬਾਬੁਲ ਦੀ ਬੁੱਕਲ੍ਹ ਵਿੱਚ ਪਈ ਸਭ ਕੁਝ ਸੁਣ ਰਹੀ ਸੀ, ਸ਼ਾਇਦ ਉਹ ਸਮਝਦਾਰ ਹੋ ਗਈ ਸੀ ਸਿਆਣੀ ਹੋ ਗਈ ਸੀ, ਇਹ ਉਸਨੂੰ ਜਨਮ ਤੋਂ ਹੀ ਜਾਣੀ ਜ਼ਮਾਂਦਰੂ ਬਿਰਤੀ ਮਿਲੀ ਹੋਈ ਸੀ ਜਾਂ ਸ਼ਾਇਦ ਘਰ ਦੀ ਜ਼ਿੰਮੇਦਾਰੀ ਦਾ ਅਹਿਸਾਸ ਸੀ, ਜਦੋਂ ਤੋਂ ਨੂਰਾਂ ਨੇ ਸੋਲ੍ਹਵੇਂ ਵਰੇ ਵਿੱਚ ਪੈਰ ਧਰਿਆ ਸੀ ਤਾਂ ਦੁਨੀਆਂ ਦੇ ਦਸਤੂਰਾਂ ਸਬੰਧੀ ਵੀ ਜਾਗਰੁਕ ਹੋ ਰਹੀ ਸੀ, ਉਸ ਦੀ ਨਵੀਂ ਨਵੀਂ ਜਵਾਨੀ ਨੂੰ ਇਸ ਹੰਡੀ ਹੋਈ ਦੁਨੀਆਂ ਕੋਲੋਂ ਪਿਆਰ ਸਤਿਕਾਰ ਦੇ ਨਿੱਘ ਦੀ ਥਾਂ ਵਹਿਸ਼ਤ ਦੀ ਬਦਬੂ ਜਿਆਦਾ ਆਉਂਦੀ ਸੀ।

"ਹੇ ਮੇਰੇ ਮੌਲਾਂ! ਮੇਹਰ ਕਰੀਂ ਮੇਰੇ ਉੱਤੇ ਅਤੇ ਮੇਰੀ ਬੱਚੀ ਉੱਤੇ ਹਰ ਪਲ ਮੇਹਰ ਕਰੀਂ............ਮੇਹਰ ਕਰੀਂ।"

ਮੁਹੰਮਦ ਖ਼ਾਨ ਸ਼ਾਇਦ ਅੰਦਰੋ ਅੰਦਰੀ ਅੱਲ੍ਹਾ-ਤਾਲਾ ਅੱਗੇ ਫ਼ਰਿਆਦ ਕਰ ਰਿਹਾ ਸੀ, ਆਪਣੀ ਨਾਦਾਨ ਬੱਚੀ ਨੂੰ ਇਸ ਦੁਨੀਆਂ ਦੀਆਂ ਚੀਲ ਨਜ਼ਰਾਂ ਤੋਂ ਬਚਾ ਕੇ ਰੱਖਣਾ ਚਾਹੁੰਦਾ ਸੀ, ਮੁਹੰਮਦ ਖ਼ਾਨ ਆਪਣੀਆਂ ਸੋਚਾਂ ਵਿੱਚ ਮਸ਼ਰੂਫ਼ ਸੀ ਅਤੇ ਨੂਰਾਂ ਅੱਖਾਂ ਮੀਚੀ ਆਪਣੇ ਹੀ ਖਿਆਲਾਂ ਵਿੱਚ ਖੋਈ ਹੋਈ ਆਪਣੇ ਬਾਬੁਲ ਦੀ ਗੋਦ ਵਿੱਚ ਸੁੱਤੇ ਪਏ ਬੱਚੇ ਵਾਂਗੂ ਬਿਨਾ ਕਿਸੇ ਹਰਕਤ ਦੇ ਪਈ ਸੀ।

*

ਹੱਥ ਵਿੱਚ ਸੋਟੀ ਫ਼ੜ੍ਹੀ ਨਹਿਰ ਦੀ ਪਟੜ੍ਹੀ ਤੇ ਖੜ੍ਹੀ ਨੂਰਾਂ ਦੇ ਕੋਲ ਦੀ ਲੰਘਦਾ ਹੋਇਆ ਕੋਈ ਸਾਈਕਲ ਸਵਾਰ

"ਤੇਰੀ ਹਿੱਕ ਤੇ ਮਲ੍ਹਾਈਆਂ ਆਈਆਂ,
ਨੀ ਕੱਚਾ ਦੁੱਧ ਪੀਣ ਵਾਲੀਏ"

ਕਹਿ ਕੇ ਅੱਗੇ ਲੰਘ ਗਿਆ ਸੀ, ਪਰ ਨੂਰਾਂ ਦੀ ਤਬੀਅਤ ਉੱਤੇ ਪੱਥਰ ਉੱਤੇ ਪਾਣੀ ਪਾਣ ਵਾਂਗ ਕੋਈ ਅਸਰ ਨਹੀਂ ਸੀ ਹੋਇਆ ਉਸ ਰਾਹਗ਼ੀਰ ਦੀ ਕਿਸੇ ਮਸ਼ਕਰੀ ਦਾ, ਕਿਓਂ ਕਿ ਅਜਿਹੇ ਸੜਕ ਰੋਮੀਓਂ ਤਾਂ ਪੂਰਾ ਪੂਰਾ ਦਿਨ ਨੂਰਾਂ ਦੇ ਅੱਗੇ ਪਿੱਛੇ ਭੂੰਡਾਂ ਵਾਂਗੂ ਮੰਡਰਾਉਂਦੇ ਰਹਿੰਦੇ ਸਨ, ਪਰ ਇਹਨਾ ਭੂੰਡਾਂ ਵਿੱਚ ਮਨ ਦਾ ਮਹਿਰਮ-ਮੀਤ ਕੋਈ ਨਹੀਂ ਸੀ ਦਿਸਦਾ,

ਤੇ ਫਿਰ ਇਹਨਾ ਭੂੰਡਾਂ ਨਾਲ ਕਾਹਦੀ ਦੋਸਤੀ, ਕਾਹਦਾ ਯਾਰਾਨਾ, ਜਿਹਨਾ ਦੀ ਫਿਤਰਤ ਵਿੱਚ ਸਿਰਫ ਤੇ ਸਿਰਫ਼ ਬੇ-ਵਫਾਈ ਹੀ ਸ਼ਾਮਿਲ ਹੁੰਦੀ ਹੈ, ਇਸ ਕਰਕੇ ਨੂਰਾਂ ਨੇ ਨਾ ਸਮਝ ਆਉਣ ਵਾਲੇ ਸ਼ਬਦਾਂ ਨੂੰ ਸਮਝਣ ਦੀ ਜ਼ਰੂਰਤ ਵੀ ਨਹੀਂ ਸੀ ਸਮਝੀ।

"ਹੈਲੋ ਡਾਰਲਿੰਗ, ਕਦੇ ਕਦਾਈਂ ਸਾਡੇ ਨਾਲ ਵੀ ਦੋ ਗੱਲਾਂ ਕਰ ਲਿਆ ਕਰ "

ਇਕ ਪੈਰ ਪੁਲ਼ ਦੀ ਬੰਨੀ ਉੱਤੇ ਰੱਖ ਕੇ ਆਪਣੇ ਸਾਈਕਲ ਉੱਤੇ

ਬੈਠੇ ਨੇ ਹੀ ਆਪਣਾ ਸਾਈਕਲ ਰੋਕ ਕੇ ਪੁਲ਼ ਦੇ ਲਾੱਗੇ ਨਹਿਰ ਦੀ ਪਟੜੀ ਉੱਤੇ ਖੜੀ ਨੂਰਾਂ ਨੂੰ ਕਿਹਾ ਸੀ ਜਗਤਾਰ ਨੇ।

ਸਾਈਕਲ ਵਾਲੇ ਦੀ ਗੱਲ ਸੁਣਕੇ ਵੀ ਅਣਸੁਣੀ ਕਰਦੀ ਹੋਈ ਮੱਝਾਂ ਨੂੰ ਮੋੜਨ ਲਈ ਕੁਝ ਕਹਿੰਦੀ ਕਹਿੰਦੀ ਸੁੱਕੀ ਨਹਿਰ ਦੇ ਵਿੱਚੋਂ ਦੀ ਲੰਘਦੀ ਹੋਈ ਦੂਜੇ ਪਾਸੇ ਨਿਕਲ ਦੂਰ ਤੁਰ ਗਈ ਸੀ ਨੂਰਾਂ, ਅਤੇ ਜਗਤਾਰ ਬੇ ਸ਼ਰਮ ਜਿਹਾ ਹੋਇਆ ਤੁਰੀ ਜਾਂਦੀ ਨੂਰਾਂ ਨੂੰ ਦੇਖ ਰਿਹਾ ਸੀ, ਉਹ ਤਾਂ ਸ਼ਾਇਦ ਪਤਾ ਨਹੀਂ ਕਿੰਨਾ ਚਿਰ ਪੁਲ਼ ਉੱਤੇ ਖੜ੍ਹਾ ਨੂਰਾਂ ਨੂੰ ਤੱਕਦਾ ਰਹਿੰਦਾ ਪਰ ਕੁਝ ਰਾਹੀ ਪੁਲ਼ ਵੱਲ ਨੂੰ ਆਉਂਦੇ ਵੇਖ ਕੇ ਜਗਤਾਰ ਵੀ ਉਥੋਂ ਸਾਈਕਲ ਦੀ ਕੀਂਲੀ ਦੱਬ ਤੁਰਦਾ ਬਣਿਆ ਸੀ।

ਜਗਤਾਰ ਨੇ ਹਾਲੇ ਜੁਆਨੀ ਵਿੱਚ ਪੈਰ ਰੱਖਿਆ ਹੀ ਸੀ ਕਿ ਉਸ ਦੇ ਸਿਰ ਉੱਤੋਂ ਉਸ ਦੇ ਪਿਓ ਦਾ ਸਾਇਆ ਉੱਠ ਗਿਆ ਸੀ, ਜਿਓਂ ਹੀ ਜਗਤਾਰ ਦੇ ਸਿਰ ਤੋਂ ਪਿਓ ਦਾ ਸਾਇਆ ਉੱਠਿਆ ਤੇ ਜਗਤਾਰ ਨੇ ਕੁਝ ਗਲਤ ਖ਼ਿਆੱਲਾਂ ਦੇ ਜੋਟੀਦਾਰਾਂ ਨਾਲ ਬੈਠਣਾ ਉੱਠਣਾ ਸ਼ੁਰੂ ਕਰ ਦਿੱਤਾ ਸੀ, ਉਸ ਦੀ ਮਾਂ ਤਾਂ ਪਹਿਲਾਂ ਹੀ ਘਰੋਂ ਬਾਹਰ ਬਹੁਤ ਘੱਟ ਨਿਕਲਦੀ ਸੀ, ਹੁਣ ਤਾਂ ਸਿਰ ਦਾ ਸਾਈਂ ਹੀ ਨਹੀਂ ਰਿਹਾ ਸੀ ਜਿਸ ਕਰਕੇ ਉਸ ਨੇ ਆਪਣੇ ਆਪ ਨੂੰ ਇਕ ਕਿਸਮ ਦਾ ਆਪਣੇ ਘਰ ਅੰਦਰ ਹੀ ਬੰਦ ਕਰ ਲਿਆ ਸੀ ਉਸ ਨੂੰ ਕੋਈ ਇਲਮ ਹੀ ਨਹੀਂ ਸੀ ਕਿ ਉਸ ਦਾ ਇਕੋ ਇਕ ਪੁੱਤ ਘਰੋਂ ਬਾਹਰ ਕੀ ਗੁੱਲ ਖਿਲਾ ਰਿਹਾ ਹੈ, ਇਕ ਦਿਨ ਜਗਤਾਰ ਦੀ ਮਾਂ ਵੀ ਇਸ ਫ਼ਾਨੀ ਦੁਨੀਆਂ ਨੂੰ ਛੱਡ ਕੇ ਆਪਣੇ ਪਿਆਰੇ ਕੋਲ ਕਿਸੇ ਦੂਸਰੀ ਦੁਨੀਆਂ ਵਿੱਚ ਚਲੀ ਗਈ ਸੀ। ਮਾਂ ਦੇ ਜਾਣ ਪਿੱਛੋਂ ਤਾਂ ਜਗਤਾਰ ਨੂੰ ਕਿਸੇ ਦਾ ਵੀ ਬਿਲਕੁਲ ਡਰ ਨਹੀਂ ਸੀ ਰਿਹਾ, ਬਾਗ ਡੋਰ ਕਿਸੇ ਦੇ ਹੱਥ ਵਿੱਚ ਨਾ ਹੋਣ ਕਰਕੇ ਬੁਰਿਆਂ ਦੀ ਸੰਗਤ ਵਿੱਚ ਰਹਿਣ ਕਰਕੇ ਉਸ ਦੀਆਂ ਆਦਤਾਂ ਬਹੁਤ ਵਿਗੜ੍ਹ ਗਈਆਂ ਸਨ, ਹੌਲ਼ੀ ਹੌਲ਼ੀ ਉਸ ਨੇ ਆਪਣੀਆਂ ਬੁਰੀਆਂ ਆਦਤਾਂ ਸਦਕੇ ਆਪਣੇ ਪਿਓ ਦਾਦੇ ਦੀ ਸਾਰੀ ਜ਼ਮੀਨ ਜ਼ਾਇਦਾਤ ਐਸ਼ ਪਰਸਤੀ ਦੀ ਬੀਹੀ ਵਿੱਚੋਂ ਦੀ ਲੰਘਾ ਛੱਡੀ ਸੀ। ਅਤੇ ਸਿਆਣੇ ਕਹਿੰਦੇ ਹਨ ਕਿ ਬੇ ਜ਼ਮੀਨਾ ਜੱਟ ਨਹੀਂ ਹੁੰਦਾ, ਪਰ ਜਗਤਾਰ ਹੁਣ ਬੇ-ਜ਼ਮੀਨਾ ਜੱਟ ਹੋ ਗਿਆ ਸੀ, ਸ਼ਰਾਬ ਅਤੇ ਸ਼ਬਾਬ ਵਾਲਾ ਉਸਦਾ ਸ਼ੌਂਕ ਹਾਲੇ ਵੀ ਨਬਾਬਾਂ ਵਾਲਾ ਸੀ, ਇਸ ਅਵੱਲੇ ਸ਼ੌਕ ਦਾ ਕਰਕੇ ਹੀ

ਉਸ ਲਈ ਨੂਰਾਂ ਇਕ ਸੁਨੱਖਾ ਸ਼ਬਾਬ ਬਣ ਗਈ ਸੀ, ਅਤੇ ਹੁਣ ਨੂਰਾਂ ਨੂੰ ਹਾਸਿਲ ਕਰਨਾ ਹੀ ਜਗਤਾਰ ਲਈ ਇਕ ਮਕਸਦ ਬਣਦਾ ਜਾ ਰਿਹਾ ਸੀ, ਉਹ ਆਪਣੇ ਮਕਸਦ ਨੂੰ ਪੂਰਿਆਂ ਕਰਨ ਲਈ ਹਰ ਉਪਰਾਲਾ ਕਰਨ ਲੱਗਿਆ ਸੀ, ਉੱਚੀ ਨੀਵੀਂ ਨਹਿਰ ਦੇ ਕਿਨਾਰਿਆਂ ਉੱਤੇ ਦੌੜ੍ਹੀ ਭੱਜੀ ਫਿਰਦੀ ਨੂਰਾਂ ਦਾ ਹੁਸਨ ਹੁਣ ਖ਼ੰਜ਼ਰ ਬਣ ਕੇ ਜਗਤਾਰ ਦੇ ਦਿਲ ਵਿੱਚ ਧਸਦਾ ਜਾ ਰਿਹਾ ਸੀ।

"ਹਾਏ ਨੂਰਾਂ!, ਤੂੰ ਤੇ ਮੇਰਾ ਰੱਬ ਹੋ ਗਈ ਏਂ, ਹੁਣ ਤੇਰੇ ਤੋਂ ਵਗੈਰ ਤਾਂ ਜੀਣ ਦਾ ਮੈਂ ਸੋਚ ਵੀ ਨਹੀਂ ਸਕਦਾ, ਸੱਚ ਪੁੱਛੇਂ ਤਾਂ ਅੱਜ ਤੋਂ ਜੀਣਾ ਹੈ ਤਾਂ ਤੇਰੀ ਗਲ੍ਹੀ ਵਿੱਚ ਬਹਿ ਕੇ ਜੀਣਾ ਹੈ, ਤੇਰੇ ਲਈ ਹੀ ਜੀਣਾ ਹੈ, ਤੈਨੂੰ ਆਪਣਾ ਬਣਾ ਕੇ ਹੀ ਜੀਣਾ ਹੈ, ਜੇ ਤੂੰ ਮੇਰੀ ਹੋ ਕੇ ਜੀਣ ਦਾ ਨਾ ਸੋਚਿਆ ਤਾਂ ਅੱਗ ਲਾ ਦਿਆਂਗਾ ਤੇਰੀਆਂ ਗਲ੍ਹੀਆਂ ਨੂੰ, ਕਿਸੇ ਹੋਰ ਨੂੰ ਤੇਰੀਆਂ ਗਲ੍ਹੀਆਂ ਵਿੱਚੋਂ ਦੀ ਲੰਘਣ ਨਹੀਂ ਦੇਣਾ, ਤੂੰ ਮੇਰੀ ਏਂ ਤੇ ਸਿਰਫ ਮੇਰੀ ਏਂ, ਰੱਬ ਨੇ ਤੈਨੂੰ ਜ਼ਮੀਨ ਉੱਤੇ ਮੇਰੇ ਵਾਸਤੇ ਹੀ ਪੈਦਾ ਕੀਤਾ ਹੈ, ਜੇ ਰੱਬ ਤੈਨੂੰ ਅਸਮਾਨੋਂ ਥੱਲੇ ਉਤਾਰ ਕੇ ਇਥੇ ਲਿਆਇਆ ਹੈ ਤਾਂ ਸਿਰਫ ਮੇਰੇ ਲਈ ਹੀ ਮੇਰੀਏ ਹੀਰੀਏ।"

ਜਗਤਾਰ ਦੇ ਅੰਦਰ ਗਲਤ ਫ਼ਹਿਮੀ ਘਰ ਕਰਨ ਲੱਗ ਪਈ ਸੀ, ਉਹ ਆਪਣੇ ਆਪ ਹੀ ਨੂਰਾਂ ਦਾ ਮਾਲਕ ਬਣ ਬਣ ਬੈਠਣ ਲੱਗ ਪਿਆ ਸੀ, ਉਹ ਬਦੋ ਬਦੀ ਦਾ ਆਸ਼ਕ ਬਣਦਾ ਜਾ ਰਿਹਾ ਸੀ ਨੂਰਾਂ ਦਾ, ਪਰ ਜਗਤਾਰ ਨੂੰ ਇਹ ਗੱਲ ਕਹਿੜਾ ਸਮਝਾਉਂਦਾ ਕਿ ਮੁਹੰਮਦ ਖਾਨ ਦੀ ਧੀ ਨੂਰਾਂ ਲਈ ਤੂੰ ਵੀ ਉਹਨਾ ਮੰਡਰਾਉਂਦੇ ਹੋਏ ਭੂੰਡਾਂ ਵਿੱਚੋਂ ਹੀ ਇਕ ਏਂ।

*

"ਯਾਰ ਇਕ ਗੱਲ ਤਾਂ ਦੱਸ ਮੈਨੂੰ, ਤੂੰ ਤੇ ਚੰਗਾ ਭਲਾ ਰੰਗਾਂ ਦੀ ਦੁਨੀਆਂ ਵਿੱਚ ਖੇਡਦਾ ਹੁੰਦਾ ਸੀ, ਅੱਖਾਂ ਬੰਦ ਕਰਕੇ ਵੀ ਉਸ ਕਾਦਰ ਦੀ ਬਣਾਈ ਹੋਈ ਕੁਦਰਤ ਦਿਆਂ ਨਜ਼ਾਰਿਆਂ ਨੂੰ ਦੀਵਾਰਾਂ ਉੱਤੇ ਰੰਗਾਂ ਦੇ ਨੂਰ ਵਿੱਚ ਰੰਗ ਛੱਡਦਾ ਸੀ, ਫਿਰ ਹੁਣ ਕਾਹਤੋਂ ਮੱਥਾ ਮਾਰਨ ਲੱਗ ਪਿਆਂ ਏਂ ਕੋਰੇ ਕਾਗਜਾਂ ਨਾਲ? ਮੈਨੂੰ ਤਾਂ ਉਮੀਦ ਨਹੀਂ ਕੋਰੇ ਕਾਗਜਾਂ ਵਿੱਚੋਂ ਕੁਝ ਨਿਕਲ ਸਕੇ।"

ਮਨਪ੍ਰੀਤ ਨੇ ਆਪਣੇ ਜ਼ਿਗਰੀ ਦੋਸਤ ਸੁੰਦਰ ਨੂੰ, ਜੋ ਕਦੇ ਪੇਂਟਿੰਗ ਦਾ ਕੰਮ ਕਰਦਾ ਹੁੰਦਾ ਸੀ, ਕਾਪੀ ਦੇ ਪੰਨੇ ਉੱਤੇ ਕੁਝ ਲਿਖਦੇ ਨੂੰ ਦੇਖ ਕੇ ਕਿਹਾ ਸੀ।

"ਦੁਨੀਆਂ ਬਦਲ ਗਈ ਏ ਸੱਜਣਾ, ਅਤੇ ਮੈਂ ਵੀ ਬਦਲ ਗਿਆ ਹਾਂ, ਰੰਗਾਂ ਵਾਲੇ ਬੁਰਸ਼ਾਂ ਨੂੰ ਛੱਡ ਦਿੱਤਾ ਹੈ ਅਤੇ ਕਲਮ ਤੇ ਕਾਗ਼ਦ ਚੁੱਕ ਲਏ ਹਨ, ਦੀਵਾਰਾਂ ਉੱਤੇ ਲਕੀਰਾਂ ਖਿੱਚਣੀਆਂ ਛੱਡ ਕੇ ਕਾਗਜ਼ਾਂ ਕਾਪੀਆਂ ਉੱਤੇ ਲਕੀਰਾਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ ਹਨ,

ਮਕਬਰਿਆਂ, ਮਸਜ਼ਦਾਂ ਤੇ ਜਾਣਾ ਛੱਡ ਦਿੱਤਾ ਹੈ ਤੇ ਕੱਖਾਂ ਦੀ ਕੁੱਲੀ ਵਿੱਚ ਡੇਰਾ ਲਾ ਲਿਆ ਹੈ, ਜਾਣੀ ਪੈਰ ਚੱਕਰ ਮੁੱਕ ਗਿਆ ਏ ਤੇ ਸਟੇਜ਼ ਮਿਲ ਗਈ ਏ,, ਸੱਜਣਾ ਮਹਿਨਤ ਦਾ ਫ਼ਲ੍ਹ ਤਾਂ ਹਰ ਜ਼ਗ੍ਹਾ ਤੇ ਮਿਲਦਾ ਹੈ, ਚਾਹੇ ਪੇਂਟਿੰਗ ਹੋਵੇ ਜਾਂ ਰਾਈਟਿੰਗ ਹੋਵੇ, ਇਨਸਾਨ ਦੀ ਮਹਿਨਤ ਕੀਤੀ ਕਦੇ ਬੇਕਾਰ ਨਹੀਂ ਜਾਂਦੀ, ਦੇਰ ਸਵੇਰ ਫ਼ਲ੍ਹ ਜਰੂਰ ਮਿਲਦਾ ਹੈ, ਨਾਲੇ ਇਹ ਜੋ ਕੁਦਰਤ ਦੀ ਦਿੱਤੀ ਹੋਈ ਨਿਆਮਤ ਹੈ ਕਿ ਕਿਸੇ ਵੀ ਵਾਪਰੇ ਹੋਏ ਜਾਂ ਅੱਗੇ ਜਾ ਕੇ ਵਾਪਰਨ ਵਾਲੇ ਹਾਦਸੇ ਨੂੰ ਜਾਣੇ ਅਨਜਾਣੇ ਕੋਈ ਲਿਖਣ ਵਾਲਾ ਹੀ ਕਲਮ-ਬੰਦ ਕਰਦਾ ਹੈ, ਲਿਖਣ ਵਾਲਾ ਤਾਂ ਸਿਰਫ਼ ਜਾਣੇ ਅਣਜਾਣੇ ਲਿਖਦਾ ਹੀ ਹੈ ਪਰ ਕਈ ਲੋਕੀ ਤਾਂ ਇਸ ਤਰਾਂ ਦੀ ਕਹਾਣੀ ਨੂੰ ਜੀਅ ਰਹੇ ਹੁੰਦੇ ਹਨ ਪਰ ਉਹਨਾ ਨੂੰ ਆਪ ਖ਼ੁਦ ਇਸ ਵਾਰੇ ਕੁਝ ਪਤਾ ਨਹੀਂ ਹੁੰਦਾ, ਇਸ ਕਰਕੇ ਕੁਦਰਤ ਨੇ ਇਹ ਸਭ ਕੁਝ ਲਿਖਣ ਲਈ ਕਿਸੇ ਦੂਜੇ ਦੇ ਹੱਥ ਕਲਮ ਕਾਗ਼ਦ ਫ਼ੜ੍ਹਾਏ ਹੋਏ ਹੁੰਦੇ ਹਨ, ਪਰ ਤੈਨੂੰ ਇਹਨਾ ਗੱਲਾਂ ਦਾ ਕੀ ਪਤਾ ਆ ਭੋਲ੍ਹਿਆ ਜੱਟਾ?"

ਸੁੰਦਰ ਨੇ ਆਪਣੇ ਪੱਟਾਂ ਵਿੱਚ ਰੱਖਿਆ ਹੋਇਆ ਰਜ਼ਿਸਟਰ ਬੰਦ ਕਰਦੇ ਹੋਏ ਮਨਪ੍ਰੀਤ ਨੂੰ ਬੈਠਣ ਲਈ ਇਸ਼ਾਰਾ ਕਰਦੇ ਹੋਏ ਨੇ ਕਿਹਾ ਸੀ।

"ਤਾਹੀਂ ਤਾਂ ਯਾਰ ਮੈਂ ਤੇਰੇ ਕੋਲ ਆਇਆ ਹਾਂ, ਤੈਨੂੰ ਪੁੱਛ ਰਿਹਾ ਹਾਂ, ਕੁਝ ਮੈਨੂੰ ਵੀ ਦੱਸ ਸੁਣਿਆ ਅਣ ਸੁਣਿਆ, ਕੁਝ ਮੈਨੂੰ ਵੀ ਤਾਂ ਪਤਾ ਲੱਗੇ ਤੂੰ ਕੀ ਲਿਖਦਾ ਏਂ?"

ਸੁੰਦਰ ਦੇ ਲਾਗੇ ਘਾਹ ਉੱਤੇ ਬੈਠਦੇ ਹੋਏ ਮਨਪ੍ਰੀਤ ਨੇ ਪੁੱਛਿਆ ਸੀ।

"ਅੱਛਾ, ਅੱਛਾ! ਇਸ ਦਾ ਮਤਲਬ ਤੂੰ ਵੀ ਇਸ ਪਾਸੇ ਵੱਲ ਤੁਰਨਾ ਚਾਹੁੰਦਾ ਏਂ, ਕੋਈ ਗੱਲ ਨਹੀਂ, ਜਦੋਂ ਇਹ ਸਾਰੀ ਕਹਾਣੀ ਲਿਖ ਹੋ ਜਾਵੇਗੀ ਤਾਂ ਤੈਨੂੰ ਦੇ ਦੇਵਾਂਗਾ, ਤੂੰ ਆਪੇ ਹੀ ਪੜ੍ਹ ਲਵੀਂ, ਤੈਨੂੰ ਵੀ ਪਤਾ ਲੱਗ ਜਾਵੇਗਾ, ਤੂੰ ਵੀ ਜਾਣ ਜਾਵੇਂਗਾ ਕਿ ਮੈਂ ਕੀ ਲਿਖਦਾ ਹਾਂ, ਜਾਣੀ ਕਿ ਕੁਦਰਤ ਨੇ ਮੇਰੀ ਡਿਊਟੀ ਕਿਸ ਨੂੰ ਹੀਰੋ ਬਨਾਉਣ ਦੀ ਲਾਈ ਹੋਈ ਹੈ ਇਹ ਤਾਂ ਉਹ ਹੀ ਜਾਣੇ।"

ਸੁੰਦਰ ਨੇ ਜ਼ਵਾਬ ਦਿੱਤਾ ਸੀ।

"ਯਾਰ ਇਕ ਗੱਲ ਦੱਸ, ਤੇਰੇ ਘਰਦੇ ਨਹੀਂ ਖਿਝਦੇ ਤੇਰੇ ਤੋਂ, ਤੂੰ ਜੋ ਸਾਰਾ ਸਾਰਾ ਦਿਨ ਕਲਮ ਕਾਪੀ ਲੈ ਕੇ ਬੈਠਾ ਰਹਿੰਦਾ ਏਂ?"

ਮਨਪ੍ਰੀਤ ਪੁੱਛ ਰਿਹਾ ਸੀ ਸੁੰਦਰ ਤੋਂ।

"ਪਹਿਲਾਂ ਪਹਿਲਾਂ ਥੋੜ੍ਹਾ ਬਹੁਤਾ ਖਿਝਦੇ ਹੁੰਦੇ ਸਨ, ਪਰ ਹੁਣ ਹੌਲ੍ਹੀ ਹੌਲ੍ਹੀ ਸਮਝਦਾਰ ਹੋਈ ਜਾਂਦੇ ਆ, ਵੈਸੇ ਵੀ ਓਹਨਾ ਨੂੰ ਪਤਾ ਹੈ ਕਿ ਮੈਂ ਓਹਨਾ ਦੇ ਕਹੇ ਤੇ ਇਹ ਸਭ ਕੁਝ ਛੱਡਣ ਵਾਲਾ ਤਾਂ ਨਹੀਂ ਹਾਂ, ਇਸ ਕਰਕੇ ਉਹ ਹੁਣ ਬਹੁਤੀ ਦਖ਼ਲ ਅੰਦਾਜੀ ਨਹੀ ਕਰਦੇ,

ਓਦਾਂ ਤੈਨੂੰ ਦੱਸਾਂ, ਬਹੁਤਾ ਘਰਦਿਆਂ ਦੇ ਮਗਰ ਵੀ ਨਹੀਂ ਲੱਗੀਦਾ, ਕਿਉਂ ਕਿ ਅੱਗ ਦਾ ਮਾਰਿਆ ਤਾਂ ਬਚ ਸਕਦਾ ਹੈ ਬੰਦਾ, ਪਰ ਘਰ ਦਿਆਂ ਦਾ ਮਾਰਿਆ, ਘਰ ਦਿਆਂ ਦਾ ਮਾਰਿਆ ਕਦੇ ਨਹੀਂ ਬਚ ਸਕਦਾ, ਇਸ ਲਈ ਮੈਂ ਆਪਣੀ ਜਿੰਦਗੀ ਦਾ ਇਕ ਅਸੂਲ ਬਣਾ ਲਿਆ ਹੈ ਬਈ ਸੁਣੋ ਸਭ ਦੀ, ਪਰ ਕਰੋ ਆਪਣੀ। "

ਸੁੰਦਰ ਆਪਣੇ ਕੋਲ ਬੈਠੇ ਮਨਪ੍ਰੀਤ ਨਾਲ ਗੁਫ਼ਤ-ਗੂਹ ਕਰ ਰਿਹਾ ਸੀ, ਦੋਵੇਂ ਚੰਗੇ ਗੂੜ੍ਹੇ ਯਾਰ ਦੋਸਤ ਜਿਓਂ ਸਨ, ਇਕ ਪਿੰਡ ਦੇ ਸਨ, ਉਪਰੋਂ ਦੋਹਾਂ ਦੇ ਮਿਲਦੇ ਜੁਲਦੇ ਵਿਚਾਰ ਹੀ ਉਹਨਾ ਦੀ ਗੂੜ੍ਹੀ ਦੋਸਤੀ ਦਾ ਅਧਾਰ ਸਨ, ਅਤੇ ਅੱਜ ਦੀ ਮੁਲਾਕਾਤ ਦੋਹਾਂ ਦੀ ਦੋਸਤੀ ਦਾ ਹੀ ਇਕ ਹਿੱਸਾ ਸੀ।

"ਯਾਰ, ਕਿਵੇਂ ਲਿਖਦਾ ਰਹਿਨੈ ਸਾਰਾ ਸਾਰਾ ਦਿਨ ਨੀਵੀਂ ਪਾਈ?"

ਮਨਪ੍ਰੀਤ ਪੁੱਛ ਰਿਹਾ ਸੀ ਆਪਣੇ ਦੋਸਤ ਸੁੰਦਰ ਤੋਂ।

"ਕਲਾਕਾਰ ਦੀ ਕਾਮਯਾਬੀ, ਕਲਾਕਾਰ ਦੇ ਇਸ਼ਕ ਤੇ ਨਿਰਭਰ ਕਰਦੀ ਹੈ, ਇਹ ਜੋ ਕਲਾ ਹੈ ਇਹ ਵੀ ਰੱਬ ਦੀ ਹੀ ਦੇਣ ਹੁੰਦੀ ਹੈ, ਇਹ ਹਰ ਇਨਸਾਨ ਦੇ ਵੱਸ ਵਿੱਚ ਨਹੀਂ ਹੁੰਦਾ ਕਿ ਕਿਸੇ ਵੀ ਕਲਾ ਨੂੰ ਆਪਣੀ ਮਰਜ਼ੀ ਨਾਲ ਅਪਨਾ ਲਵੇ ਜਾਂ ਕਲਾਕਾਰ ਬਣ ਜਾਵੇ, ਹਾਂ ਜੇ ਰੱਬ ਨੇ ਇਹ ਕਲਾ ਕਿਸੇ ਨੂੰ ਦਿੱਤੀ ਹੋਈ ਹੈ ਤਾਂ ਫਿਰ ਜੇ ਕਰ ਉਹ ਕਲਾਕਾਰ ਆਪਣੀ ਕਲਾ ਨਾਲ ਦਿਲੋਂ, ਤਨੋ, ਮਨੋ ਅਤੇ ਇਮਾਨਦਾਰੀ ਨਾਲ ਸੱਚਾ ਇਸ਼ਕ ਕਰਦਾ ਹੈ ਜਾਂ ਆਪਣੀ ਲਗਨ ਨਾਲ ਉਸ ਕਲਾ ਦਾ ਧਾਰਨੀ ਬਣਕੇ ਕਲਾ ਦੀ ਪੂਜਾ ਕਰਦਾ ਹੈ ਤਾਂ ਕਾਮਯਾਬੀ ਹਰ ਹਾਲਤ ਵਿੱਚ ਉਸਨੂੰ ਮਿਲਦੀ ਹੈ। "

ਕਲਾ ਦੇ ਇਸ਼ਕ ਵਾਰੇ ਸੁੰਦਰ ਆਪਣੇ ਦੋਸਤ ਨੂੰ ਦੱਸ ਰਿਹਾ ਸੀ।

"ਓਹ ਯਾਰ, ਇਹ ਇਸ਼ਕ ਕੀ ਹੁੰਦਾ ਹੈ?"

ਮਨਪ੍ਰੀਤ, ਅਨਜਾਣ ਜਿਹਾ ਬਣਕੇ ਸੁੰਦਰ ਤੋਂ ਪੁੱਛ ਰਿਹਾ ਸੀ।

"ਇਹ ਮਨੁੱਖ ਦੀ ਅੰਦਰੂਨੀ ਭਾਵਨਾ ਹੁੰਦੀ ਹੈ, ਮਨੁਖ਼ ਦੇ ਅੰਦਰ ਦਾ ਅਹਿਸਾਸ ਹੁੰਦਾ ਹੈ ਇਕ ਜ਼ਜਬਾਤ ਹੁੰਦਾ ਹੈ ਜੋ ਉਸ ਇਸ਼ਕ ਦਾ ਪ੍ਰਤੀਕ ਹੁੰਦਾ ਹੈ। ਮੇਰੇ ਯਾਰ ਇੰਜ਼ ਨਹੀਂ ਸਮਝੇਂਗਾ ਤੂੰ, ਜਦੋਂ ਕਿਤੇ ਪੇਚਾ ਪੈ ਗਿਆ ਇਸ਼ਕ ਨਾਲ ਤੇਰਾ ਤਾਂ ਤੂੰ ਖ਼ੁਦ ਹੀ ਸਮਝ ਜਾਂਵੇਂਗਾ ਕਿ ਇਸ਼ਕ ਕੀ ਹੁੰਦਾ ਹੈ?। ਮੈਂ ਵੀ ਤੇਰੇ ਵਾਂਗੂ ਮਿੱਟੀ ਵਿੱਚ ਮਿੱਟੀ ਹੋਏ ਨੇ ਜ਼ਿੰਦਗੀ ਦੇ ਕਈ ਕੀਮਤੀ ਸਾਲ ਗੁਆ ਦਿੱਤੇ ਸਨ ਪਰ ਹੱਥ ਪੱਲੇ ਕੁਝ ਨਹੀਂ ਪਿਆ। "

ਸੁੰਦਰ ਕਹਿ ਰਿਹਾ ਸੀ।

ਕੋਈ ਵਕਤ ਸੀ ਜਦੋਂ ਸੁੰਦਰ ਦੇ ਦਾੜ੍ਹੀ-ਮੁੱਛ ਹਾਲੇ ਫੁੱਟਦੀ ਹੀ ਸੀ ਕਿ ਉਸ ਦੀ ਅੱਖ ਵੀ ਇਕ ਲਾਗਲੇ ਪਿੰਡ ਦੇ ਪੰਡਤਾਂ ਦੀ ਕੁੜੀ ਰੰਜ਼ਨਾ ਨਾਲ ਲੜ੍ਹ ਗਈ ਸੀ, ਰੰਜ਼ਨਾ ਵੀ ਸੁੰਦਰ

ਵੱਲ ਨੂੰ ਖਿੱਚੀ ਗਈ ਸੀ, ਦਰਅਸਲ ਰੰਜ਼ਨਾ ਦਾ ਸਕੂਲ ਪਿੰਡ ਬਾਰਦੌਲੀ ਵਿੱਚ ਸੀ ਅਤੇ ਉਹ ਹਰ ਰੋਜ਼ ਸਾਈਕਲ ਤੇ ਆਪਣੇ ਸਕੂਲ ਪੜ੍ਹਨ ਲਈ ਜਾਇਆ ਕਰਦੀ ਸੀ, ਜਿਸ ਰਾਹੇ ਰੰਜ਼ਨਾ ਸਕੂਲੇ ਜਾਂਦੀ ਆਉਂਦੀ ਸੀ ਸੁੰਦਰ ਹੁਣਾ ਦੀ ਜਮੀਨ ਵੀ ਉਸੇ ਰਾਹ ਤੇ ਸੀ ਅਤੇ ਸੁੰਦਰ ਅਕਸਰ ਆਪਣੇ ਖ਼ੂਹ ਵੱਲ ਜਾਣ ਲਈ ਉਸੇ ਰਾਹ ਤੋਂ ਹੀ ਲੰਘਿਆ ਕਰਦਾ ਸੀ, ਉਹ ਸਕੂਲੋਂ ਆਉਂਦਾ ਹੀ ਆਪਣਾ ਕਿਤਾਬਾਂ ਵਾਲਾ ਥੈਲਾ ਘਰ ਰੱਖ ਕੇ ਆਪਣੀ ਬੇਬੇ ਨੂੰ ਜਾਂਦਾ ਜਾਂਦਾ ਹੀ ਕਹਿ ਦਿੰਦਾ ਸੀ ਬੇਬੇ ਮੈਂ ਖ਼ੂਹ ਤੇ ਨੂੰ ਚਲਿਆ ਹਾਂ ਕਹਿ ਕੇ ਉਹ ਘਰੋਂ ਬਾਹਰ ਹੋ ਜਾਂਦਾ ਸੀ, ਬੇਬੇ ਭਾਵੇਂ ਪਿਛਿਓਂ ਉਹਨੂੰ ਅਵਾਜ਼ਾਂ ਮਾਰਦੀ ਰਹਿੰਦੀ ਸੀ ਪਰ ਸੁੰਦਰ ਤਾਂ ਜਦ ਤੱਕ ਘਰੋਂ ਦੂਰ ਉਸ ਰਾਹ ਵਿੱਚ ਜਾ ਪਹੁੰਚਦਾ ਸੀ ਜਿਸ ਰਾਹੇ ਰੰਜ਼ਨਾ ਨੇ ਸਾਈਕਲ ਤੇ ਲੰਘਣਾ ਹੁੰਦਾ ਸੀ, ਇਹ ਇਸ਼ਕ ਵੀ ਕਿਆ ਚੀਜ਼ ਹੈ? ਜਿਸ ਕਿਸੇ ਉਤੇ ਵੀ ਆਪਣੇ ਅਮ੍ਰਤ ਦਾ ਛਿੱਟਾ ਦਿੰਦਾ ਹੈ ਉਸਨੂੰ ਇਸ ਦੁਨੀਆਂ ਦੀਆਂ ਸਟੇਜ਼ਾਂ ਤੋਂ ਕਿਤੇ ਉਪਰਲੀ ਸਟੇਜ਼ ਉਤੇ ਲੈ ਜਾਂਦਾ ਹੈ, ਐਸਾ ਹੀ ਇਕ ਛਿੱਟਾ ਅਮ੍ਰਤ ਦਾ ਸੁੰਦਰ ਦੀ ਕਾਇਆ ਉੱਤੇ ਵੀ ਪੈ ਗਿਆ ਲੱਗਦਾ ਸੀ ਜਿਸ ਕਰਕੇ ਉਹ ਵੀ ਇਸ ਦੁਨੀਆਂ ਤੋਂ ਦੂਰ ਅਪਣੀ ਮਹਿਬੂਬ ਰੰਜ਼ਨਾ ਦੇ ਰਾਹਾਂ ਅਤੇ ਖ਼ਿਆਲਾਂ ਵਿੱਚ ਖੋਇਆ ਰਹਿੰਦਾ ਸੀ, ਅਤੇ ਉਹ ਵੀ ਰੰਜ਼ਨਾ ਦੇ ਇਸ਼ਕ ਵਿੱਚ ਦੀਵਾਨਾ ਹੋਇਆ ਰਹਿੰਦਾ ਸੀ, ਪਰ ਇਨ੍ਹਾ ਭੈੜੇ ਦੁਨੀਆਂ ਵਾਲਿਆਂ ਨੇ ਸੁੰਦਰ ਅਤੇ ਰੰਜ਼ਨਾ ਨੂੰ ਇਕ ਨਹੀਂ ਸੀ ਹੋਣ ਦਿੱਤਾ, ਇਕ ਦਿਨ ਸੁੰਦਰ ਦੀ ਰੰਜ਼ਨਾ ਨੂੰ ਕੋਈ ਸੈਦਾ ਕਾਣਾ ਲੈ ਗਿਆ ਸੀ। ਹੁਣ ਸੁੰਦਰ ਬਹੁਤ ਹੀ ਕਰੀਬ ਤੋਂ ਦੇਖਦਾ ਸੀ ਇਸ ਦੁਨੀਆਂ ਨੂੰ, ਇਹ ਜੋ ਜੱਗ ਦੀ ਬਾਹਰਲੀ ਅੰਦਰੂਨੀ ਅਸਲੀਅਤ ਹੈ ਇਹਨੂੰ ਸੁੰਦਰ ਬਹੁਤ ਚੰਗੀ ਤਰਾਂ ਨਾਲ ਪਹਿਚਾਣਦਾ ਸੀ, ਏਸੇ ਲਈ ਹੀ ਤਾਂ ਜ਼ਿੰਦਗੀ ਨੇ ਸੁੰਦਰ ਨੂੰ ਇਕ ਕਲਾਕਾਰ ਬਣਾ ਦਿੱਤਾ ਸੀ ਅਤੇ ਉਸ ਦੇ ਧੁਰ ਦਿਲ ਚੋਂ ਜੋ ਕਲਾ ਉਤਪਨ ਹੁੰਦੀ ਸੀ ਉਹ ਉਸਨੂੰ ਕੋਰੇ ਕਾਗ਼ਜਾਂ ਦੀ ਹਿੱਕ ਉੱਤੇ ਉਕੱਰ ਦਿੰਦਾ ਸੀ।

"ਯਾਰ ਸੁੰਦਰਾ! ਮੈਨੂੰ ਵੀ ਕੁਝ ਦੱਸ ਮੈਂ ਕੀ ਕਰਾਂ?"

ਮਨਪ੍ਰੀਤ ਆਪਣੇ ਦੋਸਤ ਸੁੰਦਰ ਤੋਂ ਸੁਲਾਹ ਪੁੱਛ ਰਿਹਾ ਸੀ।

"ਜੋ ਮਰਜ਼ੀ ਕਰ........., ਮੇਰਾ ਮਤਲਬ ਕੋਈ ਹੋਰ ਕੰਮ ਕਰਨਾ ਚਾਹੁਦੈਂ? ਤੇਰਾ ਮਨ ਵੀ ਮੇਰੇ ਵਾਂਗੂ ਖੇਤਾਂ ਦੀ ਮਿੱਟੀ ਤੋਂ ਅੱਕ ਗਿਆ ਲੱਗਦਾ ਹੈ?"

ਸੁੰਦਰ ਪੁੱਛ ਰਿਹਾ ਸੀ।

"ਅਜੇ ਅੱਕਿਆ ਤਾਂ ਨਹੀਂ, ਪਰ ਖੇਤੀ ਦਾ ਕੰਮ........., ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਈ ਜਾਵੋ ਤੇ ........., ਏਹਦੇ ਨਾਲੋਂ ਤਾਂ ਟਰੱਕ ਵਗੈਰਾ ਦਾ ਕੰਮ ਚੰਗਾ ਲੱਗਦਾ।"

ਮਨਪ੍ਰੀਤ ਕਹਿ ਰਿਹਾ ਸੀ ਸੁੰਦਰ ਨੂੰ।

"ਤੈਂ ਕੀ ਲੈਣਾ, ਵੈਲੀ ਬਾਬੇ ਬਣਕੇ ਟਰੱਕਾਂ ਤੋਂ? ਅਰਾਮ ਨਾਲ ਖੇਤੀ ਬਾੜੀ ਦਾ ਕੰਮ

ਕਰੀ ਜਾ, ਵੈਸੇ ਖੇਤੀ ਨਾਲ ਦੀ ਮੌਜ਼ ਵੀ ਕਿਤੇ ਨਹੀਂ ਮਿਲਦੀ, ਜਿਥੇ ਮਰਜ਼ੀ ਘੁੰਮੋ, ਕੰਮ ਦਾ ਕੰਮ ਅਤੇ ਵੇਹਲੇ ਦੇ ਵੇਹਲੇ।"

ਮਨਪ੍ਰੀਤ ਨੂੰ ਸਮਝਾ ਰਿਹਾ ਸੀ ਸੁੰਦਰ।

"ਵੇਹਲੇ ਕਿੱਥੇ ਭਰਾਵਾ, ਖੇਤੀ ਦੇ ਕੰਮ ਵਿੱਚ ਨਾ ਦਿਨ ਨਾ ਰਾਤ ਨੂੰ ਚੈਨ, ਇਹ ਪਤੰਦਰ ਸਾਡੇ ਬਿਜ਼ਲੀ ਮਹਿਕਮੇ ਵਾਲੇ ਵੀ ਕਹਿੜੇ ਬਿਜ਼ਲੀ ਵਕਤ ਨਾਲ ਦਿੰਦੇ ਨੇ, ਜਦੋਂ ਮਰਜ਼ੀ ਕੱਟ ਲਾ ਛੱਡਦੇ ਨੇ ਤੇ ਜਦੋਂ ਮਰਜ਼ੀ ਜ਼ਿਆਦਾ ਵੋਲਟਜ਼ ਛੱਡ ਕੇ ਲੋਕਾਂ ਦੇ ਬਲਵ ਟਿਊਬਾਂ ਫੂਕ ਛੱਡਦੇ ਨੇ।"

ਕਹਿੰਦਾ ਕਹਿੰਦਾ ਉੱਠ ਕੇ ਤੁਰ ਪਿਆ ਸੀ ਮਨਪ੍ਰੀਤ ਆਪਣੇ ਖੇਤਾਂ ਵੱਲ ਨੂੰ।

"ਓਏ ਯਾਰ! ਮਿਲਦਾ ਗਿਲ੍ਹਦਾ ਰਿਹਾ ਕਰ, ਦੇਖ ਲਈਂ ਮੈਂ ਆਪਣੀ ਇਸ ਕਹਾਣੀ ਦਾ 'ਜੋ ਹੁਣ ਲਿਖ ਰਿਹਾ ਹਾਂ' ਹੀਰੋ ਬਣਾਵਾਂਗਾ ਤੈਨੂੰ।"

ਕਹਿੰਦੇ ਹੋਏ ਰਜ਼ਿਸਟਰ ਫਿਰ ਚੁੱਕ ਕੇ ਆਪਣੇ ਪੱਟਾਂ ਉੱਤੇ ਰੱਖ ਲਿਆ ਸੀ ਸੁੰਦਰ ਨੇ।

*

ਸੂਰਜ਼ ਡੁੱਬਦੇ ਨਾਲ ਹੀ ਮੱਝਾਂ ਵਾੜੇ ਵਿੱਚ ਲਿਆ ਵਾੜੀਆਂ ਸਨ ਨੂਰਾਂ ਨੇ, ਮੁਹੰਮਦ ਖਾਨ ਨੇ ਵਾੜੇ ਦੇ ਖਿੜਕ ਕੋਲ ਹੀ ਸੋਟੀ ਜਾ ਫੜੀ ਸੀ ਆਪਣੀ ਧੀ ਨੂਰਾਂ ਦੇ ਹੱਥੋਂ, ਮਿੰਟਾਂ ਸਕਿੰਟਾਂ ਵਿੱਚ ਸਾਰੀਆਂ ਮੱਝਾਂ ਰੱਸੇ ਨਾਲ ਨੱਥ ਛੱਡੀਆਂ ਸਨ ਨੂਰਾਂ ਨੇ, ਚੜ੍ਹਦੀ ਜ਼ਵਾਨੀ ਹਨੇਰੀ ਵਾਂਗੂ ਘੁੰਮਦੀ ਫਿਰਦੀ ਸੀ ਸਾਰੇ ਵਾੜੇ ਵਿੱਚ, ਇਹ ਤਾਂ ਹਰ ਰੋਜ਼ ਦਾ ਕੰਮ ਸੀ, ਸੁਵ੍ਹਾ ਸ਼ਾਮ ਹਰ ਰੋਜ਼ ਦੀ ਤਰਾਂ ਮੱਝਾਂ ਦੀਆਂ ਧਾਰਾਂ ਕੱਢਣੀਆਂ ਅਤੇ ਦੁੱਧ ਨੂੰ ਸੰਭਾਲਣਾ ਕਰਨਾ, ਉੱਤੋਂ ਚੌਂਕੇ ਚੁੱਲੇ ਦਾ ਕੰਮ ਵੀ ਨੂਰਾਂ ਨੂੰ ਖੁਦ ਹੀ ਤਾਂ ਕਰਨਾ ਪੈਂਦਾ ਸੀ, ਹਰ ਰੋਜ਼ ਹੀ ਕਾਫੀ ਰਾਤ ਹੋ ਜਾਂਦੀ ਸੀ ਚੁੱਲਾ-ਚੌਂਕਾ ਸਮੇਟਦੀ ਨੂਰਾਂ ਨੂੰ, ਅਤੇ ਮੁਹੰਮਦ ਖਾਨ ਰਾਤ ਦਾ ਖਾਣਾ ਖਾਣ ਤੋਂ ਬਾਅਦ ਵਾੜੇ ਵਿੱਚ ਬੱਝੀਆਂ ਮੱਝਾਂ ਵੱਲ ਗੇੜਾ ਮਾਰ, ਵਾਪਸ ਆ ਕੇ ਆਪਣੇ ਬਿਸਤਰੇ ਵਿੱਚ ਜਾ ਵੜਿਆ ਸੀ, ਨੂਰਾਂ ਹਾਲੇ ਵੀ ਮਹਿਕਾਂ ਵਖੇਰਦੀ ਆਪਣੇ ਰੋਜ਼ ਦੇ ਆਹਾਰ ਨੂੰ ਸਮੇਟਣ ਵਿੱਚ ਲੱਗੀ ਹੋਈ ਹੌਲ੍ਹੀ ਹੌਲ੍ਹੀ ਕੁਝ ਆਪਣੇ ਆਪ ਨਾਲ ਗੱਲਾਂ ਕਰ ਰਹੀ ਸੀ।

"ਹੇ ਰੱਬਾ! ਮੈਨੂੰ ਅਗਲੇ ਜਨਮ ਵਿੱਚ ਗੁੱਜ਼ਰਾਂ ਦੇ ਘਰ ਵਿੱਚ ਨਾ ਭੇਜੀਂ, ਮੈਨੂੰ ਕੀ ਕਿਸੇ ਹੋਰ ਕੁੜੀ ਨੂੰ ਵੀ ਗੁੱਜ਼ਰਾਂ ਦੇ ਘਰ ਨਾ ਭੇਜੀਂ।"

ਨੂਰਾਂ ਰੱਬ ਨਾਲ ਗਿਲੇ ਸ਼ਿਕਵੇ ਕਰਦੀ ਆਪਣੇ ਬਿਸਤਰੇ ਵਿੱਚ ਜਾ ਵੜੀ ਸੀ, ਮੰਜ਼ੇ ਦੇ ਲਾਗੇ ਪਏ ਦੀਵੇ-ਦਾਨ ਉੱਤੇ ਬਲ੍ਹਦੇ ਦੀਵੇ ਦੀ ਰੋਸ਼ਨੀ ਵਿੱਚ ਮਹਿਤਾਬ ਦੀ ਤਰਾਂ ਭਖ ਰਿਹਾ ਸੀ ਨੂਰਾਂ ਦਾ ਜ਼ਲਾਲ ਭਰਿਆ ਮੁੱਖੜਾ।

"ਰੱਬ ਨਾਲ ਐਨੀ ਨਰਾਜ਼ਗੀ?"

ਖੇਸ ਵਿੱਚ ਮੂੰਹ ਸਿਰ ਲਪੇਟੀ ਪਏ ਮੁਹੰਮਦ ਖਾਨ ਨੇ ਆਪਣੀ ਲਾਡਲੀ ਧੀ ਨੂਰਾਂ ਤੋਂ ਪੁੱਛਿਆ ਸੀ।

"ਹੋਰ ਕੀ ਅੱਬੂ ਜਾਨ, ਤੜਕੇ ਤੜਕੇ ਉੱਠੋ ਅਤੇ ਅੱਧੀ ਰਾਤ ਗਈ ਤੇ ਸੌਂਵੋਂ, ਸਾਰਾ ਦਿਨ ਡੰਗਰਾਂ ਨਾਲ ਡੰਗਰ ਬਣੇ ਰਹੋ, ਕਿਸੇ ਦਿਨ ਵੀ ਪਲ ਭਰ ਦਾ ਚੈਨ ਨਹੀਂ।"

ਨੂਰਾਂ ਆਪਣੇ ਅੱਬਾ ਨੂੰ ਕਹਿ ਰਹੀ ਸੀ।

"ਧੀਏ, ਆਪਣਾ ਗੁੱਜਰਾਂ ਦਾ ਗੁਜ਼ਾਰਾ ਵੀ ਤਾਂ ਮੱਝਾਂ ਤੇ ਹੀ ਨਿਰਭਰ ਹੁੰਦਾ ਹੈ, ਜੇ ਡੰਗਰ ਕੁਝ ਜ਼ਿਆਦਾ ਲੱਗਦੇ ਨੇ ਤਾਂ ਕੁਝ ਮੱਝਾਂ ਬੇਚ ਦਿੰਦੇ ਹਾਂ, ਤੈਨੂੰ ਕੁਝ ਆਸਾਨੀ ਹੋ ਜਾਵੇਗੀ ਥੋੜੇ ਡੰਗਰ ਸਾਂਭਣ ਵਿੱਚ।"

ਮੁਹੰਮਦ ਖਾਨ ਨੇ ਨੂਰਾਂ ਨੂੰ ਕਿਹਾ ਸੀ।

"ਨਹੀਂ, ਨਹੀਂ ਅੱਬੂ, ਮੇਰਾ ਇਹ ਮਤਲਬ ਨਹੀ ਸੀ ਕਹਿਣ ਦਾ।"

ਨੂਰਾਂ ਕਹਿ ਰਹੀ ਸੀ।

"ਫੇਰ ਧੀਏ, ਤੈਨੂੰ ਕੁਝ ਨਾ ਕੁਝ ਤਾਂ ਪਰੇਸ਼ਾਨੀ ਸਹਿਣੀ ਹੀ ਪਵੇਗੀ, ਇਹ ਸਭ ਕੁਝ ਤੇਰਾ ਹੀ ਤਾਂ ਹੈ, ਜਿਵੇਂ ਤੈਨੂੰ ਚੰਗਾ ਲੱਗਦੈ ਤੂੰ ਉਂਵੇਂ ਕਰ ਲੈ, ਜੇ ਨਹਿਰ ਦੀ ਪਟੜੀ ਉੱਤੇ ਅਤੇ ਖੇਤਾਂ ਵਿੱਚ ਘਾਹ ਨਹੀ ਰਿਹਾ ਤਾਂ ਡੰਗਰਾਂ ਨੂੰ ਪਰਾਲ਼ੀ ਪਾ ਦਿਆ ਕਰੀਏ ਹੁਣ?"

ਮੁਹੰਮਦ ਖਾਨ ਪੁੱਛ ਰਿਹਾ ਸੀ ਨੂਰਾਂ ਤੋਂ।

"ਅਜੇ ਤਾਂ ਲੱਗਦੈ, ਕਿ ਦੋ ਕੁ ਹਫ਼ਤੇ ਹੋਰ ਨਿਕਲ ਜਾਣਗੇ ਨਹਿਰ ਉਤਲੇ ਘਾਹ ਨਾਲ।"

ਦੀਵੇ ਦੀ ਲੋਅ ਵਿੱਚ ਛੱਪਰ ਦੀ ਛੱਤ ਵੱਲ ਤੱਕਦੀ ਨੂਰਾਂ ਕਹਿ ਰਹੀ ਸੀ।

"ਤਾਂ ਵੀ, ਤੇਰੀ ਮਰਜ਼ੀ ਹੈ ਧੀਏ, ਅੱਛਾ ਹੁਣ ਸੌਂ ਜਾ ਰਾਤ ਬਹੁਤ ਹੋ ਗਈ ਹੈ।"

ਮੁਹੰਮਦ ਖਾਨ ਨੇ ਨੂਰਾਂ ਨੂੰ ਸੌਣ ਲਈ ਕਿਹਾ ਸੀ।

"ਅੱਬੂ ਜਾਨ!......,।

ਨੂਰਾਂ ਕੁਝ ਪੁੱਛਣ ਲੱਗੀ ਰੁਕ ਗਈ ਸੀ।

"ਹਾਂ, ਹੁਣ ਕੀ ਹੋਇਆ ਏ?"

ਅੱਬੂ ਨੇ ਪੁੱਛਿਆ ਸੀ।

"ਕੁਛ ਨਹੀਂ।"

ਨੂਰਾਂ ਨੇ ਕਿਹਾ ਸੀ।

"ਵੇਖੀਂ, ਕਿਤੇ ਝੱਲੀ ਹੀ ਨਾ ਹੋ ਜਾਵੀਂ ਬਲਾਏ।"

ਅੱਬੂ ਕਹਿ ਰਿਹਾ ਸੀ।

"ਅੱਬੂ ਜਾਨ, ਝੱਲੀ ਕੀ ਹੁੰਦਾ ਹੈ?"

ਨੂਰਾਂ ਭੋਲ੍ਹੇ ਪਨ ਵਿੱਚ ਆਪਣੇ ਅੱਬੂ ਤੋਂ ਪੁੱਛ ਰਹੀ ਸੀ।

"ਪਤਾ ਨਹੀ, ਮੈਨੂੰ ਨੀਂਦ ਆਉਂਦੀ ਹੈ ਅਤੇ ਤੂੰ ਵੀ ਸੌਂ ਜਾ ਹੁਣ ਤੇ ਮੈਨੂੰ ਵੀ ਸੌਣ ਦੇ।"

ਮੁਹੰਮਦ ਖਾਨ ਨੇ ਆਪਣੀ ਧੀ ਨੂੰ ਕਹਿੰਦੇ ਹੋਏ ਆਪਣੇ ਮੰਜ਼ੇ ਉਤੇ ਪਏ ਨੇ ਪਾਸਾ ਬਦਲ ਕੇ ਆਪਣਾ ਮੂੰਹ ਦੂਜੇ ਪਾਸੇ ਵੱਲ ਕਰ ਲਿਆ ਸੀ।

ਨੂਰਾਂ ਆਪਣੇ ਮੰਜ਼ੇ ਤੇ ਬਿਸਤਰੇ ਵਿੱਚ ਪਈ ਅੱਖ ਲਾਉਣਾ ਚਾਹੁੰਦੀ ਸੀ, ਪਰ ਅੱਖੇ ਕੋਈ ਚੜ੍ਹਦਾ ਹੀ ਨਹੀਂ ਸੀ, ਸਭ ਗੋਹੇ ਦੀਆਂ ਪਾੱਥੀਆਂ ਹੇਠਲੇ ਭੂੰਡਾਂ ਵਰਗੇ ਲੱਗਦੇ ਸਨ, ਪ੍ਰਵਾਨੇ ਨਹੀਂ ਸਨ ਲੱਗਦੇ। ਹਾਂ, ਇਕ ਦੇ ਦੂਰੋਂ ਪ੍ਰਵਾਨਾ ਹੋਣ ਦਾ ਝਾਉਲ੍ਹਾ ਪੈਂਦਾ ਸੀ ਪਰ ਉਹ ਕਦੇ ਕਰੀਬ ਨਹੀਂ ਸੀ ਆਇਆ, ਅੱਜ ਨੂਰਾਂ ਦੇ ਖਿਆੱਲਾਂ ਵਿੱਚ ਜ਼ੈਲਦਾਰਾਂ ਦੇ ਮੁੰਡੇ ਮਨਪ੍ਰੀਤ ਦਾ ਅਕਸ ਉਭਰਨ ਲੱਗਿਆ ਸੀ, ਬਾਕੀਆਂ ਨਾਲੋਂ ਕੁਝ ਅੱਲਗ ਲੱਗ ਰਿਹਾ ਸੀ, ਸੁਪਨਿਆਂ ਵਿੱਚ ਫਿੱਟ ਹੋਣ ਦੇ ਕਾਬਲ ਲੱਗ ਰਿਹਾ ਸੀ ਉਸਦਾ ਧੁੰਦਲਾ ਜਿਹਾ ਅਕਸ, ਇਹਨਾ ਖਿਆੱਲਾਂ ਵਿੱਚ ਡੁੱਬੀ ਨੂਰਾਂ ਨੂੰ ਪਤਾ ਹੀ ਨਾ ਲੱਗਾ ਕਿ ਉਸ ਦੀ ਅੱਖ ਕਦ ਲੱਗ ਗਈ ਸੀ।

*

"ਓਏ, ਐਥੇ ਕਾੱਨਿਆਂ ਵਿੱਚੋਂ ਕੁਝ ਲੜਾਉਣਾ ਤੈਂ, ਕੀ ਟੋਲਦਾ ਫਿਰਦੈਂ ਸਲਵਾੜ੍ਹ ਦੇ ਬੂੱਝਿਆਂ ਵਿੱਚੋਂ?"

ਮਨਪ੍ਰੀਤ ਨੇ ਆਪਣੇ ਸਾਈਕਲ ਨੂੰ ਰੋਕ ਕੇ ਨਹਿਰ ਉੱਤੇ ਸੜਕ ਵਾਲੇ ਬਣੇ ਪੁਲ੍ਹ ਦੀ ਬੰਨੀ ਉੱਤੇ ਇਕ ਪੈਰ ਰੱਖਦੇ ਹੋਏ ਨੇ ਪੰਮੇ ਤੋਂ ਪੁੱਛਿਆ ਸੀ, ਜੋ ਆਪਣੀਆਂ ਮੱਝਾਂ ਚਾਰਦਾ ਫਿਰਦਾ ਸੀ ਨਹਿਰ ਦੀ ਪਟੱੜੀ ਤੇ।

"ਮੱਝ ਵੜ੍ਹ ਗਈ ਯਾਰ ਏਧਰ ਕਤਾੱਨਾ ਵਿੱਚ, ਪਰ ਤੂੰ ਏਧਰ ਕਿਧਰ ਨੂੰ ਆਇਆਂ ਏਂ?"

ਪੰਮੇ ਨੇ ਕਾੱਨਿਆਂ ਵਿੱਚ ਨੂੰ ਝਾਕਦੇ ਹੋਏ ਮਨਪ੍ਰੀਤ ਤੋਂ ਪੁੱਛਿਆ ਸੀ।

"ਵੱਸ, ਓਦੇਂ ਹੀ ਫਿਰਦਾ ਤੁਰਦਾ ਮੈਂ ਆ ਗਿਆਂ ਇਧਰ ਨੂੰ।"

ਮਨਪ੍ਰੀਤ ਨੇ ਜ਼ਵਾਬ ਦਿੱਤਾ ਸੀ।

"ਲੱਗਦੈ, ਤੂੰ ਵੀ ਗੁਜ਼ਰੀ ਮਗਰ ਹੀ ਆਇਆ ਹੋਣੈ ਏਧਰ ਨੂੰ।"

ਪੰਮੇ ਨੇ ਪੁੱਛਿਆ ਸੀ।

"ਓਏ, ਜਾਣ ਦੇ ਭਰਾਵਾ, ਕਹਿੜੀ ਗੁਜ਼ਰੀ ਦੀ ਗੱਲ ਕਰਦੈਂ ਤੂੰ?"

ਮਨਪ੍ਰੀਤ ਨੇ ਹਰਾਨ ਜਿਹਾ ਹੋ ਕੇ ਪੰਮੇ ਤੋਂ ਪੁੱਛਿਆ ਸੀ।

"ਓਹੀ ਯਾਰ, ਜਹਿੜੀ ਤੈਨੂੰ ਉਸ ਦਿਨ ਦਿਖਾਲ਼ੀ ਸੀ ਗੋਰੀ ਗੋਰੀ, ਓਹਨਾ ਦਾ ਭਈਆ ਕੰਮ ਛੱਡ ਕੇ ਚਲਾ ਗਿਆ ਹੈ ਇਸ ਕਰਕੇ ਹੁਣ ਉਹ ਆਪ ਹੀ ਮੱਝਾਂ ਚਾਰਦੀ ਹੁੰਦੀ ਹੈ।"

ਪੰਮੇ ਨੇ ਮਨਪ੍ਰੀਤ ਨੂੰ ਉਸ ਵਾਰੇ ਜਾਣਕਾਰੀ ਦਿੰਦੇ ਹੋਏ ਨੇ ਕਿਹਾ ਸੀ।

"ਓਏ, ਕੀ ਹੋਇਆ ਏ ਉਸ ਗੁਜ਼ਰੀ ਨੂੰ?"

ਮਨਪ੍ਰੀਤ ਨੇ ਪੰਮੇ ਤੋਂ ਮੋੜ ਕੇ ਪੁੱਛਿਆ ਸੀ।

"ਓਹ ਯਾਰ ਹੋਇਆ ਤਾਂ ਕੁਛ ਨਹੀਂ ਪਰ............।"

ਪੰਮਾ ਕੁਝ ਕਹਿੰਦਾ ਕਹਿੰਦਾ ਚੁੱਪ ਹੋ ਗਿਆ ਸੀ।

"ਓਏ, ਜੇ ਹੋਇਆ ਕੁਛ ਨਹੀਂ ਤਾਂ ਗੱਲ ਕੀ ਕਰਨ ਲੱਗਿਆ ਸੀ ਤੂੰ?"

ਮਨਪ੍ਰੀਤ, ਫਿਰ ਪੰਮੇ ਤੋਂ ਪੁੱਛ ਰਿਹਾ ਸੀ।

"ਮੈਂ ਤਾਂ, ਓਦਾਂ ਹੀ ਕਹਿੰਦਾ ਸੀ ਬਈ ਸ਼ਾਇਦ ਤੂੰ ਵੀ ਓਹਦੇ ਕਰਕੇ ਹੀ ਏਧਰ ਨੂੰ ਆਇਆਂ ਹੋਵੇਂਗਾ, ਮੁੰਡੇ ਖੁੰਡੇ ਵਥੇਰੇ ਫਿਰਦੇ ਨੇ ਓਹਦੇ ਮਗਰ, ਆਪਣੇ ਪਿੰਡ ਵਾਲਾ ਜੱਗੀ, ਜਦੋਂ ਦੇਖੋ ਮੀਲ ਪੱਥਰ ਵਾਂਗੂ ਨਹਿਰ ਰੇਲ ਦੇ ਪੁੱਲ਼ ਤੇ ਖੜਾ ਹੁੰਦੈ।"

ਪੰਮਾ ਕਹਿ ਰਿਹਾ ਸੀ।

"ਓਹੋ, ਹੁਣ ਤਾਂ ਨਹੀਂ ਦਿਸਦਾ।"

ਮਨਪ੍ਰੀਤ ਪੁੱਛ ਰਿਹਾ ਸੀ।

"ਹਾਲੇ ਹੁਣੇ ਤਾਂ ਖੜ੍ਹਾ ਸੀ ਪੁਲ਼ ਤੇ।"

ਪੰਮਾ ਹੈਰਾਨ ਜਹੀਆਂ ਨਜ਼ਰਾਂ ਨਾਲ ਰੇਲ ਦੇ ਪੁਲ਼ ਕੰਨੀ ਝਾਕ ਰਿਹਾ ਸੀ, ਪਰ ਜੱਗੀ ਕਿਧਰੇ ਨਜ਼ਰ ਨਹੀਂ ਸੀ ਪੈ ਰਿਹਾ।

"ਓਹ, ਯਾਰ ਓਧਰ ਕੁਝ ਬੀਜ਼ਿਆ ਤੇ ਨਹੀ?"

ਮੱਝਾਂ ਦੇ ਪਿੱਛੇ ਤੁਰੇ ਜਾਂਦੇ ਪੰਮੇ ਨੇ ਮਨਪ੍ਰੀਤ ਤੋਂ ਪੁੱਛਿਆ ਸੀ।

"ਓਧਰ, ਮੂੰਗੀ ਬੀਜ਼ੀ ਹੋਈ ਆ ਬੈਂਸਾਂ ਦੀ।"

ਕਹਿੰਦਾ ਹੋਇਆ ਮਨਪ੍ਰੀਤ ਵੀ ਆਪਣੇ ਸਾਈਕਲ ਦੇ ਪੈਡਲ ਤੇ ਭਾਰ ਦੇ ਅਗਾਂਹ ਵਧ ਗਿਆ ਸੀ।

*

"ਹਾਏ, ਵੇਖ ਲੈ ਇੱਕ ਵਾਰ ਸਾਡੇ ਵੱਲ ਵੀ ਅੱਖ ਚੁੱਕ ਕੇ, ਅਸੀਂ ਕਹਿੜੇ ਤੇਰੇ ਗਹਿਣੇ ਉਤਾਰ ਲਏ ਨੇ ਜਹਿੜਾ ਤੂੰ ਸਾਡੇ ਵੱਲੋਂ ਮੁੱਖ ਵੱਟਿਆ ਹੋਇਆ ਏ।"

ਜੱਗੀ, ਮੱਝਾਂ ਪਿੱਛੇ ਜਾਂਦੀ ਨੂਰਾਂ ਨੂੰ ਨਹਿਰ ਦੀ ਪਟੜੀ ਤੇ ਘੇਰੀ ਖੜ੍ਹਾ ਪੁੱਛ ਰਿਹਾ ਸੀ।

"ਓਏ, ਗੱਲ ਸੁਣ! ਮੈਨੂੰ ਪਾਉਣ ਦੀ ਖ਼ਾਤਰ ਕੀ ਕੁਰਬਾਨ ਕਰ ਸਕਦੈਂ ਤੂੰ? ਜਾਹ ਜਾ ਕੇ ਕਿਧਰੇ ਦਿਹਾੜੀ ਦੱਪਾ ਕਰ, ਛੱਡਦੇ ਮੇਰੇ ਪਿੱਛੇ ਵਕਤ ਬਰਬਾਦ ਕਰਨਾ, ਮੇਰੇ ਹਾਉਕੇ ਭਰੇਂਗਾ ਤਾਂ ਭੁੱਖਾ ਮਰੇਂਗਾ।"

ਨੂਰਾਂ ਸਮਝਾ ਰਹੀ ਸੀ ਮੱਲੋ ਮੱਲੀ ਬਣਦੇ ਜਾ ਰਹੇ ਆਸ਼ਕ ਜੱਗੀ ਨੂੰ।

"ਭੁੱਖੇ ਤਾਂ ਜਰੂਰ ਮਰ ਲੈਣਾ, ਪਰ ਤੇਰਾ ਪਿੱਛਾ ਮੜ੍ਹੀਆਂ ਤੱਕ ਨਹੀਂ ਛੱਡਣਾ, ਇੰਨੀ ਗੱਲ ਲੜ੍ਹ ਬੰਨ ਲਈਂ, ਐਵੇਂ ਨਾ ਸਮਝੀਂ ਜਾਵੀਂ ਮੈਨੂੰ ਗੁਜ਼ਰੀਏ, ਮੇਰਾ ਨਾਮ ਵੀ ਜੱਗੀ ਹੈ।"

"ਅੱਛਾ, ਰਾਂਝਾ ਬਣ ਸਕੇਂਗਾ ਮੇਰੇ ਲਈ?"

ਨੂਰਾਂ ਨੇ ਜੱਗੀ ਤੋਂ ਪੁੱਛਿਆ ਸੀ।

"ਜੇ ਤੂੰ ਕਹੇਂ ਤਾਂ, ਹੁਣੇ ਹੀ ਬਣ ਜਾਵਾਂ ਹੀਰੀਏ?"

ਜੱਗੀ, ਗੱਲੀਂ ਬਾੱਤੀਂ ਰਾਂਝਾ ਬਣਨ ਲਈ ਤਾਂ ਝੱਟ ਪੱਟ ਤਿਆਰ ਸੀ।

"ਆਹ ਲੈ, ਫੜ੍ਹ ਸੋਟੀ ਤੇ ਚਾਰ ਮੇਰੀਆਂ ਮੱਝਾਂ, ਪਹਿਲਾਂ ਰਾਂਝਾ ਬਣ ਕੇ ਦਿਖਾ, ਕੰਨ ਪੜਵਾ ਕੇ ਸਿਰ ਮੁਨਵਾ, ਅਤੇ ਲੋਕਾਂ ਤੋਂ ਇੱਟਾਂ ਪੱਥਰ ਖਾਹ ਜੇ ਮੈਨੂੰ ਹਾਸਿਲ ਕਰਨਾ ਚਾਹੁੰਦੈਂ, ਨਹੀਂ ਤਾਂ ਤੂੰ ਕੁਝ ਵੀ ਨਹੀਂ ਏਂ ਮੇਰੇ ਵਾਸਤੇ।"

ਨੂਰਾਂ ਨੇ ਗੱਲੀਂ ਗੱਲੀਂ ਹੀ ਜੱਗੀ ਦੀ ਸਾਰੀ ਆਸ਼ਕੀ ਕੱਢ ਛੱਡੀ ਸੀ।

"ਆਹ ਕੰਨਾਂ, ਮੁੰਦਰਾਂ ਦਾ ਕੰਮ ਜ਼ਰਾ ਔਖਾ ਏ, ਹੋਰ ਤਾਂ ਸਾਰੇ ਕਾਸੇ ਦਾ ਕੰਮ ਨਜਿੱਠ ਲਊਂਗਾ।"

ਜੱਗੀ ਦੇ ਬੋਲਾਂ ਵਿੱਚ ਇਮਤਿਹਾਨ ਵਿੱਚੋਂ ਫ਼ੇਲ ਹੋ ਜਾਣ ਦੀ ਸਾਫ਼ ਝਲਕ ਜ਼ਾਹਰ ਹੋਣ ਲੱਗ ਪਈ ਸੀ।

"ਆਇਆ ਵੱਡਾ ਆਸ਼ਕ ਬਣਨ।"

ਕਹਿੰਦੀ ਹੋਈ ਨੂਰਾਂ ਆਪਣੀਆਂ ਮੱਝਾਂ ਦਾ ਮੋੜਾ ਕਰਨ ਤੁਰ ਗਈ ਸੀ ਅਤੇ ਤੁਰੀ ਜਾਂਦੀ ਦੀ ਨਜ਼ਰ ਨਹਿਰ ਦੇ ਪੁਲ੍ਹ ਉੱਤੇ ਸਾਈਕਲ ਲਈ ਖੜੇ ਮਨਪ੍ਰੀਤ ਤੇ ਜਾ ਟਿਕੀ ਸੀ।

"ਇਸ ਦਾ ਮਤਲਬ ਪੰਮਾ ਠੀਕ ਹੀ ਕਹਿੰਦਾ ਸੀ, ਪਰ ਆਪਾਂ ਕੀ ਲੈਣਾ ਦੇਣਾ

ਗੁਜ਼ਰੀ ਤੋਂ?"

ਮਨਪ੍ਰੀਤ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ ਸਾਈਕਲ ਤੇ ਤੁਰ ਗਿਆ ਸੀ, ਤੇ ਜੱਗੀ ਇਕੱਲਾ ਖੜਾ ਰਹਿ ਗਿਆ ਸੀ ਹੱਥ ਮਲ੍ਹਦਾ ਨਹਿਰ ਦੀ ਪਟੜ੍ਹੀ ਉਤੇ, ਪਛਤਾ ਰਿਹਾ ਸੀ, ਦੌੜ੍ਹ ਕੇ ਗੁਜ਼ਰੀ ਦੇ ਹੱਥੋਂ ਸੋਟੀ ਨਹੀਂ ਸੀ ਫੜ੍ਹ ਹੋਈ ਆਸ਼ਕ ਬਣ ਜਾਣ ਲਈ, ਦਿੱਲ ਜੱਕਾਂ ਤੱਕਾਂ ਵਿੱਚ ਪੈ ਕੇ ਜੱਗੀ ਨੂੰ ਨਾ ਕਾਮ ਆਸ਼ਕ ਬਣਾ ਗਿਆ ਸੀ, ਵਕਤ ਜੱਗੀ ਦੇ ਹੱਥੋਂ ਖੁੰਝ ਗਿਆ ਸੀ।

*

ਮਨਪ੍ਰੀਤ ਆਪਣੇ ਘਰ ਜਾ ਕੇ ਰੋਜ਼ ਦੇ ਕਾਰੋਬਾਰ ਵਿੱਚ ਜਾ ਲੱਗਾ ਸੀ, ਬਰਾਂਡੇ ਵਿੱਚ ਕੀਂਲੀ ਉੱਤੇ ਟੰਗੀ ਹੋਈ ਸਣ ਦੀਆਂ ਲਟਾਂ ਦੀ ਵੱਟੀ ਹੋਈ ਰੱਸੀ ਲੈ ਕੇ ਬੇਹੜੇ ਦੇ ਗੇਟ ਵੱਲ ਨੂੰ ਤੁਰਿਆ ਹੀ ਸੀ ਕਿ ਪਿਛਿੱਓਂ ਕਿਸੇ ਨੇ ਧੀਮੀ ਜਹੀ ਅਵਾਜ਼ ਵਿੱਚ ਕਿਹਾ ਸੀ।

"ਕੀਹਦੇ ਨੱਥ ਪਾਉਣ ਦੀ ਤਿਆਰੀ ਹੋ ਰਹੀ ਆ?"

ਮਨਪ੍ਰੀਤ ਨੇ ਪਿਛੇ ਮੁੜਕੇ ਤੱਕਿਆ ਤਾਂ ਸ਼ਾਲੂ ਦੱਬੇ ਪੈਰੀਂ ਤੁਰੀ ਆ ਰਹੀ ਸੀ ਉਹਦੇ ਵੱਲ ਨੂੰ, ਸ਼ਾਲੂ ਗੁਆਂਢੀ ਕਰਿਆਨੇ ਦੀ ਦੁਕਾਨ ਵਾਲਿਆਂ ਲਾਲਿਆਂ ਦੀ ਕੁੜੀ ਸੀ, ਜੋ ਰੱਜ਼ ਕੇ ਖੁਬਸੂਰਤ ਅਤੇ ਬਹੁਤ ਹੀ ਸੋਹਣੇ ਨੈਣਾਂ ਨਕਸ਼ਾਂ ਦੀ ਮਾਲਕ ਸੀ, ਜੋ ਅਕਸਰ ਹੀ ਆਨੇ ਬਹਾਨੇ ਮਨਪ੍ਰੀਤ ਨਾਲ ਹਾੱਸਾ ਮਜ਼ਾਕ ਕਰਨ ਲਈ ਸਮਾਂ ਟੋਲ ਲੈਂਦੀ ਸੀ, ਹੁਣ ਕਾਲਜ਼ ਵਿੱਚ ਪੜ੍ਹਦੀ ਸੀ।

"ਪਾਉਣੀ ਤਾਂ ਤੇਰੇ ਸੀ, ਪਰ ਹੁਣ......।"

ਕਹਿੰਦਾ ਕਹਿੰਦਾ ਮਨਪ੍ਰੀਤ ਚੁੱਪ ਹੋ ਗਿਆ ਸੀ।

"ਨਾ, ਹੁਣ ਕੀ ਹੋ ਗਿਆ, ਜੇ ਮੇਰੇ ਪਾਉਣੀ ਸੀ।"

ਸ਼ਾਲੂ ਮਿਨਾ ਜਿਹਾ ਹਾੱਸਾ ਹੱਸਦੀ ਹੋਈ ਪੁੱਛ ਰਹੀ ਸੀ।

"ਮੈਂ, ਮੈਂ ਸੁਣਿਆ ਹੈ ਤੂੰ ਅਗਾਂਹ ਕਿਸੇ ਪ੍ਰੋਫੈਸਰ ਦੇ ਪਾ ਦਿੱਤੀ ਹੈ, ਇਸ ਕਰਕੇ ਮੈਂ ਆਪਣਾ ਵਿਚਾਰ ਕੈਂਸਲ ਕਰ ਦਿੱਤਾ ਹੈ।"

ਮਨਪ੍ਰੀਤ ਕਹਿ ਰਿਹਾ ਸੀ।

"ਸੋਹਣਾ ਕੀਤਾ, ਜੋ ਵਿਚਾਰ ਬਦਲ ਲਿਆ ਹੈ ਨਹੀਂ ਤਾਂ ਪਤਾ ਨਹੀਂ ਮੈਨੂੰ ਸ਼ਾਇਦ ਸਾਰੀ ਉਮਰ ਹੀ ਇੰਤਜ਼ਾਰ ਕਰਨਾ ਪੈਂਦਾ।"

ਸ਼ਾਲੂ ਮਜ਼ਾਕ ਵਿੱਚ ਮਨਪ੍ਰੀਤ ਨੂੰ ਕਹਿ ਰਹੀ ਸੀ।

"ਮੈਨੂੰ ਵੀ, ਕੁਝ ਏਦਾਂ ਹੀ ਲੱਗਦਾ ਆ, ਪਰ ਤੂੰ ਕਿਵੇਂ ਆਈ ਸੀ?"

ਮਨਪ੍ਰੀਤ ਪੁੱਛ ਰਿਹਾ ਸੀ ਸ਼ਾਲੂ ਤੋਂ।

"ਮੈਂ, ਮੈਂ ਤਾਂ ਸਿਰਫ ਕਾਰਡ ਦੇਣ ਆਈ ਸੀ"।

"ਕਾਰਡ, ਕਾਹਦਾ ਕਾਰਡ ਲਿਆਈ ਏਂ?"

ਮਨਪ੍ਰੀਤ ਨੇ ਪੁੱਛਿਆ ਸੀ ਸ਼ਾਲੂ ਤੋਂ।

"ਏਹਦੇ ਵਿਆਹ ਦਾ ਕਾਰਡ ਭਾਜੀ।"

ਮਨਪ੍ਰੀਤ ਦੇ ਪੁੱਛਣ ਤੇ ਸ਼ਾਲੂ ਨਾਲੋਂ ਪਹਿਲਾਂ ਹੀ ਹਰਜੀਤ ਬੋਲ ਪਿਆ ਸੀ ਜੋ ਮਨਪ੍ਰੀਤ ਦਾ ਛੋਟਾ ਭਰਾ ਸੀ।

ਸ਼ਾਲੂ ਤਾਂ ਕਾਰਡ ਫੜ੍ਹਾ ਕੇ ਚਲੀ ਗਈ ਸੀ, ਪਰ ਮਨਪ੍ਰੀਤ ਨੂੰ ਅੱਜ ਅਚਾਨਕ ਹੀ ਆਪਣਾ ਕੁਝ ਖੋਹ ਗਿਆ ਮਹਿਸੂਸ ਹੋਣ ਲੱਗਾ ਸੀ, ਦਿਲ ਦਾ ਇਕ ਕੋਨਾ ਖਾੱਲੀ ਖਾੱਲੀ ਲੱਗਣ ਲੱਗਿਆ ਸੀ, ਪਰ ਦਿਲ ਵਿੱਚ ਸ਼ਾਲੂ ਨੂੰ ਹਾਸਿਲ ਕਰਨ ਦੀ ਚਾਹਤ ਤਾਂ ਕਦੇ ਪੈਦਾ ਹੋਈ ਹੀ ਨਹੀਂ ਸੀ, ਪਰ ਤਾਂਵੀਂ ਉਸਦੇ ਦਿਲ ਵਿੱਚ ਕੋਈ ਹੱਲ ਚੱਲ ਜਹੀ ਹੋ ਰਹੀ ਸੀ, ਉਹ ਅੱਜ ਵਕਤ ਤੋਂ ਪਹਿਲਾਂ ਹੀ ਆਪਣੇ ਬੈੱਡ ਰੂਮ ਵਿੱਚ ਜਾ ਵੜ੍ਹਿਆ ਸੀ, ਮਨਪ੍ਰੀਤ ਨੂੰ ਚੈਨ ਨਹੀਂ ਸੀ ਆ ਰਿਹਾ, ਕਦੇ ਗੁਜ਼ਰੀ ਨੂਰਾਂ ਦੇ ਚੇਹਰੇ ਦੇ ਆਉਣ ਦਾ ਝਾਉਲ਼ਾ, ਕਦੇ ਸ਼ਾਲੂ ਦਾ ਜਾਂਦਾ ਚੇਹਰਾ ਖਿਆਲਾਂ ਵਿੱਚ ਭਟਕ ਰਿਹਾ ਸੀ।

"ਨਹੀਂ, ਨਹੀਂ ਮਾਲਿਕਾ, ਮੈਂ ਜ਼ੋਬਨ ਦੀ ਸੂਲ਼ੀ ਨਹੀਂ ਚੜ੍ਹਨਾ, ਮੈਂ ਇਸ਼ਕ ਦੇ ਰਾਹ ਨਹੀਂ ਤੁਰਨਾ, ਨਹੀਂ ਮੈਂ ਸੂਲ਼ੀ ਨਹੀਂ ਚੜ੍ਹਨਾ"

ਮਨਪ੍ਰੀਤ ਨੂੰ ਆਪਣਾ ਆਦਰਸ਼ ਯਾਦ ਸੀ, ਓਹ ਜ਼ੋਬਨ ਦੇ ਪੱਲੇ ਪਾਉਣ ਤੋਂ ਡਰਦਾ ਸੀ, ਪਰ ਡਰਪੋਕ ਵੀ ਨਹੀਂ ਸੀ, ਮਾਲਿਕ ਦੇ ਅੱਗੇ ਤਰਲੇ ਕੱਢ ਰਿਹਾ ਸੀ ਉਹ।

*

ਤਰਕਾਲ਼ਾਂ ਦਾ ਸਾਰਾ ਕੰਮ ਕਾਜ਼ ਮੁਕਾ ਕੇ ਨੂਰਾਂ ਆਪਣੇ ਅੱਬੂ ਦੇ ਮੰਜ਼ੇ ਦੇ ਲਾਗੇ ਪਏ ਆਪਣੇ ਮੰਜ਼ੇ ਤੇ ਬਿਸਤਰ ਵਿੱਚ ਆ ਬੈਠੀ ਸੀ,

"ਅੱਬੂ ਜਾਨ, ਨਿਕਾਹ ਕਿਵੇਂ ਹੁੰਦਾ ਹੈ?"

ਨੂਰਾਂ ਆਪਣੇ ਅੱਬਾ ਤੋਂ ਅਚਾਨਕ ਹੀ ਨਿਕਾਹ ਵਾਰੇ ਲਈ ਪੁੱਛਣ ਲੱਗੀ ਸੀ।

"ਤੈਨੂੰ ਨਹੀਂ ਪਤਾ?"

ਅੱਬੂ ਨੇ ਨੂਰਾਂ ਤੋਂ ਪੁੱਛਿਆ ਸੀ।

"ਮੈਨੂੰ, ਪਤਾ ਹੁੰਦਾ ਤਾਂ ਪੁੱਛਦੀ ਕਾਹਤੋਂ।"

ਨੂਰਾਂ ਕਹਿ ਰਹੀ ਸੀ।

"ਤੇਰਾ ਹੋ ਚੁੱਕਾ ਹੈ, ਤੈਨੂੰ ਯਾਦ ਨਹੀਂ?"

ਅੱਬੂ ਨੇ ਨੂਰਾਂ ਨੂੰ ਜ਼ਾਦ ਕਰਾਂਉਂਦੇ ਹੋਏ ਪੁੱਛਿਆ ਸੀ।

"ਨਹੀਂ, ਪਰ ਮੇਰਾ ਨਿਕਾਹ ਕਦੋਂ ਹੋ ਗਿਆ?"

ਨੂਰਾਂ ਤਾਂ ਇਕ ਦਮ ਤ੍ਰਬੱਕ ਹੀ ਗਈ ਸੀ, ਆਪਣੇ ਬਿਸਤਰੇ ਵਿੱਚ ਬੈਠੀ ਹੈਰਾਨੀ ਭਰੀਆਂ ਨਜ਼ਰਾਂ ਨਾਲ ਆਪਣੇ ਅੱਬਾ ਦਾ ਚੇਹਰਾ ਤੱਕ ਰਹੀ ਸੀ ਦੀਵੇ ਦੀ ਮੱਧਮ ਜਹੀ ਰੋਸ਼ਨੀ ਵਿੱਚ।

"ਅੱਛਾ, ਜੇ ਤੈਨੂੰ ਯਾਦ ਹੀ ਨਹੀਂ ਤਾਂ ਦੱਸਣ ਦਾ ਕੀ ਲਾਭ।"

ਅੱਬੂ ਕਹਿ ਰਿਹਾ ਸੀ।

"ਫਿਰ ਵੀ, ਕੁਝ ਤਾਂ ਪਤਾ ਲੱਗੇ ਮੈਨੂੰ ਵੀ।"

ਨੂਰਾਂ ਹਕੀਕਤ ਜਾਨਣ ਲਈ ਉਤਾਵਲੀ ਹੋ ਰਹੀ ਸੀ।

"ਤੇਰੀ ਅੰਮੀ, ਆਪਣੇ ਭਤੀਜੇ ਨਾਲ ਤੇਰੇ ਬਚਪਨ ਵਿੱਚ ਹੀ ਤੁਹਾਡਾ ਦੋਹਾਂ ਦਾ ਕਲਮਾ ਪੜ੍ਹਾ ਗਈ ਸੀ ਮੇਰੀ ਗੈਰ ਹਾਜ਼ਰੀ ਵਿੱਚ।"

ਮੁਹੰਮਦ ਖਾਨ ਦੀ ਕਿਸੇ ਦੁਖਦੀ ਰਗ਼ ਉੱਤੇ ਹੱਥ ਰੱਖਿਆ ਗਿਆ ਸੀ, ਦਰਦ ਚੇਹਰੇ ਉੱਤੋਂ ਸਾਫ਼ ਝਲਕ ਤੁਰਿਆ ਸੀ।

"ਹੱਦ ਹੋ ਗਈ ਏ ਅੱਬੂ-ਜਾਨ, ਮੇਰਾ ਨਿਕਾਹ ਹੋ ਚੁੱਕਿਆ ਅਤੇ ਮੈਨੂੰ ਪਤਾ ਵੀ ਨਹੀਂ ਲੱਗਿਆ, ਕੀ ਨਾਮ ਹੈ ਉਸਦਾ?"

ਨੂਰਾਂ ਆਪਣੇ ਅੱਬੂ ਤੋਂ ਪੁੱਛ ਰਹੀ ਸੀ।

"ਤੂੰ, ਭੁੱਲ ਜਾ ਓਸ ਨੂੰ, ਉਹ ਬਹੁਤ ਦੂਰ ਹੈ, ਪੂਰੇ ਬਾਰਾਂ ਸਾਲ ਹੋ ਗਏ ਹਨ ਉਸ ਨੂੰ ਦੇਖਿਆਂ, ਉਹ ਹੁਣ ਤੱਕ ਤੇਰੀ ਉਮੀਦ ਉੱਤੇ ਥੋੜੀ ਬੈਠਾ ਹੋਣਾ।"

ਅੱਬੂ ਸਮਝਾਣ ਦੀ ਕੋਸ਼ਿਸ਼ ਕਰ ਰਿਹਾ ਸੀ ਧੀ ਨੂਰਾਂ ਨੂੰ।

"ਓਹ, ਮੇਰੀ ਉਮੀਦੇ ਨਹੀਂ ਬੈਠਾ ਹੋਣਾ?"

ਨੂਰਾਂ ਦੇ ਕੁਝ ਸਮਝ ਨਹੀਂ ਸੀ ਪੈ ਰਿਹਾ, ਦਿਮਾਗ਼ ਵਿੱਚ ਨਵੇਂ ਖੁੱਲੇ ਰੱਹਸਿਆਂ ਨੇ ਖਲ ਬਲੀ ਮਚਾ ਦਿੱਤੀ ਸੀ, ਹਾਲੇ ਹੁਣੇ ਤਾਂ ਦੀਵਾਲੀ ਦੀ ਅੱਗ ਵਾਲੀ ਘਟਨਾ ਮੱਧਮ ਹੋਈ ਸੀ।

"ਸੌਂ ਜਾ ਧੀਏ ਹੁਣ"

ਮੁਹੰਮਦ ਖਾਨ ਨੇ ਨੂਰਾਂ ਦੇ ਸਵਾਲਾਂ ਤੋਂ ਖਹਿੜਾ ਛਡਾਉਣ ਲਈ ਆਪਣੀ ਧੀ ਨੂੰ ਸੌਂਣ ਲਈ ਜ਼ੋਰ ਦੇਣ ਦਾ ਯਤਨ ਕੀਤਾ ਸੀ, ਉਹ ਨਹੀਂ ਸੀ ਚਾਹੁੰਦਾ ਕਿ ਸੁੱਕੇ ਹੋਏ ਘਾਵਾਂ ਦੇ ਖਰਿੰਡ ਖਰੂੰਦੇ ਜਾਣ ਤੇ ਦੁਆਰਾ ਫਿਰ ਪਹਿਲਾਂ ਵਾਲੀਆਂ ਚੀਸਾਂ ਦੀ ਬਰਦਾਸ਼ਤ ਸਹਿਣੀ ਪਵੇ।

"ਪਰ, ਅੱਬੂ ਤੂੰ ਦੱਸਿਆ ਨਹੀਂ ਕਿ ਨਿਕਾਹ ਕਿਵੇਂ ਹੁੰਦਾ ਹੈ?"

ਨੂਰਾਂ ਨੇ ਫਿਰ ਜ਼ਿਦ ਕੀਤੀ ਸੀ।

"ਜਦੋਂ ਤੇਰਾ ਹੋਵੇਗਾ, ਤਾਂ ਤੂੰ ਖੁਦ ਹੀ ਦੇਖ ਲਵੀਂ।"

ਅੱਬੂ ਨੇ ਕਹਿ ਕੇ ਆਪਣਾ ਮੂੰਹ ਖੇਸੀ ਵਿੱਚ ਲਕੋ ਲਿਆ ਸੀ।

"ਤੂੰ ਬਹੁਤ ਚੰਗਾ ਏਂ ਅੱਬੂ-ਜਾਨ।"

ਕਹਿ ਕੇ ਨੂਰਾਂ ਵੀ ਆਪਣੇ ਖਿਆਲਾਂ ਵਿੱਚ ਨਿਕਾਹ ਦਾ ਨਕਸ਼ ਬਨਾਉਣ ਦੀ ਅਸਫਲ ਕੋਸ਼ਿਸ਼ ਕਰਨ ਲੱਗ ਪਈ ਸੀ, ਨਿਕਾਹ ਦੇ ਕਲਪਨਿਕ ਦੌਰ ਵਿੱਚ ਸ਼ੌਹਰ ਦੇ ਖਾਲੀ ਸਥਾਨ ਨੂੰ ਪੂਰਾ ਕਰਨ ਲਈ ਨੂਰਾਂ ਦਾ ਦਿਲ ਮਨਪ੍ਰੀਤ ਦਾ ਗਿਰੇਵਾਨ ਪਕੜ੍ਹ ਲਿਆਇਆ ਸੀ।

"ਹਾਂ, ਇਹ ਠੀਕ ਹੈ, ਇਹ ਮੇਰਾ ਸ਼ੌਹਰ ਹੋ ਸਕਦਾ ਹੈ।"

ਨੂਰਾਂ ਦੇ ਹੋਠ ਆਪ ਮੁਹਾਰੇ ਹੀ ਉਚੀ ਦੇ ਕੇ ਬੋਲ ਗਏ ਸਨ।

"ਨੂਰਾਂ, ਨੂਰਾਂ ਧੀਏ।"

ਕਹਿ ਕੇ ਅੱਬੂ ਇਕ ਦਮ ਮੰਜ਼ੇ ਉਤੋਂ ਉੱਠ ਹੀ ਖੜੋਤਾ ਸੀ।

"ਹਾਂ, ਅੱਬੂ ਜਾਨ।"

ਕਹਿ ਕੇ ਨੂਰਾਂ ਖੁਦ ਹੀ ਸ਼ਰਮਾ ਗਈ ਸੀ, ਨੂਰਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ।

"ਧੀਏ, ਕੀ ਹੋਇਆ ਤੈਨੂੰ? ਵੇਖੀਂ ਧੀਏ ਕਿਤੇ ਦੁਨੀਆਂ ਦੀ ਤਿਲਕਣ ਬਾਜ਼ੀ ਵਿੱਚ ਤਿਲਕ ਕੇ ਗੁੰਮ ਹੀ ਨਾ ਹੋ ਜਾਵੀਂ ਕਿਧਰੇ, ਜੇ ਕੁਛ ਗੱਲ ਹੈ ਤਾਂ ਦੱਸਦੇ ਮੈਨੂੰ, ਨਹੀਂ ਤੇ ਪੱਬ ਬੋਚ ਬੋਚ ਕੇ ਰੱਖੀਂ, ਅਗਾਂਹ ਤੂੰ ਆਪ ਸਿਆਣੀ ਏਂ ਧੀਏ।"

ਬਾਬੁਲ ਆਪਣੀ ਧੀ ਨੂੰ ਨਸੀਹਤ ਦੇ ਰਿਹਾ ਸੀ।

*

"ਤੈਨੂੰ ਵੇਖਿਆਂ ਸਬਰ ਨਾ ਆਵੇ,
ਯਾਰਾ ਤੇਰਾ ਘੁੱਟ ਭਰ ਲਾਂ।"

ਸਾਈਕਲ ਤੇ ਰਾਹੇ ਰਾਹੇ ਆਉਂਦਾ ਮਨਪ੍ਰੀਤ ਇਕ ਗੀਤ ਗੁਣ-ਗੁਣਾ ਰਿਹਾ ਸੀ।

"ਆ ਹੀ ਗਿਓਂ ਜੱਟਾ ਤੂੰ ਵੀ, ਮੈਂ ਵੀ ਏਹੋ ਸੋਚਦੀ ਸਾਂ ਕਿ ਸਾਰੇ ਪਿੰਡ ਦੇ ਆਸ਼ਕ ਤਾਂ ਗੁਜ਼ਰੀ ਦੀ ਅਦਾਲਤ ਵਿੱਚ ਪੇਸ਼ ਹੋ ਗਏ ਨੇ, ਪਰ ਤੂੰ ਕਿੱਥੇ ਭੁੱਲਿਆ ਰਿਹਾ ਹੁਣ ਤੱਕ?"

ਮੱਝਾਂ ਨੂੰ ਰਾਹੇ ਹੱਕੀ ਜਾਂਦੀ ਨੂਰਾਂ ਸੜਕੋਂ ਥੱਲੇ ਲਾਹ ਕੇ ਇਕ ਪੈਰ ਥੱਲੇ ਲਾ ਕੇ

ਸਾਈਕਲ ਉੱਤੇ ਬੈਠੇ ਮਨਪ੍ਰੀਤ ਵੱਲ ਮੂੰਹ ਘੁਮਾ ਕੇ ਸਾਧਾਰਨ ਤੌਰ ਤੇ ਪੁੱਛ ਰਹੀ ਸੀ।

"ਜਿੰਨੀ ਸੋਹਣੀ ਏਂ, ਓਨੀ ਤਿੱਖੀ ਵੀ ਲੱਗਦੀ ਏਂ, ਪਰ ਮੈਨੂੰ ਤਾਂ ਰਾਹ ਚਾਹੀਦਾ ਹੈ ਅੱਗੇ ਲੰਘਣ ਵਾਸਤੇ, ਕਰੀਂ ਜ਼ਰਾ ਮੱਝਾਂ ਇਕ ਪਾਸੇ ਨੂੰ।"

ਮਨਪ੍ਰੀਤ ਕਹਿ ਰਿਹਾ ਸੀ।

"ਘੁੱਟ ਭਰਦਾ ਭਰਦਾ, ਰਾਹ ਮੰਗਣ ਲੱਗ ਪਿਆਂ ਏਂ, ਤਬੀਅਤ ਤਾਂ ਠੀਕ ਹੈ ਤੇਰੀ?"

ਨੂਰਾਂ ਬਿਨਾ ਕਿਸੇ ਝਿਜ਼ਕ ਦੇ ਉਸ ਤੋਂ ਪੁੱਛ ਗਈ ਸੀ।

"ਵੱਸ, ਏਨਾ ਕੁ ਹੀ ਸ਼ੌਂਕ ਹੈ, ਜ਼ਿਆਦਾ ਨਹੀਂ।"

ਮਨਪ੍ਰੀਤ ਨੇ ਜ਼ਵਾਬ ਦਿਤਾ ਸੀ।

"ਇਕ ਵਾਰੀ, ਮੇਰੇ ਵੱਲ ਵੇਖ ਕੇ ਤਾਂ ਗੱਲ ਕਰ ਚੰਦਰਿਆ, ਮੈਂ ਤੇਰੇ ਵੱਲ ਵੇਖ ਰਹੀ ਹਾਂ, ਤੂੰ ਮੈਨੂੰ ਮੇਰਾ ਆਪਣਾ ਕਿਉਂ ਲੱਗਦਾ ਏਂ?"

ਨੂਰਾਂ ਭਾਬੁਕ ਜਹੀ ਹੋ ਉੱਠੀ ਸੀ, ਖ਼ੁਆਬਾਂ ਦਾ ਸ਼ਹਿਜ਼ਾਦਾ ਹਕੀਕਤ ਦੀ ਦੁਨੀਆਂ ਵਿੱਚ ਉਸ ਦਾ ਹਮਰਾਹੀ ਹੋ ਗਿਆ ਸੀ, ਅਤੇ ਮਨਪ੍ਰੀਤ ਵੀ ਸਾਈਕਲ ਤੋਂ ਉਤਰ ਕੇ ਡੰਗਰਾਂ ਦੇ ਪਿੱਛੇ ਪਿੱਛੇ ਨੂਰਾਂ ਦੇ ਨਾਲ ਪੈਦਲ ਚੱਲ ਪਿਆ ਸੀ।

"ਇਸ਼ਕ ਹੋ ਗਿਆ ਏ ਸੋਹਣਿਆ, ਮੈਨੂੰ ਤੇਰੇ ਨਾਲ, ਤੂੰ ਅੱਖ ਵੀ ਨਹੀਂ ਚੁੱਕਦਾ ਮੇਰੇ ਵੱਲ, ਕਦੋਂ ਤੱਕ ਇਹਨਾ ਅੱਖਾਂ ਨੂੰ ਡੱਕ ਕੇ ਰੱਖੇਂਗਾ? ਜਾਹ ਲੰਘ ਜਾਹ ਅੱਗੇ ਜੇ ਬਹੁਤਾ ਜ਼ਲਦੀ ਵਿੱਚ ਏਂ, ਮੈਂ ਤੈਨੂੰ ਫਿਰ ਦੇਖਣ ਦੀ ਉਡੀਕ ਕਰਾਂਗੀ।"

ਨੂਰਾਂ ਕਹਿ ਰਹੀ ਸੀ।

"ਨਾ, ਨਾ, ਇਹ ਕੰਮ ਨਾ ਕਰੀਂ।"

ਮਨਪ੍ਰੀਤ ਨੇ ਝੱਟ ਕਹਿ ਦਿਤਾ ਸੀ।

"ਕਿਉਂ, ਇਹ ਕੋਈ ਗ਼ੁਨਾਹ ਹੈ?"

ਨੂਰਾਂ ਨੇ ਪੁੱਛਿਆ ਲਿਆ ਸੀ।

"ਨਹੀਂ, ਗ਼ੁਨਾਹ ਤਾਂ ਨਹੀਂ, ਪਰ ਇਸ ਵਿੱਚੋਂ ਹਾਸਿਲ ਕੁਛ ਨਹੀਂ ਹੋਣਾ।"

ਮਨਪ੍ਰੀਤ ਇਸ ਇਸ਼ਕ ਸ਼ਹਿਨਸ਼ਾਹ ਦਾ ਗੁਲਾਮ ਨਹੀਂ ਸੀ ਬਣਨਾ ਚਾਹੁੰਦਾ।

"ਤੂੰ ਤਾਂ ਫਿਰ, ਬੰਦਿਆ ਸੱਚ ਮੁੱਚ ਹੀ ਬੁੱਧੂ ਏਂ, ਕੀ ਉਹ ਸਾਰੇ ਬੇਵਕੂਫ ਨੇ ਜਹਿੜੇ ਸਵੇਰ ਤੋਂ ਸ਼ਾਮ ਤੱਕ ਆਨੇ ਬਹਾਨੇ ਮੇਰੇ ਪਿੱਛੇ ਗੇੜ੍ਹੇ ਮਾਰਦੇ ਰਹਿੰਦੇ ਨੇ? ਪਰ ਮੈਂ ਤਾਂ ਤੇਰੀ ਹੋ ਗਈ ਹਾਂ ਸੱਜਣਾ।"

"ਤੂੰ, ਮਰਵਾਵੇਂਗੀ ਮੈਨੂੰ ਬਿਨ ਆਈ ਤੋਂ ਹੀ।"

ਮਨਪ੍ਰੀਤ ਕਹਿ ਰਿਹਾ ਸੀ।

"ਮਰਨਾ ਤਾਂ, ਇਕ ਦਿਨ ਸਭ ਨੇ ਹੀ ਹੈ, ਫਿਰ ਕਿਉਂ ਨਾ ਇਸ਼ਕ ਕਰਕੇ ਹੀ ਮਰਿਆ ਜਾਵੇ।"

ਨੂਰਾਂ ਬਿਨਾ ਕਿਸੇ ਖ਼ੌਫ਼ ਤੋਂ ਬੇ ਝਿਜ਼ਕ ਬੋਲੀ ਜਾ ਰਹੀ ਸੀ।

"ਫਿਰ ਵੀ, ਸੋਚ ਲੈ, ਇਹ ਇਸ਼ਕ ਅੱਗ ਦਾ ਦਰਿਆ ਹੁੰਦਾ ਹੈ, ਇਹਦੇ ਵਿੱਚ ਜਿਸ ਨੇ ਵੀ ਪੈਰ ਧਰਿਆ ਹੈ ਉਹ ਜਿਊਂਦਾ ਕਦੇ ਨਹੀਂ ਪਰਤਿਆ, ਕਿਉਂ ਖ਼ੁਦ ਨੂੰ ਤਬਾਹ ਕਰਨ ਤੇ ਤੁਲੀ ਹੋਈ ਏਂ?"

ਨੂਰਾਂ ਨੂੰ ਇਸ਼ਕ ਦੀ ਅਸਲੀਅਤ ਸਮਝਾਣ ਦੀ ਕੋਸ਼ਿਸ਼ ਕਰ ਰਿਹਾ ਸੀ ਮਨਪ੍ਰੀਤ।

"ਜਾਹ ਵੇ ਜੱਟਾ, ਤੂੰ ਵੀ ਓਹੋ ਨਹੀਂਓਂ ਲੱਗਦੈਂ, ਜੋ ਮੇਰਾ ਪਾਗ਼ਲ ਦਿੱਲ ਤੇਰੇ ਵਾਰੇ ਸੋਚ ਰਿਹਾ ਸੀ।"

ਨੂਰਾਂ ਨੇ ਉਸਨੂੰ ਤਾਹਨਾ ਜਿਹਾ ਮਾਰਦੀ ਹੋਈ ਨੇ ਕਿਹਾ ਸੀ।

"ਮੈਂ, ਮੈਂ ਤਾਂ ਓਹੀ ਹਾਂ ਜੋ ਤੂੰ ਸੋਚਦੀ ਏਂ, ਪਰ ਤੂੰ ਇਸ ਕਮਬਖ਼ਤ ਇਸ਼ਕ ਨੂੰ ਸੁੱਤਾ ਹੀ ਰਹਿਣ ਦੇ, ਨਹੀਂ ਤੇ ਰਾੱਤਾਂ ਨੂੰ ਉੱਠ ਉੱਠ ਨੱਸਿਆ ਕਰੇਂਗੀ, ਕੱਖਾਂ ਵਿੱਚ ਰੁਲ੍ਹ ਜਾਂਵੇਗੀ, ਇਹ ਚੰਦਰਾ ਤਾਂ ਵਿਸ਼ੀਅਰ ਨਾਗ਼ ਤੋਂ ਵੀ ਜ਼ਹਿਰੀਲਾ ਹੁੰਦਾ ਹੈ, ਡੰਗ ਜਾਊਗਾ, ਜਾਹ ਘਰ ਮੁੜ ਜਾ, ਇਸ਼ਕ ਵਿੱਚ ਕੁਝ ਨਹੀਂ ਜੇ ਰੱਖਿਆ, ਮੈਂ ਹਰ ਜਨਮ ਇਸ਼ਕ ਦੀ ਹੱਦ ਤੋਂ ਗੁਜ਼ਰਨਾ ਨਹੀਂ ਚਾਹੁੰਦਾ।"

ਨੂਰਾਂ ਨੂੰ ਇਸ਼ਕ ਕਰਨ ਤੋਂ ਵਰਜ਼ ਰਿਹਾ ਸੀ ਮਨਪ੍ਰੀਤ।

"ਦਸਤੂਰ ਤੋੜ ਦੇਵੇਂਗਾ ਇਸ਼ਕ ਦਾ?"

ਨੂਰਾਂ ਪੁੱਛ ਰਹੀ ਸੀ।

"ਨਹੀਂ, ਦੂਰ ਚਲਾ ਜਾਂਵਾਂਗਾ, ਜਿਥੇ ਇਹਨਾ ਅੱਖਾਂ ਨੂੰ ਤੂੰ ਨਜ਼ਰ ਨਾ ਆ ਸਕੇਂਗੀ।"

ਮਨਪ੍ਰੀਤ ਨੇ ਕਿਹਾ ਸੀ।

"ਫਿਰ ਤਾਂ, ਡਰਪੋਕ ਹੋਵੇਂਗਾ।"

ਨੂਰਾਂ ਕਹਿ ਰਹੀ ਸੀ।

"ਨਹੀਂ, ਡਰਪੋਕ ਨਹੀਂ, ਪਰ ਮੈਂ ਇਹਨਾ ਅੱਖਾਂ ਨੂੰ ਡੱਕ ਲਵਾਂਗਾ, ਤੇਰੇ ਵੱਲ ਤੱਕਣ ਨਹੀਂ ਦੇਵਾਂਗਾ।"

ਮਨਪ੍ਰੀਤ ਨੇ ਜਵਾਬ ਦਿੱਤਾ ਸੀ।

"ਦੱਸ, ਅੱਜ ਤਾਈਂ ਕੋਈ ਡੱਕ ਸਕਿਆ ਇਹਨਾ ਅੱਖਾਂ ਨੂੰ?"

ਨੂਰਾਂ ਨੇ ਉਸਤੋਂ ਪੁੱਛਿਆ ਸੀ।

"ਤੂੰ ਵੀ ਨਹੀਂ ਡੱਕ ਸਕੇਂਗੀ ਇਹਨਾ ਨੂੰ?"

ਮਨਪ੍ਰੀਤ ਨੇ ਨੂਰਾਂ ਤੋਂ ਪੁੱਛਿਆ ਸੀ।

"ਨਹੀਂ, ਮੈਂ ਵੀ ਨਹੀਂ ਡੱਕ ਸਕਾਂਗੀ, ਇਹ ਮੇਰੇ ਇਖ਼ਤਿਆਰ ਤੋਂ ਬਾਹਰ ਦੀ ਗੱਲ ਹੈ।"

ਨੂਰਾਂ ਆਪਣੀ ਬੇਵਸੀ ਦੱਸ ਰਹੀ ਸੀ ਉਸਨੂੰ।

"ਮੈਨੂੰ ਲੱਗਦੈ, ਗੁਜ਼ਰੀਏ ਤੂੰ ਜ਼ਰੂਰ ਕੋਈ ਚੰਦ ਚਾੜੇਂਗੀ।"

ਮਨਪ੍ਰੀਤ ਨੇ ਮਿੰਨਾ ਜਿਹਾ ਹਾੱਸਾ ਹੱਸਦੇ ਹੋਏ ਨੇ ਕਿਹਾ ਸੀ।

"ਚੰਦ ਚਾੜਨਾ ਵੀ, ਤੇ ਡੋਬਣਾ ਵੀ ਹੁਣ ਤੇਰੇ ਹੱਥ ਵਿੱਚ ਹੈ ਸੱਜਣਾ।"

ਨੂਰਾਂ ਨੇ ਸਾਰਾ ਫ਼ੈਸਲਾ ਮਨਪ੍ਰੀਤ ਉਤੇ ਛੱਡ ਦਿੱਤਾ ਸੀ।

"ਤੂੰ, ਮੈਨੂੰ ਵਕਤ ਤੋਂ ਪਹਿਲਾਂ ਹੀ ਮਿਲ ਗਈਂ ਏਂ ਗੁਜ਼ਰੀਏ।"

ਮਨਪ੍ਰੀਤ ਕਹਿ ਰਿਹਾ ਸੀ।

"ਜੇ, ਤੂੰ ਕਹੇਂ ਤਾਂ ਤੁਰ ਜਾਵਾਂ ਸਦਾ ਲਈ? ਪਰ ਤੂੰ ਇਸ ਦਾ ਜਵਾਬ ਨਹੀਂ ਦੇ ਸਕੇਂਗਾ, ਓਥੇ ਸਿਵਿਆਂ ਵਿੱਚ ਇਕ ਮੜ੍ਹੀ ਹੈ, ਅੱਧੀ ਰਾਤ ਪਹਿਰ ਦੇ ਤੜਕੇ ਇੰਤਜ਼ਾਰ ਕਰਾਂਗੀ ਮੈਂ।"

ਨੂਰਾਂ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

"ਨਹੀਂ, ਨਹੀਂ, ਮੈਂ ਨਹੀਂ ਆ ਸਕਾਂਗਾ।"

ਮਨਪ੍ਰੀਤ ਇਕ ਦਮ ਚੌਂਕ ਹੀ ਤਾਂ ਉੱਠਿਆ ਸੀ ਨੂਰਾਂ ਦੇ ਮੂੰਹੋਂ ਇੰਤਜ਼ਾਰ ਦਾ ਸੁਣ ਕੇ।

"ਮੈਂ, ਤੈਨੂੰ ਆਉਣ ਲਈ ਨਹੀਂ ਕਹਿ ਰਹੀ, ਸਿਰਫ ਕਹਿ ਰਹੀ ਹਾਂ।"

ਨੂਰਾਂ ਇਹ ਕਹਿੰਦੀ ਕਹਿੰਦੀ ਮੱਝਾਂ ਨੂੰ ਮੋੜਨ ਬਹਾਨੇ ਖੇਤਾਂ ਵੱਲ ਨੂੰ ਹੋ ਤੁਰੀ ਸੀ, ਤੇ ਮਨਪ੍ਰੀਤ ਓਥੇ ਖੜਾ ਜਾਂਦੀ ਗੁਜ਼ਰੀ ਦੀ ਪਿੱਠ ਤੱਕਦਾ ਰਹਿ ਗਿਆ ਸੀ। ਕਾਲੀ ਚੁੰਨੀ, ਚਿੱਟਾ ਕੁੜਤਾ ਤੇ ਕਾਲੀ ਸਲਵਾਰ ਪਹਿਨੀ ਉਹ ਕਿੰਨੀ ਸੋਹਣੀ ਲੱਗ ਰਹੀ ਸੀ, ਬਿਲਕੁਲ ਵਾਰਿਸ-ਸ਼ਾਹ ਦੀ ਕਿਸੇ ਹੀਰ ਵਰਗੀ।

"ਮਨਾ ਕਿਓਂ ਮੇਰੇ ਸਬਰ ਨੂੰ ਲੀਕਾਂ ਲਾਉਨਾ ਏਂ? ਰੁਕ ਜਾ ਇਸ ਰਾਹ ਉੱਤੇ ਪੈਰ ਧਰਨ ਤੋਂ ਪਹਿਲਾਂ, ਆਸ਼ਕ ਨਾ ਹੋ ਜਾਵੀਂ ਇਸ ਬਲਾ ਦੇ ਹੁਸਨ ਦਾ, ਯਾਦ ਕਰ ਕਰ ਰੋਇਆ ਕਰੇਂਗਾ, ਹਾਲੋਂ ਬੇ-ਹਾਲ ਹੋ ਜਾਵੇਂਗਾ, ਜੀਊਣਾ ਮੁਸ਼ਕਲ ਹੋ ਜਾਵੇਗਾ।"

ਮਨਪ੍ਰੀਤ ਆਪਣੇ ਮਨ ਨੂੰ ਵਰਜ਼ਦਾ ਹੋਇਆ ਜੋਗੀ ਹੁਣਾ ਦਾ ਲਿਖਿਆ ਹੋਇਆ ਇਕ ਗੀਤ

"ਇਹਨਾ ਰਾਹਾਂ ਤੇ ਚੱਲੀਂ ਨਾ ਸੱਜਣਾ,

ਇਸ਼ਕ ਨਾ.ਗ ਡੰਗ ਜਾਊਗਾ।
ਤੇਰਾ ਜ਼ਿੰਦਗੀ ਲਈ ਹੱਸ-ਹੱਸ ਜੀਣਾ,
ਖੋਹ ਹੰਝੂਆਂ ਦੇ ਸੰਗ ਜਾਉਗਾ।
ਗੁਣ ਗੁਣਾਉਂਦਾ ਹੋਇਆ ਆਪਣੇ ਖੇਤਾਂ ਵੱਲ ਨੂੰ ਹੋ ਤੁਰਿਆ ਸੀ।

*

"ਮੈਂ ਕਿਆ, ਵਿੱਚ ਨਾ ਵੜਿਆ ਕਰੋ, ਬੱਟਾਂ ਬੰਨਿਆਂ ਤੋਂ ਹੀ ਕੱਢਿਆ ਕਰੋ।"

ਖੇਤ ਦੀ ਵੱਟ ਤੇ ਖੜਾ ਮਨਪ੍ਰੀਤ ਕਣਕ ਵਿੱਚੋਂ ਪੱਠੇ ਕੱਢ ਰਹੀਆਂ ਪੱਠਿਆਂ ਵਾਲੀਆਂ ਨੂੰ ਕਹਿ ਰਿਹਾ ਸੀ।

"ਮੈਂ ਤਾਂ ਦਿਓਰਾ ਵਿੱਚੋਂ ਹੀ ਕੱਢਣੇ ਆਂ, ਹਿੰਮਤ ਹੈ ਤਾਂ ਬਾਹੋਂ ਫੜ੍ਹਕੇ ਬਾਹਰ ਕੱਢ ਦੇ।"

ਦੌਲੇ ਦੀ ਨੌਂਹ "ਕਮੋ" ਨੈਣ ਨਕਸ਼ ਤਿੱਖੇ, ਨਜ਼ਰ ਨਸ਼ੀਲੀ ਨਾਲ ਮਨਪ੍ਰੀਤ ਵੱਲ ਤੱਕਦੀ ਹੋਈ ਜ਼ਵਾਬ ਦੇ ਰਹੀ ਸੀ।

"ਤੁਹਾਡਾ ਵੀ, ਆਵਾ ਊਤਣ ਲੱਗ ਪਿਆ? ਚੱਲਦੇ ਭਲੇ ਆਂ ਏਥੋਂ ਵੀ, ਤੂੰ ਭਾਬੀ, ਵਿੱਚੋਂ ਕੱਢ ਜਾਂ ਬਾਹਰੋਂ, ਮੈਂ ਨਹੀਂ ਮੁੜ ਕੇ ਕਹਿੰਦਾ।"

ਮਨਪ੍ਰੀਤ, ਵੱਟੇ ਵੱਟੇ ਮੋਟਰ ਵੱਲ ਨੂੰ ਤੁਰ ਪਿਆ ਸੀ।

"ਨਾਲੇ ਭਾਬੀ ਕਹਿਨੈ, ਨਾਲੇ ਮੁੱਖ ਮੋੜਦੈਂ।"

ਕਮੋਂ ਨੇ ਝੋਲ੍ਹੀ ਵਿੱਚ ਰੁੱਗ ਮੈਨੇ ਦਾ ਪਾਉਂਦੀ ਹੋਈ ਨੇ ਤੁਰੇ ਜਾਂਦੇ ਮਨਪ੍ਰੀਤ ਦੀ ਪਿੱਠ ਤੱਕਦੇ ਹੋਏ ਕਿਹਾ ਸੀ।

ਵਿਆਹ ਦੀ ਵਰ੍ਹੇ ਗੰਢ ਮਨਾਉਣ ਤੋਂ ਪਹਿਲੋਂ ਹੀ ਮਾਹੀ ਮੱਕੇ ਜਾ ਬੈਠਾ ਸੀ, ਕਮੋਂ ਦਾ ਘਰਵਾਲਾ ਅਰਬ ਵਿੱਚ ਸੀ ਪਿਛਲੇ ਦੋ ਸਾਲਾਂ ਤੋਂ।

"ਸਿਆਣੇ ਕਹਿੰਦੇ ਨੇ, ਜ਼ਨਾਨੀ ਨੂੰ ਏਧਰ ਓਧਰ ਮੂੰਹ ਨਹੀਂ ਮਾਰਨਾ ਚਾਹੀਦਾ ਵਿਆਹ ਤੋਂ ਬਾਅਦ।"

ਮਨਪ੍ਰੀਤ, ਜਾਂਦਾ ਜਾਂਦਾ ਕਮੋਂ ਨੂੰ ਕਹਿ ਰਿਹਾ ਸੀ।

"ਜਿਹਦੇ ਮੂਹਰੇ ਖ਼ੁਰਲੀ ਹੀ ਨਾ ਹੋਵੇ, ਓਹਨਾ ਦੇ ਵਾਰੇ ਕੀ ਕਹਿੰਦੇ ਨੇ ਤੇਰੇ ਸਿਆਣੇ? ਸਿਆਣਿਆਂ ਨੇ ਆਪ ਤਾਂ ਖਾਹ ਖੱਟ ਲਿਆ ਹੁੰਦਾ, ਤੇ ਦੂਸਰੇ ਇਹਨਾ ਤੋਂ ਜ਼ਰ ਨਹੀਂ ਹੁੰਦੇ, ਵੇਹਲੇ ਮੰਜ਼ੇ ਤੋੜਦੇ ਗੱਲਾਂ ਕਰਦੇ ਰਹਿੰਦੇ ਨੇ, ਜੇ ਤੂੰ ਭਰ ਜ਼ਵਾਨੀ ਵਿੱਚ ਸਿਆਣਿਆਂ ਮਗਰ ਲੱਗ ਗਿਆ ਤਾਂ ਸਿਆਣਾ ਹੋ ਕੇ ਝੂਰੇਂਗਾ, ਆਪਣੇ ਆਪ ਨੂੰ ਦੇਖ ਦੇਖ ਕੇ ਮੋਰ ਵਾਂਗੂ।"

ਕਮੋਂ ਹੇਠਾਂ ਨਹੀਂ ਸੀ, ਖੇਤਾਂ ਦੀ ਖੁੱਲੀ ਹਵਾ ਦਾ ਕਾਫੀ ਅਸਰ ਸੀ ਕਮੋਂ ਉੱਤੇ।

"ਮੁੜ ਕੇ ਆਉਨਾ ਮੈਂ।"

ਮਨਪ੍ਰੀਤ ਨੇ ਜਿਵੇਂ ਪੱਠਿਆਂ ਵਾਲੀਆਂ ਤੋਂ ਆਪਣਾ ਖਹਿੜਾ ਛਡਾਉਣ ਲਈ ਹੀ ਕਿਹਾ ਸੀ।

"ਗਿਆ ਨਹੀਂ ਕੋਈ ਮੁੜਿਆ।"

ਕਮੋਂ ਨਹੀਂ ਸੀ ਚਾਹੁੰਦੀ ਕਿ ਜੱਟ ਸੁੱਕਾ ਹੀ ਨਿਕਲ ਜਾਵੇ।

"ਫਿਰ, ਮੇਰੀ ਉਡੀਕ ਵੀ ਨਾ ਕਰੀਂ।"

ਕਹਿੰਦਾ ਕਹਿੰਦਾ ਮਨਪ੍ਰੀਤ ਆਪਣਾ ਰਸਤਾ ਨਾਪ ਗਿਆ ਸੀ, ਤੇ ਕਮੋਂ ਨੀਝ ਲਾਈ ਇੰਜ਼ ਤੱਕ ਰਹੀ ਸੀ, ਜਿਵੇਂ ਓਹ ਜਾਂਦੇ ਜ਼ਾਮ ਨੂੰ ਇਕੋ ਡੀਕ ਲਾ ਕੇ ਪੀ ਜਾਣਾ ਚਾਹੁੰਦੀ ਹੋਵੇ।

"ਬਿਨ ਮਾਹੀ ਕਿਵੇਂ ਮੈਂ ਅੱਖ ਲਾਵਾਂ,
ਰਾੱਤਾਂ ਦੀ ਮੇਰੀ ਨੀਂਦ ਉੱਡ ਗਈ"
ਦਿਲ ਸਮਝੇ ਨਾ ਕਿੰਝ ਸਮਝਾਵਾਂ,
ਰਾੱਤਾਂ ਦੀ ਮੇਰੀ ਨੀਂਦ ਉੱਡ ਗਈ"

ਪੀਰਾਂ ਦੀ ਦਰਗਾਹ ਤੇ ਵੱਜਦੇ ਲਾਉਡ ਸਪੀਕਰ ਉੱਤੇ ਜੋਗੀ ਹੋਰਾਂ ਦੀ ਲਿਖੀ ਹੋਈ ਇਕ ਕਬਾਲੀ ਦੇ ਬੋਲ ਕਿਸੇ ਕਬਾਲ ਦੀ ਅਵਾਜ਼ ਰਾਹੀਂ ਸਾਰੀ ਫਿਦਾ ਵਿੱਚ ਮਿਸ਼ਰੀ ਬਣ ਘੁਲ੍ਹ ਰਹੇ ਸਨ।

*

ਕਾਲੀ ਹਨੇਰੀ ਰਾਤ ਵਿੱਚ ਬੂੰਦਾ ਬਾਂਦੀ ਹੋਣ ਲੱਗ ਪਈ ਸੀ, ਠੰਡੀ ਠਾਰ ਹਵਾ ਦੇ ਝੋਂਕੇ ਰੂਹ ਤੱਕ ਨੂੰ ਠਾਰਦੇ ਜਾਂਦੇ ਸਨ, ਜ਼ਮੀਨ ਉਤੇ ਤਿਲਕਣ ਜਹੀ ਹੋ ਰਹੀ ਸੀ।

"ਸੰਭਲ ਕੇ, ਕਦਮ ਪੁੱਟ ਧੀਏ, ਤਿਲਕਣ ਬਹੁਤ ਹੈ, ਪੈਰ ਨਾ ਤਿਲਕ ਜਾਵੇ।"

ਮੁਹੰਮਦ ਖ਼ਾਨ ਛੱਪਰ ਦੇ ਦਰਵਾਜ਼ੇ ਵਿੱਚ ਖੜਾ ਬਾਹਰ ਬਾੜੇ ਵਿੱਚ ਮੱਝਾਂ ਨੂੰ ਰੱਸਿਆਂ ਨਾਲ ਨੂੜਦੀ ਆਪਣੀ ਧੀ ਨੂਰਾਂ ਨੂੰ ਕਹਿ ਰਿਹਾ ਸੀ।

"ਲੈ, ਐਵੇਂ ਪੈਰ ਤਿਲਕ ਜੂਗਾ ਬਿਨਾ ਪੁੱਛੇ ਦੱਸੇ...?"

ਕਹਿੰਦੀ ਕਹਿੰਦੀ ਨੂਰਾਂ ਸੱਚੀਂ ਮੁੱਚੀਂ ਹੀ ਤਿਲਕ ਕੇ ਧੜੱਮ ਕਰਕੇ ਜ਼ਮੀਨ ਉਤੇ ਡਿਗ ਪਈ ਸੀ, ਤੇ ਮੁਹੰਮਦ ਖ਼ਾਨ ਖਿੜ ਖਿੜਾ ਕੇ ਹੱਸ ਪਿਆ ਸੀ ਧੀ ਵੱਲ ਦੇਖ ਕੇ, ਨੂਰਾਂ ਦੇ ਸਾਰੇ ਕਪੜੇ ਲਿਬੜ ਗਏ ਸਨ।

"ਸੱਟ ਤੇ ਨਹੀਂ ਲੱਗੀ ਧੀਏ?"

ਨੂਰਾਂ ਦਾ ਅੱਬੂ ਨੂਰਾਂ ਤੋਂ ਪੁੱਛ ਰਿਹਾ ਸੀ।

"ਨਹੀਂ, ਅਜੇ ਤਾਂ ਬਚ ਗਈ ਹਾਂ ਅਬੂ।"

ਨੂਰਾਂ ਨੇ ਨੀਵੀਂ ਜਹੀ ਪਾ ਕੇ ਹੌਲ੍ਹੀ ਜਹੀ ਕਿਹਾ ਸੀ।

"ਮੈਂ, ਇਸੇ ਕਰਕੇ ਹੀ ਕਹਿੰਦਾ ਰਹਿੰਦਾ ਹਾਂ ਕਿ ਨਿਗ੍ਹਾ ਆਪਣੇ ਪੈਰਾਂ ਤੇ ਰੱਖਿਆ ਕਰ, ਉਪਰ ਨਾ ਚੁੱਕੀਂ, ਨਹੀਂ ਤੇ ਕਦੇ ਜ਼ਿਆਦਾ ਸੱਟ ਲੱਗ ਗਈ ਤਾਂ ਮੈਨੂੰ ਵੀ ਬਿਪਤਾ ਪਾਵੇਂਗੀ।"

ਬਾਬੁਲ ਆਪਣੀ ਧੀ ਨੂੰ ਸਿੱਖਿਆ ਦੇ ਰਿਹਾ ਸੀ ਇਕ ਮਾਂ ਵਾਂਗੂ।

"ਹੁਣ ਤੇ, ਜੋ ਹੋਣਾ ਸੀ ਹੋ ਗਿਆ ਏ ਅੱਬੂ-ਜਾਨ।"

ਨੂਰਾਂ ਉੱਠ ਕੇ ਆਪਣੇ ਲਿਬੜੇ ਹੋਏ ਕਪੜੇ ਵੇਖਦੀ ਵੇਖਦੀ ਨਲ੍ਹਕੇ ਵੱਲ ਨੂੰ ਤੁਰ ਪਈ ਸੀ ਮੀਂਹ ਪੈਂਦੇ ਵਿੱਚ, ਵਰਖ਼ਾ ਦੀਆਂ ਬੂੰਦਾਂ ਨੂਰਾਂ ਦੀਆਂ ਜ਼ੁਲਫਾਂ ਤੋਂ ਤਿਲਕ ਤਿਲਕ ਕੇ ਧਰਤੀ ਉੱਤੇ ਡਿਗ ਰਹੀਆਂ ਸਨ ਸ਼ਬਨਮ ਦੇ ਮੋਤੀ ਬਣ ਬਣ ਕੇ।

"ਛੇਤੀਂ ਕਰ, ਗਿੱਲੇ ਕਪੜੇ ਲਾਹ ਕੇ ਸੁੱਕੇ ਕਪੜੇ ਪਹਿਨ ਕੇ ਬਿਸਤਰੇ ਵਿੱਚ ਵੜ੍ਹ ਜਾ, ਨਹੀਂ ਤੇ ਠੰਡ ਲੱਗ ਜਾਵੇਗੀ।"

ਮੁਹੰਮਦ ਖ਼ਾਨ ਆਪਣੀ ਧੀ ਨੂਰਾਂ ਨੂੰ ਕਹਿ ਰਿਹਾ ਸੀ।

ਮੁਹੰਮਦ ਖ਼ਾਨ ਰਾਤ ਨੂੰ ਸੌਣ ਤੋਂ ਪਹਿਲਾਂ ਅਕਸਰ ਕੁਰਾਨ-ਸ਼ਰੀਫ਼ ਚੋਂ ਕੁਝ ਆਇਤਾਂ ਯਾਦ ਫ਼ਰਮਾਉਂਦਾ ਹੁੰਦਾ ਸੀ।

"ਅੱਬੂ-ਜਾਨ! ਕੀ ਰਾਤ ਸਿਰਫ਼ ਸੌਣ ਲਈ ਹੀ ਬਣੀ ਹੈ?"

ਨੂਰਾਂ ਨੇ ਆਪਣੇ ਅੱਬੂ ਤੋਂ ਭੋਲ੍ਹੇ ਪਨ ਵਿੱਚ ਪੁੱਛਿਆ ਸੀ।

"ਹਾਂ, ਪਰ ਤੂੰ ਕਿਉਂ ਪੁੱਛ ਰਹੀਂ ਏਂ?"

ਅੱਬੂ ਨੇ ਵਾਪਸ ਨੂਰਾਂ ਤੋਂ ਪੁੱਛਿਆ ਸੀ।

"ਮੈਂ, ਸੋਚ ਰਹੀ ਹਾਂ..................।"

ਨੂਰਾਂ ਕੁਝ ਬੋਲਦੀ ਬੋਲਦੀ ਚੁੱਪ ਹੋ ਗਈ ਸੀ।

"ਤੈਨੂੰ, ਕਾਹਦੀ ਸੋਚ ਆਉਣ ਲੱਗ ਪਈ?"

ਮੁਹੰਮਦ ਖ਼ਾਨ ਆਪਣੀ ਧੀ ਨੂਰਾਂ ਤੋਂ ਪੁੱਛ ਰਿਹਾ ਸੀ।

"ਅੱਬੂ-ਜਾਨ..............।"

ਨੂਰਾਂ ਦੇ ਬੋਲ ਬਹੁਤ ਗੰਭੀਰ ਜਹੇ ਹੋ ਰਹੇ ਸਨ।

"ਹਾਂ, ਹਾਂ, ਦੱਸ ਕੀ ਗੱਲ ਏ ਧੀਏ?"

ਮੁਹੰਮਦ ਖ਼ਾਨ ਪੁੱਛ ਰਿਹਾ ਸੀ ਨੂਰਾਂ ਤੋਂ।

"ਤੂੰ, ਬਹੁਤ ਚੰਗਾ ਏਂ ਬਾਬੁਲਾ।"

ਆਖਦੇ ਹੋਏ ਨੂਰਾਂ ਨੇ ਦੀਵੇ ਦੀ ਲੋਅ ਮੱਧਮ ਕਰ ਦਿੱਤੀ ਸੀ, ਤੇ ਮੁਹੰਮਦ ਖ਼ਾਨ ਰਜ਼ਾਈ ਵਿੱਚ ਮੂੰਹ ਲਕੋਈ ਹੱਸ ਰਿਹਾ ਸੀ, ਹਾਸਾ ਨੀਂਦ ਵਿੱਚ ਬਦਲਦਾ ਜਾ ਰਿਹਾ ਸੀ, ਦਰਵਾਜ਼ੇ ਦਾ ਕੁੰਡਾ ਖੁੱਲਾ ਰਹਿ ਗਿਆ ਸੀ, ਤੇ ਮਾਲਕ ਸੌਂ ਗਿਆ ਸੀ ਅਤੇ ਚੋਰ ਜਾਗ ਪਏ ਸਨ।

*

"ਸੁੱਤਾ ਨਹੀਂ ਅਜੇ ਭਾਜੀ?"

ਹਰਜੀਤ ਨੇ ਆਪਣੇ ਬਿਸਤਰੇ ਵਿੱਚ ਲੇਟ ਕੇ ਕਿਤਾਬ ਪੜ੍ਹਦੇ ਹੋਏ ਆਪਣੇ ਵੜੇ ਭਰਾ ਮਨਪ੍ਰੀਤ ਨੂੰ ਪੁੱਛਿਆ ਸੀ।

"ਮੈਂ, ਤੇਰੇ ਸੌਣ ਦੀ ਉਡੀਕ ਕਰ ਰਿਹਾ ਹਾਂ।"

ਮਨਪ੍ਰੀਤ ਨੇ ਕਿਹਾ ਸੀ।

"ਸੱਚ ਭਾਜੀ, ਮੈਂ ਇੱਕ ਗੱਲ ਤਾਂ ਦੱਸਣੀ ਹੀ ਭੁੱਲ ਗਿਆ, ਚਿੱਠੀ ਆਈ ਹੈ ਮਾਮਾ ਜੀ ਦੀ ਕਨੇਡੇ ਤੋਂ, ਤੇਰਾ ਵੀ ਲਿਖਿਆ ਹੈ।"

"ਕੀ ਲਿਖਿਆ ਹੈ ਮੇਰਾ?"

ਮਨਪ੍ਰੀਤ ਨੇ ਬਿਸਤਰੇ ਵਿੱਚ ਪਏ ਪਾੱਸਾ ਬਦਲਦੇ ਹੋਏ ਨੇ ਹਰਜੀਤ ਤੋਂ ਪੁੱਛਿਆ ਸੀ।

"ਓਹੀ, ਕੰਗ ਸਾੱਬ੍ਹ ਵਾਲੀ ਕੁੜੀ ਦੀ ਗੱਲ, ਜੇਹਦੇ ਨਾਲ ਤੇਰਾ......।"

"ਚੁੱਪ ਕਰਜਾ, ਮੈਨੂੰ ਸੌਣ ਦੇ ਯਾਰ।"

ਮਨਪ੍ਰੀਤ ਨੇ ਆਪਣੇ ਛੋਟੇ ਭਰਾ ਦੀ ਗੱਲ ਅੱਧ ਵਿਚੋਂ ਹੀ ਟੋਕ ਦਿੱਤੀ ਸੀ।

"ਹੁਣ, ਗੁਫ਼ਤ-ਗੂਹ ਬੰਦ ਕਰ, ਅਤੇ ਪੜ੍ਹਨ ਵੱਲ ਧਿਆਨ ਦੇ, ਪੜ੍ਹ ਲੈ ਜੇ ਚਾਰ ਕਲਾਸਾਂ ਪੜ੍ਹ ਸਕਦੈਂ ਤੇ, ਨਹੀਂ ਤੇ ਮੇਰੇ ਵਾਂਗੂ ਮਿੱਟੀ ਵਿੱਚ ਮਿੱਟੀ ਵਾਂਗੂ ਹੀ ਰੁਲੇਂਗਾ, ਸਮਝ ਗਿਆਂ ਕਿ ਨਹੀਂ?"

ਮਨਪ੍ਰੀਤ ਨੇ ਆਪਣੇ ਛੋਟੇ ਭਰਾ ਨੂੰ ਨਸੀਹਤ ਕਰਦੇ ਹੋਏ ਕਿਹਾ ਸੀ।

"ਓ ਕੇ, ਓ ਕੇ ਭਾਜੀ ਜੀ।"

ਹਰਜੀਤ ਕਿਤਾਬ ਪੜ੍ਹਦਾ ਪੜ੍ਹਦਾ ਕਹਿ ਰਿਹਾ ਸੀ।

ਮਨਪ੍ਰੀਤ ਆਪਣੇ ਛੋਟੇ ਭਰਾ ਦੇ ਸੌਣ ਦਾ ਇੰਤਜ਼ਾਰ ਕਰਦਾ ਸੋਚ ਰਿਹਾ ਸੀ, ਖਿਆੱਲਾਂ ਦਾ ਤਾਜ਼ ਨੂਰਾਂ ਦੇ ਸਿਰ ਸੀ, ਗੁਜ਼ਰੀ ਦਿੱਲ-ਏ-ਦਿਮਾਗ਼ ਦੀ ਮਲਕਾਂ ਬਣਦੀ ਜਾ ਰਹੀ ਸੀ, ਕਦੇ ਓਹ ਆਪਣੇ ਖ਼ਿਆੱਲਾਂ ਦੇ ਵਿਪਰੀਤ ਦੌੜ੍ਹਦਾ ਸੀ, ਦੌੜ੍ਹਦਾ ਦੌੜ੍ਹਦਾ ਥੱਕ ਕੇ ਡਿਗ ਪੈਂਦਾ

ਸੀ ਮੂਧੇ ਮੂੰਹ, ਪਰ ਗੁਜ਼ਰੀ ਦਾ ਖ਼ਿਆਲ ਜਮ ਵਾਂਗ ਮੂਹਰੇ ਖੜ੍ਹਾ ਹੁੰਦਾ ਸੀ, ਮਨਪ੍ਰੀਤ, ਹੁਸਨ ਦੇ ਚੱਕਰ ਵਿਊ ਵਿੱਚ ਫ਼ਸ ਗਿਆ ਸੀ, ਉਸ ਪਲ ਨੂੰ ਕੋਸ ਰਿਹਾ ਸੀ ਅੱਜ ਤੱਕ, ਜਿਸ ਪਲ ਉਸ ਦੀਆਂ ਅੱਖਾਂ ਲੱਗ ਗਈਆਂ ਸਨ, ਤੇ ਨਜ਼ਰਾਂ ਨਾਲ ਨਜ਼ਰਾਂ ਟਕਰਾਅ ਗਈਆਂ ਸਨ ਉਸ ਜ਼ੋਬਨ ਦੀ ਬਲਾ ਨਾਲ, ਬਲਾ ਅੱਖਾਂ ਰਾਹੀਂ ਕਟਾਰ ਬਣ ਕੇ ਸੀਨੇ ਵਿੱਚ ਉੱਤਰ ਗਈ ਸੀ, ਤੇ ਹੁਣ ਹਰ ਪਲ ਕਟਾਰ ਦੀ ਚੁਭਨ ਜਹੀ ਮਹਿਸੂਸ ਹੋਣ ਲੱਗੀ ਸੀ, ਇਸ਼ਕ ਨੇ ਮਨਪ੍ਰੀਤ ਉੱਤੇ ਦਾੱਬਾ ਪਾ ਲਿਆ ਸੀ, ਓਹ ਆਸ਼ਕ ਹੋਣ ਲੱਗਿਆ ਸੀ, ਇਸ਼ਕ ਦੀ ਚਾਦਰ ਲਕੋਈ ਜਾ ਰਹੀ ਸੀ ਉਸਨੂੰ, ਓਹ ਚਾਦਰ ਨੂੰ ਲਾਹ ਲਾਹ ਸੁੱਟਦਾ ਸੀ, ਪਰ ਚਾਦਰ ਫਿਰ ਵੀ ਨਹੀਂ ਲੱਥੀ ਸੀ, ਹਾਂ, ਰਜ਼ਾਈ ਜਰੂਰ ਲੱਥ ਗਈ ਸੀ ਚੇਹਰੇ ਤੋਂ, ਦਰਵਾਜ਼ਾ ਖ਼ੁੱਲਾ ਸੀ, ਅਤੇ ਬਾਹਰ ਵਾਰਸ਼ ਦੀ ਝੜ੍ਹੀ ਲੱਗੀ ਹੋਈ ਸੀ।

*

ਬਰਸਾਤੀ ਰਾਤ ਵਿੱਚ ਦੋ ਪੈਰ ਕੰਧ ਟੱਪ ਕੇ ਜਿਊਂਦੇ ਜੀ ਮਸਾਣਾ ਵੱਲ ਨੂੰ ਹੋ ਤੁਰੇ ਸਨ, ਮੁਹੰਮਦ ਖ਼ਾਨ ਦੇ ਉੱਚੇ ਉੱਚੇ ਘਰਾੜ੍ਹੇ ਲਾ ਪ੍ਰਵਾਹ ਹੋਏ ਉਸ ਵਕਤ ਤੱਕ ਨੂਰਾਂ ਨੂੰ ਸੁਣਦੇ ਰਹੇ ਸਨ, ਜਦ ਤੱਕ ਓਹ ਮੱਝਾਂ ਵਾਲਾ ਵਾੜਾ ਟੱਪ ਕੇ ਖ਼ੇਤਾਂ ਵਿੱਚ ਦੀ ਹੋ ਤੁਰੀ ਸੀ, ਹੁਣ ਤੇ ਨੂਰਾਂ ਅੱਧਾ ਮੀਲ ਰੇਲ ਦੀ ਪਟੜੀ ਵੱਲ ਨੂੰ ਦੂਰ ਨਿਕਲ ਗਈ ਸੀ, ਸ਼ਾਇਦ ਸ਼ਾਮ ਦੇ ਵਿਛੜੇ ਸੂਰਜ ਨੂੰ ਅੱਧੀ ਰਾਤੇ ਟੋਲਣ ਤੁਰ ਪਈ ਸੀ ਝੱਲਿਆਂ ਦੀ ਤਰਾਂ ਆਪਣੇ ਹੋਸ਼-ਓ-ਹਬਾਸ਼ ਗੁਆ ਕੇ, ਧੁਖਦੇ-ਸੁਲ੍ਹਗਦੇ ਬਦਨ ਉੱਤੇ ਠੱਢੀਆਂ ਕਣੀਆਂ ਡਿਗ ਡਿਗ ਕੇ ਨਿੱਘੀਆਂ ਹੋਈ ਜਾ ਰਹੀਆਂ ਸਨ, ਨਹਿਰ ਦਾ ਕਿਨਾਰਾ, ਘੁੱਪ ਹਨੇਰਾ ਅਤੇ ਵਾਰਿਸ਼ ਦੀ ਰਿਮ ਝਿਮ, ਉੱਤੋਂ ਠੰਡੀ ਹਵਾ ਦੇ ਝੌਂਕੇ ਇਕ ਅਜ਼ਬ ਨਜ਼ਾਰਾ ਹੀ ਤਾਂ ਸੀ, ਜਦੋਂ ਅਸਮਾਨਾ ਤੋਂ ਚਮਕਦੀ ਬਿਜਲੀ ਦੀ ਲਸ਼ਕੋਰ ਪੈਂਦੀ ਸੀ ਤਾਂ “ਨੂਰਾਂ” ਸਫ਼ੈਦ ਕਪੜਿਆਂ ਵਿੱਚ ਇੰਝ ਲੱਗਦੀ ਸੀ ਜਿਵੇਂ ਕਿਸੇ ਹੋਰ ਹੀ ਦੁਨੀਆਂ ਦੀ ਪਰੀ ਹੋਵੇ, ਜਿਵੇਂ ਕਿ ਕੁਦਰਤ ਨੇ ਉਸ ਨੂੰ ਕਿਸੇ ਖ਼ਾਸ ਹੀ ਕੰਮ ਲਈ ਬਣਾਇਆ ਹੋਵੇ, ਨੂਰਾਂ ਆਪਣੇ ਪੈਰਾਂ ਨੂੰ ਬਹੁਤ ਹੀ ਸੰਭਲ ਸੰਭਲ ਕੇ ਧਰਦੀ ਸੀ ਪਰ ਪੈਰ ਫਿਰ ਵੀ ਜਿਵੇਂ ਤਿਲਕਦੇ ਜਾ ਰਹੇ ਸਨ।

“ਮੁਆਫ਼ ਕਰ ਦੇਵੀਂ, ਅੱਬੂ-ਜਾਨ, ਮੈਨੂੰ ਮੁਆਫ਼ ਕਰ ਦੇਵੀਂ ਮੇਰੇ ਪਿਆਰੇ ਅੱਬੂ-ਜਾਨ, ਮੈਂ ਸੱਚ ਮੁੱਚ ਹੀ ਤਿਲਕਦੀ ਜਾ ਰਹੀ ਹਾਂ, ਤੇ ਤੂੰ ਮੇਰੇ ਬਾਬੁਲਾ ਭੁੱਲ ਜਾਵੀਂ ਮੈਨੂੰ ਅੱਜ ਵਾਂਗੂ ਹੀ..., ਜਿਵੇਂ ਸਭ ਕੁਝ ਭੁੱਲ ਕੇ ਸੌਂ ਗਿਓਂ ਏਂ। ਮੇਰਾ ਸਾਂਈਂ ਤੇ ਕੋਈ ਹੋਰ ਹੋ ਗਿਆ ਏ, ਪਰ ਤੂੰ ਮੇਰੇ ਬਾਬੁਲਾ, ਬਾਬੁਲ ਹੀ ਰਹੀਂ ਹੁਣ।”

ਨੂਰਾਂ ਆਪਣੇ ਆਪ ਵਿੱਚ ਹੀ ਬੁੜ੍ਹ ਬੁੜ੍ਹਾ ਰਹੀ ਸੀ ਮੜ੍ਹੀਆਂ ਵੱਲ ਨੂੰ ਜਾਂਦੀ ਹੋਈ।

“ਆ ਗਈ ਤੂੰ, ਟਲ੍ਹੀ ਨਹੀਂ ਫਿਰ ਤੂੰ?”

ਸੁੰਨੇ ਕਬਰ ਸਤਾਨ ਵਿੱਚੋਂ ਇੱਕ ਅਵਾਜ਼ ਗੂੰਜੀ ਸੀ, ਅਤੇ ਪਲ ਦੇ ਝਮਕੇ ਵਿੱਚ ਹੀ ਉਹ ਨੂਰਾਂ ਦੇ ਸਾਹਮਣੇ ਖੜ੍ਹਾ ਦਿਸ ਰਿਹਾ ਸੀ ਚਮਕਦੀ ਬਿਜਲੀ ਦੀ ਲਸ਼ਕੋਰ ਵਿੱਚ।

“ਤੂੰ ਵੀ ਤੇ ਆ ਗਿਓਂ ਏਂ।”

ਨੂਰਾਂ ਨੇ ਮਨਪ੍ਰੀਤ ਨੂੰ ਆਪਣੀਆਂ ਬਾਹਾਂ ਵਿੱਚ ਘੁੱਟਦੇ ਹੋਏ ਕਿਹਾ ਸੀ, ਬਿਨਾ ਹਰਕਤ ਤੋਂ ਤਾਂ ਹੱਥ ਮਨਪ੍ਰੀਤ ਦੇ ਵੀ ਨਹੀਂ ਰਹੇ ਸਨ, ਇੱਕ ਵਾਰ ਫਿਰ ਬਿਜਲੀ ਚਮਕੀ ਸੀ ਤੇ ਲਸ਼ਕੋਰ ਵਿੱਚ ਦੋਵੇਂ ਇੱਕ ਮਿੱਕ ਹੋਏ ਖੜ੍ਹੇ ਨਜ਼ਰ ਆ ਰਹੇ ਸਨ।

“ਹਾਲੇ ਵੀ ਵਕਤ ਹੈ, ਹਾਲੇ ਕੁਝ ਨਹੀਂ ਹੋਇਆ ਜੇ, ਮੈਂ ਇਸੇ ਵਕਤ ਤੇਰੀਆਂ ਨਜ਼ਰਾਂ ਤੋਂ ਦੂਰ ਹੋ ਸਕਦਾ ਹਾਂ ਸਦਾ ਲਈ।”

ਮਨਪ੍ਰੀਤ ਨੇ ਇੱਕ ਵਾਰ ਫਿਰ ਨੂਰਾਂ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਸੀ।

“ਬਹੁਤ ਕੁਝ ਹੋ ਗਿਆ ਹੈ, ਸੱਜਣਾ ਹੁਣ ਤੇ ਮੇਰੇ ਕੋਲੋਂ ਹੋਰ ਸਬਰ ਨਹੀਂ ਜੇ ਹੋਣਾ, ਫਿਰ ਨਾ ਕਹੀਂ ਕਿ ਵੈਰਨੇ ਮਿਟਣ ਲੱਗੀ ਤਾਂ ਦੱਸ ਦਿੰਦੀ।”

ਜਨਮਾਂ ਜਨਮਾਂ ਤੋਂ ਵਿਛੜੀ ਹੋਈ ਕੋਈ ਰੂਹ ਲੱਗਦੀ ਸੀ ਨੂਰਾਂ, ਜਹਿੜੀ ਖ਼ਬਰੇ ਕਦੋਂ ਦੀ ਵਿਛੜੇ ਦਿਲਵਰ ਨੂੰ ਖ਼ੋਜ ਰਹੀ ਸੀ ਇਸ ਮਾਤ-ਲੋਕ ਵਿੱਚੋਂ। ਅੱਜ ਮਸੀਂ ਮਸੀਂ ਤਾਂ ਰੂਹਾਂ ਦਾ ਮੇਲ ਹੋਇਆ ਸੀ ਤੇ ਮਾਹੀ ਫਿਰ ਜੁਦਾਈ ਪਾਉਣ ਦੀ ਗੱਲ ਕਰਨ ਲੱਗ ਪਿਆ ਸੀ।

“ਨਹੀਂ, ਨਹੀਂ, ਭਲਾ ਇਹ ਕਿੰਝ ਹੋ ਸਕਦਾ ਹੈ?”

ਨੂਰਾਂ ਤੜਫ਼ ਹੀ ਤਾਂ ਉੱਠੀ ਸੀ।

“ਤੂੰ, ਝਨਾ ਵਿੱਚ ਡੁੱਬ ਸਕੇਂਗੀ?”

ਜੱਟ ਨੇ ਪੁੱਛਿਆ ਸੀ।

“ਡੁੱਬ ਜਾਵਾਂਗੀ, ਤੂੰ ਇੱਕ ਵਾਰੀ ਕਹਿ ਕੇ ਤਾਂ ਵੇਖ ਚੰਨਾ।”

ਨੂਰਾਂ ਦਾ ਜਵਾਬ ਸੀ।

“ਜਹਿਰ ਦਾ ਪਿਆਲਾ ਪੀਵੇਂਗੀ?”

ਉਸਨੇ ਫਿਰ ਪੁੱਛਿਆ ਸੀ।

“ਪੀ ਲਵਾਂਗੀ, ਪਹਿਲਾਂ ਵਾਂਗ ਹੀ।”

ਨੂਰਾਂ ਹਰ ਸਵਾਲ ਵਿੱਚ ਪੂਰਾ ਉਤਰ ਰਹੀਂ ਸੀ।

“ਤਪਦੇ ਮਾਰੂਥਲਾਂ ਵਿੱਚ ਭਟਕਣਾ ਯਾਦ ਹੈ ਤੈਨੂੰ?”

ਉਹ ਇਸ਼ਕ ਦੇ ਇਮਤਿਹਾਨ ਸਮਝਾਉਂਦਾ ਹੋਇਆ ਪੁੱਛ ਰਿਹਾ ਸੀ ਨੂਰਾਂ ਤੋਂ।

“ਹਾਂ, ਮੈਨੂੰ ਸਭ ਯਾਦ ਹੈ।”

ਨੂਰਾਂ ਨੇ ਅਡੋਲ ਜਵਾਬ ਦਿੱਤਾ ਸੀ।

"ਅੱਛਾ, ਫਿਰ ਮੇਰਾ ਹਸ਼ਰ ਕੀ ਹੋਵੇਗਾ?"

ਹੁਣ ਓਹ ਆਪਣੇ ਵਾਰੇ ਨੂਰਾਂ ਤੋਂ ਪੁੱਛ ਰਿਹਾ ਸੀ।

"ਓਹੀ ਹੋਵੇਗਾ, ਜੋ ਹਰ ਜੁੱਗ ਵਿੱਚ ਹੁੰਦਾ ਆਇਆ ਹੈ, ਪਰ ਇਸ ਵਾਰ ਨਾ ਸੂਲ਼ੀ ਤੇ ਨਾ ਹੀ ਪੱਥਰ ਹੋਵੇਗਾ।"

ਨੂਰਾਂ ਨੇ ਕਿਹਾ ਸੀ।

"ਫਿਰ, ਕੀ ਹੋਵੇਗਾ?"

ਉਸਨੇ ਪੁੱਛਿਆ ਸੀ।

"ਇਸ ਵਾਰ, ਨਾਗ਼-ਏ-ਇਸ਼ਕ ਹੋਵੇਗਾ।"

ਨੂਰਾਂ ਨੂੰ ਜਿਵੇਂ ਪਹਿਲਾਂ ਹੀ ਪਤਾ ਸੀ ਕਿ ਉਹਨਾ ਦੇ ਇਸ਼ਕ ਦਾ ਹਸ਼ਰ ਕੀ ਹੋਣ ਵਾਲਾ ਹੈ।

"ਕਿਆਮਤੇ, ਕਿਉਂ ਏਨੇ ਕਹਿਰ ਦੀ ਕਿਆਮਤ ਕਰ ਦਿੱਤੀ ਏ? ਕੁਝ ਤੇ ਸੋਚ.................।"

ਉਹ ਇਕ ਦਮ ਤ੍ਰਬਕ ਹੀ ਉੱਠਿਆ ਸੀ।

"ਮਾਲਿਕ ਦੀਆਂ ਲਿਖੀਆਂ, ਕੌਣ ਮਿਟਾ ਸਕਦਾ ਮੇਰੇ ਸੋਹਣਿਆਂ ਯਾਰਾ।"

ਕਹਿੰਦੀ ਹੋਈ ਨੂਰਾਂ ਨੇ ਮਨਪ੍ਰੀਤ ਨੂੰ ਆਪਣੀਆਂ ਬਾਹਾਂ ਵਿੱਚ ਹੋਰ ਘੁੱਟ ਲਿਆ ਸੀ।

ਪਿੰਡ ਵਲੋਂ ਕਿਸੇ ਕੁੱਕੜ ਦੀ ਅਵਾਜ਼ ਸੁਣ ਕੇ ਨੂਰਾਂ ਨੂੰ ਮਾਤ-ਲੋਕ ਦਾ ਅਹਿਸਾਸ ਹੋਇਆ ਸੀ, ਯਾਰ ਦੀ ਬੁੱਕਲ ਵਿੱਚ ਚੰਦ ਪਲ ਜਿਵੇਂ ਕਿਸੇ ਬਹਿਸ਼ਤ ਵਿੱਚ ਗੁਜ਼ਰੇ ਹੋਣ, ਇੰਝ ਲੱਗਾ ਸੀ ਨੂਰਾਂ ਨੂੰ।

"ਮੈਂ, ਚੱਲੂੰ ਹੁਣ?"

ਨੂਰਾਂ ਨੇ ਆਪਣੇ ਦਿਲਵਰ ਤੋਂ ਪੁੱਛਿਆ ਸੀ, ਨੂਰਾਂ ਨੂੰ ਆਪਣੇ ਬਾਬੁਲ ਦੀ ਦੁਨੀਆਂ ਯਾਦ ਆ ਗਈ ਸੀ।

"ਇਜਾਜਤ, ਤਾਂ ਤੈਨੂੰ ਕਦੇ ਨਹੀਂ ਮਿਲੇਗੀ ਜਾਣ ਵਾਸਤੇ, ਜਿਵੇਂ ਸੀ ਉਸੇ ਤਰਾਂ ਹੀ ਹੋਵੇਗਾ, ਇਹ ਜੁੱਗ ਔਰਤ ਨੂੰ ਬੇ-ਵਫ਼ਾ ਕਹਿ ਕੇ ਅਪਮਾਣਿਤ ਕਰਦਾ ਹੈ, ਮਨੁੱਖ ਹੀ ਨਹੀਂ ਰਹੇ, ਮਨੁੱਖ ਮੁੱਕਦੇ ਜਾ ਰਹੇ ਹਨ, ਅਤੇ ਜੀਵ ਵਧਦੇ ਜਾ ਰਹੇ ਹਨ, ਜੀਵਾਂ ਦਾ ਜੁੱਗ ਹੀ ਔਰਤ ਨੂੰ ਬੇ-ਵਫ਼ਾ ਕਹਿੰਦਾ ਹੈ, ਮਨੁੱਖਾਂ ਦਾ ਜੁੱਗ ਤਾਂ ਔਰਤ ਨੂੰ ਜੱਗ-ਜਨਣੀ ਹੀ ਕਹਿੰਦਾ ਆਇਆ ਹੈ।"

ਮਨਪ੍ਰੀਤ ਦੇ ਮੂਹੋਂ ਇਹ ਸਾਰੇ ਸ਼ਬਦ ਆਪ ਮੁਹਾਰੇ ਹੀ ਨਿਕਲੀ ਜਾ ਰਹੇ ਸਨ।

ਨੂਰਾਂ ਵਾਪਸ ਆਪਣੇ ਅੱਬੂ ਦੇ ਡੇਰੇ ਵੱਲ ਨੂੰ ਚੱਲ ਪਈ ਸੀ, ਰਾਤ ਦੇ ਘੁੱਪ ਹਨੇਰੇ ਵਿੱਚ ਸਲੇਡੇ ਦੀ ਤਰਾਂ ਅੱਖ ਦੇ ਝਮਕੇ ਵਿੱਚ ਹੀ ਅਲੋਪ ਹੋ ਗਈ ਸੀ, ਤੇ ਮਨਪ੍ਰੀਤ ਵੀ ਓਥੋਂ ਵਾਪਸ ਮੁੜ ਪਿਆ ਸੀ ਪੱਲਾ ਝਾੜ ਕੇ ਹਾਰੇ ਹੋਏ ਜੁਆਰੀ ਦੀ ਤਰਾਂ, ਜਿਓਂ ਜਿਓਂ ਉਸ ਦੇ ਕਦਮ ਰਾਹ ਉੱਤੇ ਵਧਦੇ ਜਾ ਰਹੇ ਸਨ ਤਿਓਂ ਤਿਓਂ ਹੀ ਖ਼ਿਆੱਲੀ ਮਹੱਲ, ਮੁਨਾਰੇ, ਜ਼ਮੀਨ ਵਿੱਚ ਨਿਘਰਦੇ ਜਾ ਰਹੇ ਸਨ, ਵਿਦੇਸ਼ੀ ਸੁਪਨੇ, ਰੇਤ ਦੇ ਮਹੱਲਾਂ ਵਾਂਗ ਇਸ਼ਕ ਦੇ ਠੇਡੇ ਮੂਹਰੇ ਢਹਿੰਦੇ ਜਾ ਰਹੇ ਸਨ, ਮਿਟਦੇ ਜਾ ਰਹੇ ਸਨ।

*

"ਭਾਜੀ ! ਕੱਢੋ ਜਰਾ ਦਸਾਂ ਦਾ ਨੋਟ, ਮੈਂ ਸ਼ਰਤ ਜਿੱਤ ਗਿਆ ਹਾਂ, ਤੁਸੀਂ ਹਾਰ ਗਏ ਹੋ।"

ਮਨਪ੍ਰੀਤ ਦੇ ਮੂੰਹ ਤੋਂ ਖਿੱਚ ਕੇ ਰਜ਼ਾਈ ਲਾਹੁੰਦੇ ਹੋਏ ਹਰਜੀਤ ਨੇ ਕਿਹਾ ਸੀ, ਬਾਜੀ ਮਾਰੀ ਦੀ ਖੁਸ਼ੀ ਨਿਰਣੇ ਕਾਲਜੇ ਚੇਹਰੇ ਉੱਤੇ ਚਮਕਣ ਲੱਗੀ ਸੀ, ਪਹਿਲਾਂ ਉੱਠਣ ਦੀ ਸ਼ਰਤ ਅੱਜ ਮਨਪ੍ਰੀਤ ਸੁੱਤਾ ਪਿਆ ਵੇਖ ਕੇ ਯਾਦ ਆ ਗਈ ਸੀ ਹਰਜੀਤ ਨੂੰ, ਕੁਦਰਤ ਨੇ ਸੁਣ ਲਈ ਸੀ ਉਸ ਦੀ, ਕਈਆਂ ਦਿਨਾ ਦਾ ਇੱਕ ਫ਼ਿਲਮ "ਸਬਰ-ਸਿਦਕ" ਰੈਂਟ ਤੇ ਲਿਆ ਕੇ ਦੇਖਣ ਲਈ ਦਸਾਂ ਦੇ ਨੋਟ ਦੀ ਤਾਂਕ ਵਿੱਚ ਸੀ।

"ਜਰਾ ਕੁ ਤਾਈਂ ਦਿੰਨੈ।"

ਮਨਪ੍ਰੀਤ ਨੇ ਕਿਹਾ ਸੀ।

"ਪਰ, ਹੈ ਕਿੱਥੇ ਆ ਸੈਹੇ ਦੇ ਕੰਨ ਵਰਗਾ ਨੋਟ?"

ਹਰਜੀਤ ਨੇ ਪੁੱਛਿਆ ਸੀ।

"ਮੇਰੇ ਬਟੂਏ ਵਿੱਚ ਆ।"

ਮਨਪ੍ਰੀਤ ਨੇ ਕਿਹਾ ਸੀ।

" ਪਰ, ਓਹ ਭਾਜੀ, ਤੇਰਾ ਬਟੂਆ ਕਿੱਥੇ ਹੈ?"

ਹਰਜੀਤ ਕਾਹਲਾ ਪੈ ਰਿਹਾ ਸੀ ਦਸਾਂ ਦਾ ਨੋਟ ਦੇਖਣ ਲਈ।

"ਬਟੂਆ, ਮੇਰੀ ਪੈਂਟ ਦੀ ਜ਼ੇਬ ਵਿੱਚ ਹੈ ਅਤੇ ਪੈਂਟ ਮੈਂ ਪਾਈ ਹੋਈ ਹੈ।"

ਮਨਪ੍ਰੀਤ ਨੇ ਆਪਣੇ ਛੋਟੇ ਭਰਾ ਤੋਂ ਖਹਿੜਾ ਛਡਾਉਣ ਲਈ ਕਹਿ ਦਿੱਤਾ ਸੀ।

"ਪੈਂਟ, ਪੈਂਟ ਤਾਂ ਭਾਜੀ ਓਹ ਭਿੱਜੀ ਪਈ ਹੈ।"

ਸਾਹਮਣੇ ਕੁਰਸੀ ਦੀ ਢੋਅ ਉੱਤੇ ਪਈ ਪੈਂਟ ਵਿੱਚੋਂ ਪਾਣੀ ਨਿਚੜਦਾ ਦੇਖ ਕੇ ਹਰਜੀਤ ਨੇ ਕਿਹਾ ਸੀ, ਉਹ ਰਾਤੋ ਰਾਤ ਪੈਂਟ ਦੇ ਭਿੱਜਣ ਦਾ ਕਾਰਨ ਜਾਨਣਾ ਚਾਹੁੰਦਾ ਸੀ।

"ਭਾਜੀ! ਰਾਤੀਂ ਤਾਂ ਤੁਸੀਂ ਇਹ ਪੈਂਟ ਸੁੱਕੀ ਪਾਈ ਸੀ ਪਰ......।"

ਹਰਜੀਤ ਆਪਣੇ ਭਰਾ ਨੂੰ ਪੁੱਛਦਾ ਹੀ ਸੀ ਕਿ ਮਨਪ੍ਰੀਤ ਨੇ ਵਿੱਚੋਂ ਹੀ ਟੋਕ ਦਿੱਤਾ ਸੀ।

"ਜੇ ਹੁਣ ਤੂੰ ਮੇਰੇ ਨਾਲ ਕੋਈ ਗੱਲ ਕੀਤੀ ਤਾਂ ਇਕ ਗੱਲ ਦਾ ਇੱਕ ਰੁਪਈਆ ਕਟੂੰਗਾ।"

ਮਨਪ੍ਰੀਤ ਨੇ ਹਰਜੀਤ ਨੂੰ ਚੁੱਪ ਕਰਾਉਣ ਦਾ ਸੋਚ ਲਿਆ ਸੀ। ਫਿਰ ਕਮਰੇ ਵਿੱਚ ਬਿੱਲ-ਕੁੱਲ ਚੁੱਪ ਛਾ ਗਈ ਸੀ।

*

"ਲਿਖੀ ਜਾਨੈ ਨੀਵੀਂ ਪਾਈ, ਧਨ ਐਂ ਤੂੰ ਯਾਰ, ਤੇਰੀ ਧੌਣ ਨਹੀਂ ਦੁਖਦੀ?"

ਮਨਪ੍ਰੀਤ ਨੇ ਸੁੰਦਰ ਕੋਲ ਆਣ ਕੇ ਕਿਹਾ ਸੀ ਜਹਿੜਾ ਨੀਵੀਂ ਪਾਈ ਆਪਣੀ ਹੀ ਮਸਤੀ ਵਿੱਚ ਲਿਖੀ ਜਾ ਰਿਹਾ ਸੀ ਜਿਵੇਂ ਕਿਸੇ ਮਾਲ੍ਹਾ ਦੇ ਮੋਤੀ ਬਣਾ ਰਿਹਾ ਹੋਵੇ, ਐਨਾ ਮਗ਼ਨ ਕਿ ਕਿਸੇ ਦੇ ਆਉਣ ਦੀ ਬਿੜਕ ਤੱਕ ਵੀ ਨਹੀਂ ਸੀ ਹੋਈ ਸੁੰਦਰ ਨੂੰ।

"ਆ ਬਈ, ਮਿੱਤਰਾ ਆ ਜਾ, ਬਹਿਜਾ ਮੇਰੇ ਕੋਲ।"

ਸੁੰਦਰ ਨੇ ਆਪਣੀ ਧੌਣ ਉਤਾਹਾਂ ਨੂੰ ਚੁੱਕਦੇ ਹੋਏ ਕਿਹਾ ਸੀ।

"ਹੋਰ ਸੁਣਾ, ਤੇਰਾ ਕੀ ਹਾਲ ਚਾਲ ਏ?"

ਪੁੱਛਦੇ ਹੋਏ ਸੁੰਦਰ ਨੇ ਆਪਣੇ ਰਜ਼ਿਸਟਰ ਨੂੰ ਬੰਦ ਕਰਕੇ ਇੱਕ ਪਾਸੇ ਘਾਹ ਉੱਤੇ ਰੱਖ ਦਿੱਤਾ ਸੀ।

"ਦਿਖਾਈਂ, ਦਿਖਾਈਂ ਜ਼ਰਾ, ਇਹ ਇੰਗਲਿਸ਼ ਵਿੱਚ ਕੀ ਲਿਖਿਆ ਹੋਇਆ ਸੀ?"

ਮਨਪ੍ਰੀਤ ਨੇ ਸੁੰਦਰ ਦੀ ਕਾਪੀ ਇਕ ਝਟਕੇ ਵਿੱਚ ਹੀ ਚੁੱਕ ਲਈ ਸੀ ਅਤੇ ਫ਼ਰੋਲਣ ਲੱਗ ਪਿਆ ਸੀ।

"ਵੱਟ ਇਜ਼ ਦਾ ਲਵ ਐਂਡ ਹੂ ਇਜ਼ ਦਾ ਗਾਡ? ਪਿਆਰ ਕੀ ਹੈ ਅਤੇ ਪ੍ਰਮਾਤਮਾ ਕੌਣ ਹੈ?"

"ਵੱਟ ਇਜ਼ ਦਿਸ?"

ਕਿਤਾਬ ਦਾ ਟਾਈਟਲ ਪੜ੍ਹਨ ਉਪਰੰਤ ਮਨਪ੍ਰੀਤ ਨੇ ਸੁੰਦਰ ਤੋਂ ਪੁੱਛਿਆ ਸੀ।

"ਦੈਟ ਇਜ਼ ਏ ਮਾਈ ਸਨ, ਟਾਈਟਲ ਔਫ਼ ਮਾਈ ਨਿਊ ਬੁੱਕ, ਜਿਸ ਦੀ ਖ਼ੋਜ਼ ਵਿੱਚ ਮੈਂ ਸੱਚ ਖੰਡ ਜਾ ਰਿਹਾ ਹਾਂ, ਦੁਨੀਆਂ ਗਾਹੁਣ ਦੀ ਤਮੰਨਾ ਰੱਖਦਾ ਹਾਂ।"

ਸੁੰਦਰ ਕਹਿ ਰਿਹਾ ਸੀ।

ਮਨਪ੍ਰੀਤ ਆਪਣੇ ਦੋਸਤ ਸੁੰਦਰ ਵੱਲ ਬੜੀ ਹੈਰਾਨੀ ਭਰੀ ਨਜ਼ਰ ਨਾਲ ਦੇਖਦਾ ਹੋਇਆ ਪੁੱਛਣ ਲੱਗਾ ਸੀ।

"ਇਸ ਦਾ ਮਤਲਬ, ਤੂੰ ਫ਼ਕਰਾ ਗਿਓਂ ਏਂ? ਐਨਲ-ਹੱਕ ਦੇ ਮਨਸੂਰ ਦੀ ਤਰਾਂ, ਕੀ ਤੈਨੂੰ ਵੀ ਮਾਲਿਕ ਨਾਲ ਇਸ਼ਕ ਹੋ ਗਿਆ ਹੈ?"

"ਹਾਂ ਬਈ ਯਾਰ, ਮੈਨੂੰ ਵੀ ਮਾਲਿਕ ਨਾਲ ਇਸ਼ਕ ਹੋ ਗਿਆ, ਮਾਲਿਕ ਚਾਹੇ ਤਾਂ ਸਭ ਨੂੰ ਮੇਰੇ ਵਾਂਗ ਇਸ਼ਕ ਹੋ ਜਾਵੇ।"

ਸੁੰਦਰ ਸ਼ਾਇਦ ਸੱਚ ਹੀ ਮਾਲਿਕ ਦਾ ਕੋਈ ਭੇਤ ਪਾ ਗਿਆ ਸੀ, ਨਹੀਂ ਤਾਂ ਪਹਿਲਾਂ ਤਾਂ ਕਦੇ ਨਹੀਂ ਸੀ ਮਾਲਿਕ ਦਾ ਨਾਮ ਲੈਂਦਾ ਹੁੰਦਾ, ਪਰ ਹੁਣ ਇਹ ਕਾਮਰੇਡ ਵੀ ਮਾਲਿਕ ਦੇ ਗੁਣ ਗਾਉਣ ਲੱਗ ਪਿਆ ਹੈ, ਓਹਦੀਆਂ ਓਹੀ ਜਾਣੇ।

"ਇਸ਼ਕ, ਤਾਂ ਖ਼ਬਰੇ ਮੈਨੂੰ ਵੀ ਹੋ ਗਿਆ ਲੱਗਦਾ।"

ਸੁੰਦਰ ਵਾਰੇ ਸੋਚਦਾ ਸੋਚਦਾ ਮਨਪ੍ਰੀਤ ਅਚਾਨਕ ਹੀ ਕੁਝ ਬੁੜ ਬੁੜਾ ਗਿਆ ਸੀ ਜੋ ਲਾਗੇ ਬੈਠੇ ਸੁੰਦਰ ਨੇ ਸਭ ਸਮਝ ਲਿਆ ਸੀ, ਇਸ ਕਰਕੇ ਹੀ ਤਾਂ ਪੁੱਛ ਲਿਆ ਸੀ।

"ਮਾਲਿਕ ਨਾਲ?"

ਸੁੰਦਰ ਨੇ ਪੁੱਛਿਆ ਸੀ।

"ਨਹੀਂ, ਮਾਲਿਕ ਦੀ ਸੌਗਾਤ ਨਾਲ।"

ਮਨਪ੍ਰੀਤ ਕਹਿੰਦਾ ਕਹਿੰਦਾ ਉਹ ਚੁੱਪ ਹੋ ਗਿਆ ਸੀ।

"ਸੌਗਾਤ ਨਾਲ? ਦੋਹਾਂ ਘਰਾਂ ਦੇ ਵੈਣ? ਨਾ ਮੇਰੇ ਦੋਸਤ ਇਹ ਕੰਮ ਨਾ ਕਰੀਂ ਜੇ ਚੰਗੀ ਚਾਹੁਨੈ ਤਾਂ, ਹੋਰ ਜੋ ਮਰਜ਼ੀ ਕਰ ਲੈ।"

ਸੁੰਦਰ ਖ਼ਬਰਦਾਰ ਕਰ ਰਿਹਾ ਸੀ ਇਸ਼ਕ ਰੋਗ ਤੋਂ ਆਪਣੇ ਦੋਸਤ ਨੂੰ।

"ਤੂੰ, ਮਾਲਿਕ ਨੂੰ ਭੁੱਲ ਸਕਦੈਂ ਮੇਰੇ ਦੋਸਤ?"

ਮਨਪ੍ਰੀਤ ਨੇ ਪੁੱਛਿਆ ਸੀ।

"ਨਹੀਂ, ਹਰਗਿਜ਼ ਨਹੀਂ।"

ਸੁੰਦਰ ਇਕ ਦਮ ਕਹਿ ਉੱਠਿਆ ਸੀ।

"ਤੇ, ਫਿਰ ਮੈਂ ਦੱਸ ਕਿਵੇਂ ਭੁੱਲ ਜਾਵਾਂ ਮਾਲਿਕ ਦੀ ਕਲਾ-ਕ੍ਰਿਤੀ ਨੂੰ, ਜਿਸ ਨੂੰ ਮਾਲਿਕ ਦੇ ਹੱਥਾਂ ਦੀ ਛੋਹ ਪ੍ਰਾਪਤ ਹੋਣ ਦਾ ਮਾਣ ਹੈ।"

ਮਨਪ੍ਰੀਤ ਵੀ ਸੁੰਦਰ ਨੂੰ ਜ਼ਵਾਬ ਦੇ ਰਿਹਾ ਸੀ।

"ਤਾਂ, ਕੀ ਤੂੰ......? ਨਹੀਂ ਨਹੀਂ ਯਾਰ, ਤੂੰ ਇਸ ਗੱਡੀ ਦਾ ਬੈਲ ਨਹੀਂ ਹੋ ਸਕਦਾ।"

ਸੁੰਦਰ ਨੇ ਕਿਹਾ ਸੀ।

"ਦਰਅਸਲ, ਮੈਂ ਤੇਰੇ ਕੋਲ ਆਇਆ ਵੀ ਏਸੇ ਵਾਸਤੇ ਸੀ ਕਿ ਤੇਰੇ ਨਾਲ ਗੱਲ ਕਰ ਸਕਾਂ।"

ਮਨਪ੍ਰੀਤ ਨੇ ਦਿੱਲ ਦੀ ਗੱਲ ਦੱਸ ਦਿੱਤੀ ਸੀ।

"ਸੌਗਾਤ ਦਾ ਕੋਈ ਨਾਮ?"

ਸੁੰਦਰ ਨੇ ਪੁੱਛਿਆ ਸੀ।

"ਗੋਰਖ਼-ਫ਼ਰੋਸ਼।"

ਮਨਪ੍ਰੀਤ ਨੇ ਇੱਕ ਛੋਟਾ ਜਿਹਾ ਹਿੰਟ ਦਿੱਤਾ ਸੀ ਆਪਣੇ ਦੋਸਤ ਨੂੰ।

"ਅੱਛਾ, ਅੱਛਾ, ਇਸ ਦਾ ਮਤਲਬ ਏ ਕਿ ਗੁਜ਼ਰੀ ਸੌਗਾਤ ਹੋ ਗਈ ਏ ਤੇਰੀ, ਬਾਕੀ ਸਾਰੇ ਸਾਈਕਲ ਮਜ਼ਨੂੰ ਜਾਂਦੇ ਲੱਗੇ ਨੇ।"

ਸੁੰਦਰ ਮੁਸਕਰਾ ਰਿਹਾ ਸੀ ਆਪਣੇ ਦੋਸਤ ਮਨਪ੍ਰੀਤ ਦੀ ਜਿੱਤ ਜਹੀ ਸਮਝ ਕੇ, ਨੂਰਾਂ ਨੂੰ ਸੁੰਦਰ ਵੀ ਬਹੁਤ ਵਾਰੀ ਕਰੀਬ ਤੋਂ ਬੇ-ਜਬਾਨਿਆਂ ਵਾਂਗੂ ਤੱਕ ਚੁੱਕਾ ਸੀ, ਹੱਸਾ ਵੀ ਸ਼ਾਇਦ ਇਸੇ ਗੱਲ ਦਾ ਸੀ ਕਿ ਜਿਸ ਕਲੀ ਨੂੰ ਰੋਹੀ ਦੀ ਮਹਿਮਾਨ ਸਮਝਦਾ ਸੀ, ਅੱਜ ਓਹੀ ਕਲੀ ਓਹਦੇ ਆਪਣੇ ਹੀ ਦੋਸਤ ਦੇ ਗਲ੍ਹੇ ਦਾ ਹਾਰ ਬਣ ਗਈ ਸੀ, ਜਿਸ ਨੇ ਫਿਰ ਹਿੱਕ ਦਾ ਵਾਲ ਬਣ ਜਾਣਾ ਸੀ।

"ਪਰ, ਸੌਗਾਤ ਤਾਂ ਸੌਗਾਤ ਹੀ ਰਹੇਗੀ, ਫਿਰ ਵੈਣ ਕਿੱਧਰ ਜਾਣਗੇ?"

ਸੁੰਦਰ ਨੇ ਕਿਹਾ ਸੀ।

"ਏਹੇ ਤਾਂ, ਮੈਂ ਸੋਚ ਰਿਹਾ ਹਾਂ।"

ਮਨਪ੍ਰੀਤ ਨੇ ਕਿਹਾ ਸੀ।

"ਤੂੰ, ਕੀ ਚਾਹੁੰਨਾ ਹੁਣ?"

ਸੁੰਦਰ ਪੁੱਛ ਰਿਹਾ ਸੀ ਦਿੱਲ ਦੀ।

"ਹੁਣ ਤੇ, ਇਹ ਵੀ ਚੇਤਾ ਭੁੱਲਦਾ ਜਾ ਰਿਹਾ ਏ ਸੱਜਣਾ ਕਿ ਮੈਨੂੰ ਕੀ ਚਾਹੁੰਣਾ ਚਾਹੀਦਾ ਸੀ?"

ਮਨਪ੍ਰੀਤ ਕਹਿ ਰਿਹਾ ਸੀ।

"ਇੱਕ ਗੱਲ ਚੰਗੀ ਤਰਾਂ ਸੋਚ ਲੈ ਇਸ ਰਾਹੇ ਤੁਰਨ ਤੋਂ ਪਹਿਲਾਂ।"

ਸੁੰਦਰ, ਸਮਝਾਣ ਦੀ ਕੋਸ਼ਿਸ਼ ਕਰ ਰਿਹਾ ਸੀ ਮਨਪ੍ਰੀਤ ਨੂੰ।

"ਮੈਂ, ਤਾਂ ਭਰਾਵਾ ਸਾਰੀ ਰਾਤ ਤੁਰਦਾ ਤੁਰਦਾ ਸੋਚਦਾ ਹੀ ਰਿਹਾ ਸੀ, ਅਤੇ ਸੋਚਦਾ ਸੋਚਦਾ ਹੀ ਨਾਗ਼ਾਂ ਦੇ ਨਿਵਾਸ ਵਿੱਚ ਜਾ ਵੜਿਆ ਸੀ, ਹੁਣ ਓਦੋਂ ਦਾ ਤਾਂ ਸੋਚਣ ਦਾ ਵੀ ਚੇਤਾ

ਜਿਹਾ ਭੁੱਲੀ ਜਾਂਦਾ ਲੱਗਦਾ ਆ।"

ਮਨਪ੍ਰੀਤ ਆਪਣੀ ਹਾਲਤ ਕਹਿ ਰਿਹਾ ਸੀ।

"ਫਿਰ, ਰੱਖ ਡੋਰੀ ਮਾਲਿਕ ਉੱਤੇ, ਜੋ ਹੋਊਗਾ ਵੇਖ ਲਿਆ ਜਾਵੇਗਾ, ਇੱਕ ਗੱਲ ਦਾ ਖ਼ਿਆਲ ਜਰੂਰ ਰੱਖੀਂ, ਇਸ਼ਕ ਨੂੰ ਲੱਗਾ ਦਾਗ਼ ਆਸ਼ਿਕਾਂ ਦੀ ਜੋੜੀ ਵਿੱਚ ਭੰਗ ਪਾ ਦਿੰਦਾ ਹੈ, ਮਿਰਜ਼ੇ ਵਾਂਗੂ।"

ਸੁੰਦਰ ਵਰਜ ਰਿਹਾ ਸੀ ਬਦਨਾਮੀ ਤੋਂ।

"ਇਸ਼ਕ, ਕਦੇ ਦਾੱਗ਼ੀ ਨਹੀਂ ਹੁੰਦਾ ਸੋਹਣਿਆਂ, ਜਿਹੜਾ ਦਾੱਗ਼ੀ ਹੋ ਜਾਵੇ ਓਹੋ ਇਸ਼ਕ ਨਹੀਂ ਹੁੰਦਾ, ਓਹ ਤਾਂ ਫ਼ਰੇਬ ਹੁੰਦਾ, ਅਤੇ ਮੈਂ ਫ਼ਰੇਬੀ ਨਹੀਂ, ਆਸ਼ਿਕ ਹੋ ਗਿਆ ਹਾਂ।"

ਮਨਪ੍ਰੀਤ ਆਪਣੇ ਦੋਸਤ ਸੁੰਦਰ ਨੂੰ ਆਪਣੇ ਪੱਕੇ ਇਰਾਦੇ ਵਾਰੇ ਜਾਣੂ ਕਰਵਾ ਰਿਹਾ ਸੀ।

"ਉਂਝ, ਤੈਨੂੰ ਬਚਣਾ ਚਾਹੀਦਾ ਸੀ ਇਸ਼ਕ ਦੇ ਰੋਗ ਤੋਂ, ਪਰ ਹੁਣ ਜੇ ਤੂੰ ਇਸ਼ਕ ਰੋਗੀ ਹੋ ਹੀ ਗਿਆ ਏਂ, ਤਾਂ ਇਸ਼ਕ ਦੇ ਰੋਗ ਦਾ ਦੁਨੀਆਂ ਵਿੱਚ ਇਲਾਜ਼ ਕਿਧਰੇ ਹੈ ਨਹੀਂ, ਵੱਸ ਮੌਤ ਵਰਗੀ ਬਰਬਾਦੀ ਹੋਊਗੀ, ਮੈਨੂੰ ਉਮੀਦ ਨਹੀਂ ਕਿ ਜ਼ੈਲਦਾਰ ਸਾਹਿਬ ਮੰਨ ਜਾਣਗੇ ਤੇਰਾ ਵਿਆਹ ਇੱਕ ਗੁਜ਼ਰੀ ਨਾਲ ਕਰਨ ਲਈ, ਫਿਰ ਓਹ ਵੀ ਇੱਕ ਮੁਸਲਮਾਨ ਕੁੜੀ ਨਾਲ? ਜ਼ੈਲਦਾਰਨੀ ਤਾਂ ਵੈਸੇ ਵੀ ਧਰਮ ਕੱਟੜਤਾ ਵਾਲੀ ਸ਼ਖ਼ਸ਼ੀਅਤ ਹਨ, ਬਹੁਤ ਮੁਸ਼ਕਲ ਲੱਗਦੈ, ਵੈਣ ਪੈਣਗੇ ਹੀ ਪੈਣਗੇ, ਫਿਰ ਤਾਂ ਹਾਲਤ ਬਿਲਗੀਏ ਮੁੰਡੇ ਵਰਗੀ ਹੋ ਜਾਊ, ਸੜਕਾਂ ਅਤੇ ਨਹਿਰਾਂ ਦਿਆਂ ਪੁਲ੍ਹਾਂ ਤੇ ਗਾਉਂਦਾ ਫਿਰੇਂਗਾ।

"ਪ੍ਰਛਾਵੇਂ ਰੁੱਖਾਂ ਦੇ ਵੀ ਹੁਣ ਇੰਝ ਲੱਗਦੇ,
ਝੌਲ੍ਹੇ ਜਿਹੇ ਪੈਂਦੇ ਰਹਿਣ ਯਾਰ ਦੇ"

"ਸੱਜਣਾ, ਸੌਗਾਤਾਂ ਕਦੇ ਵਾਜ਼ ਨਹੀਂ ਆਉਂਦੀਆਂ ਹੁੰਦੀਆਂ, ਪਰ ਹੁਣ ਤਾਂ ਓਹੀ ਹੋਊ ਜੋ ਮਾਲਿਕ ਚਾਹੂਗਾ।"

ਸੁੰਦਰ ਆਪਣੀ ਆਦਤ ਮੁਤਾਬਕ ਗੁਣ ਗੁਣਾ ਕੇ ਹੀ ਕਹਿਣ ਲੱਗ ਪਿਆ ਸੀ।

"ਚੰਗਾ ਮਾਲਿਕਾ! ਜਿੱਦਾਂ ਤੂੰ ਚਾਹੁਨਾ ਓਦਾਂ ਹੀ ਕਰੀਂ, ਹੁਣ ਤੇਰੀ ਰਜ਼ਾ ਵਿੱਚ ਹੀ ਸਾਡੀ ਭਲੀ ਆ।"

ਮਨਪ੍ਰੀਤ, ਉਪਰ ਅਸਮਾਨ ਵੱਲ ਦੇਖਦਾ ਹੋਇਆ ਕਹਿ ਰਿਹਾ ਸੀ।

"ਮਾਲਿਕ, ਅਸਮਾਨ ਵਿੱਚ ਨਹੀਂ ਲਟਕਦਾ ਭੋਲ਼ਿਆ ਜੱਟਾ, ਓਹ ਤੇ ਦਿੱਲ ਵਿੱਚ ਹੈ, ਹਵਾ ਵਿੱਚ ਹੈ, ਜ਼ਮੀਨ ਤੇ ਕਣ ਕਣ ਵਿੱਚ ਮੌਜ਼ੂਦ ਹੈ, ਮਨੁੱਖ ਬਣ ਕੇ ਯਾਦ ਕਰੇਂਗਾ ਤਾਂ ਮਾਲਿਕ ਨੂੰ ਹਰ ਸਾਹ ਨਾਲ ਮਹਿਸੂਸ ਕਰ ਸਕੇਂਗਾ।"

ਤੁਰੇ ਜਾਂਦੇ ਮਨਪ੍ਰੀਤ ਨੂੰ ਕਹਿੰਦੇ ਕਹਿੰਦੇ ਨੇ ਫਿਰ ਆਪਣੀ ਕਾਪੀ ਚੁੱਕ ਆਪਣੇ ਪੱਟਾਂ ਉੱਤੇ ਰੱਖ ਲਈ ਸੀ ਅਤੇ ਕੋਰੇ ਕਾਗਜ਼ ਦੀ ਹਿੱਕ ਉੱਤੇ ਕੁਝ ਝਰੀਟਣ ਲੱਗ ਪਿਆ ਸੀ ਸੁੰਦਰ।

ਢਲ੍ਹਦਾ ਸੂਰਜ਼ ਤੇ ਪੈਂਦੀ ਸ਼ਾਮ, ਪੰਛੀ ਪਰਿੰਦੇ ਆਪਣੇ ਆਪਣੇ ਘਰੌਂਦਿਆਂ ਵੱਲ ਨੂੰ ਚਾਲੇ ਪਾਉਣ ਲੱਗੇ ਸਨ, ਪੰਛੀਆਂ ਦੀ ਚਹਿਕ ਵਿੱਚ ਗੁਆਚਾ ਮਨਪ੍ਰੀਤ ਆਪਣਾ ਸਾਈਕਲ ਲੈ ਪੰਜਾਂ ਪੀਰਾਂ ਦੀ ਦਰਗਾਹ ਵੱਲ ਨੂੰ ਹੋ ਤੁਰਿਆਂ ਸੀ, ਪੰਜਾਂ ਪੀਰਾਂ ਨੇ ਵਾਰਿਸ-ਸ਼ਾਹ ਦੀ ਹੀਰ ਵਾਲੇ ਰਾਂਝੇ ਨੂੰ ਤਾਂ ਬਹੁਤ ਕੁਝ ਦਿੱਤਾ ਸੀ ਇਹੀ ਸੋਚਦਾ ਸੋਚਦਾ ਪੀਰਾਂ ਦੀ ਦਰਗਾਹ ਵਿੱਚ ਜਾ ਹਾਜ਼ਰ ਹੋਇਆ ਸੀ ਉਹ।

*

"ਜੈਲਦਾਰਾ, ਹੈਗਾਂ ਘਰੇ?"

ਵੈਲੀ ਚਾਚਾ ਵੇਹੜੇ ਦੇ ਗੇਟ ਦੇ ਬਾਹਰ ਖ਼ੜ੍ਹਾ ਅਵਾਜ਼ ਮਾਰ ਕੇ ਪੁੱਛ ਰਿਹਾ ਸੀ।

"ਕਿਉਂ, ਤੈਂ ਧਾਰਾਂ ਕੱਢਣੀਆਂ, ਗੜ੍ਹਵਾ ਚੁੱਕੀ ਫਿਰਦੈਂ?"

ਕਾਮੇ ਗਿੰਦੋ ਨੇ ਗੇਟ ਅੰਦਰੋਂ ਨਿਕਲਦੇ ਨੇ, ਬਾਹਰ ਖਾੱਲੀ ਗੜ੍ਹਵਾ ਚੁੱਕੀ ਖੜੇ ਵੈਲੀ ਚਾਚੇ ਨੂੰ ਜਵਾਬ ਦਿੱਤਾ ਸੀ ਲਾ ਪ੍ਰਵਾਹ ਜਹੇ ਹੋ ਕੇ।

"ਤੂੰ, ਤੂੰ ਨਾ ਸਹੁਰੀ ਦਿਆ ਕਦੇ ਬੰਦਿਆਂ ਵਾਲੀ ਗੱਲ ਕਰੀਂ।"

ਵੈਲੀ ਚਾਚਾ ਸੜ੍ਹੇ ਮੱਥੇ ਕੋਸ ਰਿਹਾ ਸੀ ਗਿੰਦੋ ਨੂੰ, ਅੰਦਰੋ ਅੰਦਰੀ ਤਾਂ ਖ਼ਬਰੇ ਚਾਚੇ ਦਾ ਦਿੱਲ ਗਿੰਦੋ ਕਾਮੇ ਨੂੰ ਗਾਲ੍ਹਾਂ ਤੇ ਹੀ ਉੱਤਰ ਆਇਆ ਸੀ।

"ਜੈਲਦਾਰ, ਘਰੇ ਨਹੀਂ ਹੈ, ਉਹ ਤਾਂ ਨਕੋਦਰ ਨੂੰ ਗਿਆ ਹੋਇਆ ਹੈ।"

ਆਪਣੇ ਹੱਥ ਵਿੱਚ ਟੁੱਟੀ ਹੋਈ ਬਦਰ ਵਾਲੀ ਇੱਕ ਚਪਲ ਦਾ ਪੈਰ ਫ਼ੜ੍ਹੀ ਅਮਲੀ ਤੋਂ ਕੰਨੀ ਕਤਰਾਉਂਦਾ ਹੋਇਆ ਮੋਟਰ ਵੱਲ ਨੂੰ ਹੋ ਤੁਰਿਆ ਸੀ, ਸ਼ਾਇਦ ਅਮਲੀ ਦੇ ਸਰਾਫ਼ ਤੋਂ ਡਰਦਾ ਹੀ ਕੁਝ ਹੋਰ ਨਹੀਂ ਸੀ ਬੋੱਲਿਆ ਗਿੰਦੋ।

"ਗਿੰਦੋ ਨੂੰ ਹੀ, ਭੋਰਾ ਗੋਰਖ਼ ਵਾਰੇ ਪੁੱਛ ਲਈਏ, ਪਰ ਇਹਨੇ ਕਜ਼ਿਣਸ ਨੇ ਕਿੱਥੇ ਬੁੱਤਾ ਸਾਰਨਾ, ਨਾਲੇ ਭੁੱਖਾ, ਭੁੱਖੇ ਨੂੰ ਕਿਵੇਂ ਰਜ਼ਾ ਦਊ, ਚਲ ਮਨਾ, ਕਿਸੇ ਹੋਰ ਦਰ ਜਾ ਕੇ ਖ਼ੜ੍ਹਕਾ ਠੂੰਠਾ, ਏਥੇ ਤਾਂ ਪਹਿਲਾਂ ਹੀ ਮਾੜਾ ਬੰਦਾ ਮੱਥੇ ਲੱਗ ਗਿਆ ਹੈ, ਪੂਰੀ ਨਹੀਂ ਪੈਣੀ ਹੁਣ, ਚਲਦੇ ਹੀ ਭਲੇ ਆਂ।"

ਵੈਲੀ ਚਾਚਾ ਆਪਣੇ ਆਪ ਨਾਲ ਗੱਲਾਂ ਕਰਦਾ ਕਰਦਾ ਵਾਪਸ ਮੁੜ ਪਿਆ ਸੀ।

"ਕਿਉਂ, ਪਈ ਨਹੀਂ ਠੂਠੇ ਖ਼ੈਰ?"

ਮਨਪ੍ਰੀਤ ਨੇ ਵੈਲੀ ਚਾਚੇ ਨੂੰ ਵਾਪਸ ਮੁੜਦੇ ਦੇਖ ਕੇ ਪੁੱਛਿਆ ਸੀ।

"ਖ਼ੈਰ, ਕਾਹਨੂੰ ਭਰਾਵਾ, ਮੈਂ ਤਾਂ ਭੋਰਾ ਗੋਰਖ਼ ਦਾ ਟੋਲਦਾ ਫਿਰਦਾ ਸੀ, ਦੋ ਘੁੱਟਾਂ ਚਾਹ ਦੀਆਂ ਹੀ ਹੋ ਜਾਂਦੀਆਂ ਤਾਂ ਪੱਤੇ ਵੀ ਕੰਮ ਆ ਜਾਂਦੇ।"

ਵੈਲੀ ਚਾਚਾ ਆਪਣੇ ਰੰਡੀ ਰੋਣੇ ਰੋਣ ਲੱਗ ਪਿਆ ਸੀ ਮਨਪ੍ਰੀਤ ਕੋਲ।

"ਛੱਡਦੇ ਪੱਤੇ ਪੀਣੇ ਵੈਲੀਆ, ਕੀ ਰੱਖਿਆ ਇਹਨਾ ਵਿੱਚ?।"

ਮਨਪ੍ਰੀਤ ਕਹਿ ਰਿਹਾ ਸੀ ਵਰਜ਼ ਰਿਹਾ ਸੀ ਵੈਲੀ ਚਾਚੇ ਨੂੰ ਨਸ਼ਾ ਪੱਤਾ ਕਰਨ ਤੋਂ।

"ਫਿਰ, ਲੋਕਾਂ ਨੇ ਮੈਨੂੰ ਵੈਲੀ ਕਹਿਣੋ ਹਟ ਜਾਣਾ ਹੈ, ਓਏ ਕਾਕਾ! ਅਸੀਂ ਵੈਲੀਆਂ ਨੇ ਤਾਂ ਵੈਲ ਹੀ ਕਮਾਉਣੇ ਆਂ, ਨਾਲੇ ਸਾਡੀ ਕਹਿੜੀ ਕਿਤੇ ਮੰਗ ਛੁੱਟ ਜੂ।"

ਵੈਲੀ ਨੇ ਹੱਥ ਵਿੱਚ ਫੜ੍ਹੇ ਗੜ੍ਹਵੇ ਦੇ ਗਲਮੇਂ ਉੱਤੇ ਹੱਥਾਂ ਦੀਆਂ ਉਂਗਲਾਂ ਨਾਲ ਢੋਲਕੀ ਵਜਾਉਂਦੇ ਹੋਏ ਤਰਜ਼ ਵਿੱਚ ਕਿਹਾ ਸੀ।

"ਹਾਂ ਸੱਚ! ਸੁਣ, ਤੂੰ ਨਾ ਕਿਤੇ ਆਪਣੇ ਆਪ ਨੂੰ ਕੋਈ ਵੈਲ ਲਾ ਲਵੀਂ, ਐਸ ਉਮਰੇ ਹੀ ਮੈਨੂੰ ਵੈਲ ਲੱਗਾ ਸੀ, ਤਮਾਕੂ, ਬੀੜੀਆਂ, ਸਿਗਰਟਾਂ ਦਾ ਤੇ ਸ਼ਰਾਬ ਦਾ, ਜਦੋਂ ਸ਼ਰਾਬ ਦਾ ਪੜ੍ਹ ਪਾਟ ਗਿਆ ਤਾਂ ਡੋਡਿਆਂ ਤੇ ਆ ਕੇ ਸਟੌਪ ਹੋਇਆ, ਹੁਣ ਤੂੰ ਦੱਸ, ਮਿਲੂ ਭੋਰਾ ਗੋਰਖ਼, ਜਾਂ ਫ਼ੱਕਰ ਤੁਰਦੇ ਲੱਗਣ।"

ਵੈਲੀ ਚਾਚਾ ਪੁਲ੍ਹ ਵੱਲ ਨੂੰ ਤੱਕਦਾ ਹੋਇਆ ਮਨਪ੍ਰੀਤ ਤੋਂ ਪੁੱਛ ਰਿਹਾ ਸੀ।

"ਆ ਪੁਲ੍ਹ ਵੱਲ ਨੂੰ ਕੀ ਵੇਖੀ ਜਾਨੈ?"

ਵੈਲੀ ਚਾਚਾ ਚਤਰ ਸੀ, ਪਰ ਚਤੁਰਾਈ ਮਾਰ ਗਈ ਸੀ ਉਸ ਨੂੰ ਜੁਆਨੀ ਵੇਲੇ ਹੀ ਨਸ਼ਿਆਂ ਚ' ਡੋਬ ਕੇ।

"ਗੁੱਜ਼ਰ, ਸ਼ਾਮ ਨੂੰ ਏਧਰੋਂ ਕਿੱਧਰੋਂ?"

ਮਨਪ੍ਰੀਤ, ਹਾਲੇ ਵੀ ਪੁਲ੍ਹ ਵਲੋਂ ਪਿੰਡ ਵੱਲ ਨੂੰ ਆ ਰਹੇ ਡੰਗਰਾਂ ਦੇ ਬੱਗ ਵੱਲ ਵੇਖਦਾ ਹੋਇਆ ਵੈਲੀ ਚਾਚੇ ਨੂੰ ਕਹਿ ਰਿਹਾ ਸੀ, ਵੈਲੀ ਚਾਚਾ ਵੀ ਪੁਲ੍ਹ ਕੰਨੀ ਵੇਖਣ ਲੱਗ ਪਿਆ ਸੀ।

"ਲੈ ਬਈ, ਜਿਊਣ ਜੋਗਿਆ ਗੱਲ ਬਣ ਗਈ, ਜੇ ਇਹ ਗੁੱਜ਼ਰ ਹੋਏ ਤਾਂ ਫਿਰ ਅੱਜ ਗੜ੍ਹਵਾ ਭਰੂਗਾ ਹੀ ਭਰੂਗਾ, ਜਦ ਦਾ ਸਹੁਰੀ ਦਾ ਮੇਰੇ ਹੱਥ ਵਿੱਚ ਆਇਆ, ਇੱਕ ਵਾਰੀ ਵੀ ਨਹੀਂ ਉਛਲ਼ਿਆ, ਪਤਾ ਨਹੀਂ ਕੀਹਦੇ ਗਰਿਹਣੇ ਲੋਹੇ ਦਾ ਬਣਿਆ ਹੋਇਆ ਏ, ਜੇਹਦੇ ਵਿੱਚ ਗੋਰਖ਼ ਵੜਨੋ ਵੀ ਡਰਦਾ ਏ, ਨਹੀਂ ਤੇ ਐਡਾ ਪਿੰਡ ਉਜੜਿਆ ਹੋਵੇ ਤੇ ਮੈਨੂੰ ਕੋਈ ਗੋਰਖ਼ ਨਾ ਦੇਵੇ, ਹੈਨੀ ਕਿਸੇ ਦਾ ਕੋਈ ਏਥੇ, ਅੱਛਾ ਕਾਕਾ ਤੂੰ ਚੱਲ, ਮੈਂ ਪਹਿਲਾਂ ਏਹਨਾ ਦੇ ਭਾਂਡੇ ਖ਼ੜ੍ਹਕਾ ਕੇ ਵੇਖ ਲਵਾਂ।"

ਵੈਲੀ ਚਾਚਾ ਗੜ੍ਹਵੇ ਦੇ ਗੰਜੇ ਸਿਰ ਤੇ ਹੱਥ ਫੇਰਦਾ ਮੱਝਾਂ ਦੇ ਬੱਗ ਮਗਰ ਆਉਂਦੇ ਦੋਹਾਂ ਅਜ਼ਨਬੀ ਮਰਦਾਂ ਨੂੰ ਨਿਹਾਰਨ ਲੱਗਿਆ ਸੀ, ਇੱਕ ਚੰਗਾ ਜੁਆਨ ਗੁੱਜ਼ਰ ਸੀ, ਪੈਰੀਂ ਖ਼ੁੱਸੇ ਤੇ ਚਿੱਟਾ ਕੁੜਤਾ ਚਾਦਰਾ, ਦੂਸਰਾ ਪਾਲ੍ਹੀ ਹਲਕੀ ਉਮਰ ਦਾ ਮੁੰਡੂ ਜਿਹਾ ਸੀ।

"ਬਾਪੂ, ਆਹ ਕਹਿੜਾ ਪਿੰਡ ਆ?"

ਗੱਭਰੂ ਗੁੱਜ਼ਰ ਨੇ ਵੈਲੀ ਦੇ ਲਾਗੇ ਆ ਕੇ ਪੁੱਛਿਆ ਸੀ।

"ਓਏ, ਤੇਰਾ ਸੱਤਿਆ ਨਾਸ਼ ਹੋ ਜੇ, ਬਾਪੂ ਕਾਹਨੂੰ ਕਹਿਨੈ, ਹਜੇ ਤਾਂ ਮੈਂ ਕੁਆਰਾ ਹਾਂ ਪੁੱਤਰਾ।"

ਵੈਲੀ ਅੰਦਰੋ ਅੰਦਰੀ ਸਰਾਫ਼ ਦੇ ਗਿਆ ਸੀ ਅਜ਼ਨਬੀ ਗੁੱਜ਼ਰ ਨੂੰ।

"ਤੈਨੂੰ ਕਹਿੜਾ ਪਿੰਡ ਚਾਹੀਦਾ ਐ ਪੁੱਤਰਾ?"

ਵੈਲੀ ਨੇ ਪੁੱਛਿਆ ਸੀ।

"ਅਸੀਂ ਬਾਰਦੌਲੀ ਪਿੰਡ ਨੂੰ ਜਾਣਾ ਹੈ।"

ਗੁੱਜ਼ਰ ਨੌਜਆਨ ਨੇ ਕਿਹਾ ਸੀ।

"ਓਏ, ਤੂੰ ਬਾਰਦੌਲੀ ਵਿੱਚ ਕਹਿਨੂੰ ਮਿਲਣਾ ਏਂ?"

ਵੈਲੀ ਨੇ ਫਿਰ ਪੁੱਛਿਆ ਸੀ।

"ਬਾਪੂ, ਅਸੀਂ ਮੁਹੰਮਦ ਖ਼ਾਨ ਦੇ ਡੇਰੇ ਜਾਣਾ ਹੈ, ਜੇ ਮਹਿਰਬਾਨੀ ਕਰਕੇ ਤੁਸੀਂ ਸਾਨੂੰ ਰਾਸਤਾ ਦੱਸ ਦਿਓ ਤਾਂ।"

ਗੁੱਜ਼ਰ ਨੇ ਅਮਲੀ ਨੂੰ ਅਰਜ਼ ਕੀਤੀ ਸੀ।

"ਹੁਣ, ਐਸ ਵੇਲੇ ਨਹੀਂ ਤੇਰੇ ਕੋਲੋਂ ਪਹੁੰਚ ਹੋਣਾ ਓਥੇ।"

ਵੈਲੀ ਨੇ ਬਿਨਾ ਵਜ਼ਾ ਹੀ ਚੱਕਰ ਵਿੱਚ ਪਾ ਲਿਆ ਸੀ ਗੁੱਜ਼ਰ ਨੂੰ।

"ਕਿਉਂ, ਬਹੁਤ ਦੂਰ ਹੈ ਡੇਰਾ ਉਹਨਾ ਦਾ?"

ਗੁੱਜ਼ਰ ਨੇ ਹੈਰਾਨ ਹੋ ਕੇ ਪੁੱਛਿਆ ਸੀ।

"ਦੂਰ ਦਾਰ ਤਾਂ ਜਹਿੜਾ ਕਹਿੜਾ, ਓਹਦਾ ਰਾਹ ਬਹੁਤ ਖ਼ਰਾਬ ਹੈ, ਹਨੇਰੇ ਵਿੱਚ ਨਹਿਰ ਦੀ ਪੱਟੜੀ ਤੇ ਚੱਲਣਾ ਠੀਕ ਨਹੀਂ ਪੁੱਤਰਾ, ਪਰ ਤੂੰ ਆਇਆਂ ਕਿੱਥੋਂ ਏਂ ਸੋਹਣਿਆਂ?"

ਅਮਲੀ ਨੇ ਗੱਲ ਹੋਰ ਪਾਸੇ ਤੋਰ ਲਈ ਸੀ, ਦਰਅਸਲ ਵੈਲੀ ਚਾਚਾ ਗੁੱਜ਼ਰਾਂ ਨੂੰ ਗੱਲੀਂ ਪਾ ਕੇ ਹਨੇਰਾ ਹੋਰ ਵਧਾ ਰਿਹਾ ਸੀ।

"ਅਸੀਂ ਪਹਾੜ੍ਹਾਂ ਤੋਂ ਆਏ ਹਾਂ ਬਾਪੂ।"

ਗੁੱਜ਼ਰ ਨੇ ਕਿਹਾ ਸੀ।

"ਪੁੱਤਰਾ! ਸੋਲਨ ਵਿੱਚ ਕਹਿੰਦੇ ਚੂਹ ਬਹੁਤ ਵਧੀਆ ਮਿਲਦੀ ਆ, ਕਿਓਂ, ਨਾਲ

ਲਿਆਂਦੀ ਕਿ ਨਹੀਂ? ਇੱਕ ਅੱਧੀ ਬੋਤਲ।"

ਵੈਲੀ ਦੇ ਮੂੰਹੋਂ ਲ੍ਹਾਲ੍ਹਾਂ ਦੀ ਵਾਰਸ਼ ਹੋਣ ਲੱਗੀ ਸੀ।

"ਲਿਆਏ ਤਾਂ ਨਹੀਂ ਬਾਪੂ, ਪਰ ਕਦੇ ਕਦੇ ਪੀ ਜਰੂਰ ਲਈਦੀ ਆ।"

ਗੁੱਜ਼ਰ ਨੇ ਜ਼ਵਾਬ ਦਿੱਤਾ ਸੀ।

"ਗੋਰਖ਼ ਭੋਰਾ ਮਿਲੂ ਕਿ ਨਹੀਂ?"

ਵੈਲੀ ਆਪਣੇ ਹੱਥ ਵਿੱਚ ਫ਼ੜ੍ਹੇ ਗੜ੍ਹਵੇ ਉੱਤੇ ਹੱਥ ਫੇਰਦਾ ਹੋਇਆ ਪੁੱਛ ਰਿਹਾ ਸੀ।

"ਕਿਤੇ ਜ਼ਗ੍ਹਾ ਦੇਖ ਕੇ, ਚੋ ਲੈਂਦੇ ਆਂ ਮੱਝਾਂ ਰੋਕ ਕੇ।"

ਗੁੱਜ਼ਰ ਕਹਿ ਰਿਹਾ ਸੀ।

"ਮੇਰੀ ਮੰਨੋ ਤਾਂ, ਉਸ ਬਗਲ੍ਹ ਵਿੱਚ ਡੱਕ ਦਿਓ ਮੱਝਾਂ ਨੂੰ ਪੁੱਤਰਾ, ਤੇ ਔਹ ਮੇਰਾ ਕੋਠਾ ਹੈ, ਰਾਤ ਕੱਟੋ ਏਥੇ ਅਨੰਦ ਨਾਲ, ਸਵੇਰੇ ਉੱਠ ਕੇ ਜਾ ਬੜਿਓ ਜਿੱਥੇ ਜਾਣਾ ਹਊ। ਵੈਸੇ ਮੁਹੰਮਦ ਖ਼ਾਨ ਕੀ ਲੱਗਦਾ ਤੇਰਾ?"

ਚਾਚਾ ਵੈਲੀ ਹੁਣ ਸੀ, ਆਈ, ਡੀ, ਵਾਲਿਆਂ ਵਾਂਗੂ ਸਾਰੀ ਪੁੱਛ ਤਾਸ਼ ਕਰ ਲੈਣੀ ਹੀ ਠੀਕ ਸਮਝ ਰਿਹਾ ਸੀ।

"ਓਹ, ਮੇਰਾ ਸੌਹੁਰਾ ਲੱਗਦੈ।"

ਗੁੱਜ਼ਰ ਨੇ ਜ਼ਵਾਬ ਦਿੱਤਾ ਸੀ।

"ਤੂੰ, ਤੂੰ ਮੁਹੰਮਦ ਖ਼ਾਨ ਦਾ ਜ਼ੁਆਈ, ਕਿਨ੍ਹੀਆਂ ਕੁੜੀਆਂ ਭਲਾ ਮੁਹੰਮਦ ਖ਼ਾਨ ਦੇ?"

ਵੈਲੀ ਬੜੀ ਹੈਰਾਨੀ ਨਾਲ ਪੁੱਛ ਰਿਹਾ ਸੀ।

"ਇੱਕ ਕੁੜੀ, ਤੇ ਇੱਕ ਜ਼ੁਆਈ।"

ਗੁੱਜ਼ਰ ਨੇ ਕਿਹਾ ਸੀ।

"ਤੂੰ, ਤਾਂ ਲੱਗ ਗਈਆਂ ਮੌਜ਼ਾਂ ਪੁੱਤਰਾ ਤੇਰੀਆਂ ਤਾਂ, ਕਰੋ ਮੱਝਾਂ ਬਗਲ੍ਹ ਵੱਲ ਨੂੰ, ਰਾਤ ਦਾ ਸਮਾ ਤੁਰਨੇ ਵਾਲਾ ਨਹੀਂ ਰਿਹਾ ਏਥੇ, ਹੋਰ ਨਾ ਓਹੀ ਜਾਹ ਜਾਂਦੀ ਹੋਜੇ, ਸਵੇਰੇ ਮੁਹੰਮਦ ਦੀ ਧੀ ਨੂੰ ਸਿੱਆਪਾ ਕਰਨਾ ਪੈ ਜੇ, ਵੈਸੇ ਬਹੂ ਤੇਰੀ ਸੁਨੱਖੀ ਹੈ ਓਦਾਂ..............., ਗੋਲ੍ਹ-ਮਟੋਲ੍ਹ ਜਹੀ, ਮੱਖਣ ਦੇ ਪੇੜੇ ਵਰਗੀ।"

ਵੈਲੀ ਨੇ ਗੱਲ ਪੂਰੀ ਕਰਦੇ ਕਰਦੇ ਆਪਣੀ ਕਾਲੀ ਜਹੀ ਜੀਭ ਆਪਣੇ ਸੁੱਕੇ ਜਹੇ ਬੁੱਲਾਂ ਉੱਤੇ ਫੇਰਨ ਦੀ ਨਾ-ਕਾਮ ਜਹੀ ਕੋਸ਼ਿਸ਼ ਕੀਤੀ ਸੀ।

"ਤੂੰ, ਵੇਖੀ ਹੈ ਬਾਪੂ, ਮੇਰੀ ਜ਼ੋਰੂ?"

ਗੁੱਜ਼ਰ ਨੇ ਉਤਾਵਲੇ ਹੋ ਕੇ ਪੁੱਛਿਆ ਸੀ।

"ਜ਼ੋਰੂ ਤਾਂ ਹੋਇਆ, ਤੂੰ ਮੈਨੂੰ ਬਾਪੂ ਕਹਿ ਕੇ ਨਵਾਂ ਕੰਮ ਨਾ ਕਰ, ਰਿਸ਼ਤੇ ਦਾਰੀ ਦਾ

ਜ਼ਿਆਦਾ ਹੀ ਚਾਅ ਆਉਂਦਾ ਤਾਂ ਚਾਚਾ ਕਹਿ ਲਿਆ ਕਰ ਪੁੱਤਰਾ, ਤੂੰ ਆਪਣਾ ਵੀ ਨਾ ਪਤਾ ਦੱਸ ਕੁਝ?"

ਚਾਚਾ ਵੈਲੀ ਉਸ ਗੁੱਜ਼ਰ ਨੂੰ ਪੁੱਛ ਰਿਹਾ ਸੀ।

"ਦੱਸਦਾਂ, ਦੱਸਦਾਂ, ਪਹਿਲਾਂ ਜ਼ਰਾ ਡੰਗਰ ਡੱਕ ਲੈਣ ਦੇ ਬਾਗਲ੍ਹੇ ਵਿੱਚ।"

ਗੁੱਜ਼ਰ ਆਪਣੇ ਕਾਮੇ ਨੂੰ ਨਾਲ ਲੈ ਕੇ ਡੰਗਰਾਂ ਨੂੰ ਸਾਂਭਣ ਲੱਗ ਪਿਆ ਸੀ।

"ਜੇ, ਘੁਟ ਲਾਉਣੀ ਤਾਂ ਲਿਆਵਾਂ ਸੋਹਣਿਆਂ?"

ਵੈਲੀ ਓਪਰਾ ਜਿਹਾ ਪੁੱਛ ਰਿਹਾ ਸੀ ਗੁੱਜ਼ਰ ਤੋਂ।

"ਲੈ ਆ ਫਿਰ, ਲਾਹ ਲੈਨੇ ਆਂ ਸਫ਼ਰ ਦਾ ਥਕੇਵਾਂ।"

ਗੁੱਜ਼ਰ ਨੇ ਆਪਣੇ ਖ਼ੀਸੇ ਵਿੱਚ ਹੱਥ ਪਾਇਆ ਤੇ ਹਨੇਰੇ ਵਿੱਚ ਹੀ ਇੱਕ ਨੋਟ ਵੈਲੀ ਚਾਚੇ ਵੱਲ ਵਧਾ ਦਿੱਤਾ ਸੀ, ਅਤੇ ਵੈਲੀ ਗੜਵਾ ਗੁੱਜ਼ਰ ਦੇ ਹੱਥ ਫ਼ੜਾ ਹਨੇਰੇ ਵਿੱਚ ਹੀ ਕਿਧਰੇ ਅਲੋਪ ਹੋ ਗਿਆ ਸੀ।

"ਹਾਂ, ਹੁਣ ਦੱਸ ਆਪਣਾ ਨਾਂ ਪਤਾ।"

ਵੈਲੀ ਚਾਚਾ ਦਾਰੂ ਤੇ ਦੁੱਧ ਦੀ ਖ਼ੀਰ ਨਾਲ ਰੱਜਿਆ ਹੋਇਆ ਜ਼ਮੀਨ ਤੇ ਦਰੀ ਸੁੱਟੀ ਦੀਵੇ ਦੀ ਲੋਏ ਪਿਆ ਸੀ, ਲਾੱਗੇ ਇੱਕ ਪਾਸੇ ਗੁੱਜ਼ਰ ਪਿਆ ਸੀ, ਪਾਲ੍ਹੀ ਮੁੰਡਾ ਤਾਂ ਮੱਝਾਂ ਕੋਲ ਪੈ ਗਿਆ ਸੀ।

"ਮੇਰਾ ਨਾਂ ਸਿਕੰਦਰ ਹੈ ਚਾਚਾ।"

ਗੁੱਜ਼ਰ ਨੇ ਬੜੇ ਫ਼ਕਰ ਨਾਲ ਕਿਹਾ ਸੀ।

"ਸਿਕੰਦਰ? ਹੱਦ ਕਰਤੀ ਯਾਰ ਤੇਰੀ ਬੁੜ੍ਹੀ ਨੇ, ਨਾਂ ਤਾਂ ਬੜਾ ਯੋਧਿਆਂ ਵਾਲਾ ਰੱਖਿਆ ਟੋਲ ਕੇ।"

ਵੈਲੀ ਚਾਚਾ ਮੁਫ਼ਤ ਦੀ ਪੀ ਕੇ ਖ਼ਚਰਾਈਆਂ ਕਰ ਰਿਹਾ ਸੀ।

"ਬੁੜੀ ਨੇ ਨਹੀਂ, ਲੋਕਾਂ ਨੇ ਰੱਖਿਆ ਮੇਰਾ ਏਹੇ ਨਾਂ।"

ਸਿਕੰਦਰ ਦੱਸ ਰਿਹਾ ਸੀ, ਜ਼ੋਬਨ ਤੇ ਨਸ਼ੇ ਦੀ ਲੋਰ ਨੇ ਹੁਲਾਰਾ ਦਿੱਤਾ ਲੱਗਦਾ ਸੀ ਗੁੱਜ਼ਰ ਨੂੰ।

"ਮੈਦਾਨੇ ਜਿੱਤ ਵੀ ਪਾਈ ਕਦੇ ਸੋਹਣਿਆਂ? ਕਿ ਹੱਥੋ ਪਾਈ ਗੱਲਾਂ ਬਾੱਤਾਂ ਨਾਲ ਹੀ "ਸਿਕੰਦਰ"?"

ਵੈਲੀ ਹਰ ਪਾਸਿਓਂ ਗੁੱਜ਼ਰ ਨੂੰ ਟੋਹ ਟੋਹ ਕੇ ਦੇਖ ਰਿਹਾ ਸੀ।

"ਜੇ ਕਹੇਂ ਤਾਂ ਤੇਰੀ ਲੱਤ ਬਾਂਹ ਲਾਹ ਦੇਨਾ ਹੁਣੇ।"

ਸਿਕੰਦਰ ਨੇ ਵੈਲੀ ਵੱਲ ਨੂੰ ਮੂੰਹ ਘੁਮਾਉਦੇ ਹੋਏ ਨੇ ਕਿਹਾ ਸੀ।

"ਨਾ ਓਏ ਭਰਾਵਾ, ਇਹ ਕੰਮ ਨਾ ਕਰੀਂ, ਮੈਂ ਓਦੇਂ ਹੀ ਯਕੀਨ ਕਰ ਲੈਣਾ। ਇਹਦਾ ਮਤਲਬ ਤੂੰ ਮੇਰਾ ਪੁੱਤ ਬਣ ਸਕਦੈਂ।"

ਵੈਲੀ ਚਾਚੇ ਨੇ ਗੁੱਜ਼ਰ ਦੇ ਚੇਹਰੇ ਵੱਲ ਬੜੀ ਗੌਰ ਨਾਲ ਤੱਕਿਆ ਸੀ।

"ਬਣਾ ਲੈ ਫਿਰ ਪੁੱਤ, ਬੇਹੰਦਾ ਕੀ ਏਂ?"

ਗੁੱਜ਼ਰ ਨੇ ਝੱਟ ਜ਼ਵਾਬ ਵਿੱਚ ਕਿਹਾ ਸੀ।

"ਗੜ੍ਹਵਾ ਗੋਰਖ਼ ਲੱਗਿਆ ਕਰੂ ਰੋਜ਼ ਦਾ, ਪਿਓ ਬਣਨਾ ਕਿਤੇ ਸੌਖਾ ਨਹੀਂ।"

ਵੈਲੀ ਚਾਚੇ ਨੇ ਆਪਣਾ ਜੱਗਾ ਟੈਕਸ ਦੱਸ ਦਿੱਤਾ ਸੀ ਗੁੱਜ਼ਰ ਨੂੰ।

"ਤੂੰ, ਪਿਓ ਤਾਂ ਬਣ, ਤੇਰਾ ਗੜ੍ਹਵਾ ਮੇਰੇ ਜਿਊਂਦੇ ਜੀ ਖ਼ਾਲੀ ਨਹੀਂ ਹੋਣ ਦਿੰਦਾ ਮੈਂ, ਤੈਨੂੰ ਪਤਾ, ਕਿੰਨੇ ਸਾਲ ਹੋ ਗਏ ਨੇ ਮੈਨੂੰ ਭਟਕਦਿਆਂ, ਅੱਜ ਮੰਜ਼ਲ ਮਿਲੀ ਹੈ ਜਾ ਕੇ, ਅੱਜ ਮੈਂ ਬਹੁਤ ਖ਼ੁਸ਼ ਹਾਂ, ਹਾਂ ਅੱਜ ਮੈਂ ਬਹੁਤ ਖ਼ੁਸ਼ ਹਾਂ।"

ਸਿਕੰਦਰ ਨੂੰ ਨਸ਼ੇ ਨੇ ਉਠਾ ਕੇ ਬਹਾ ਦਿੱਤਾ ਸੀ ਬਿਸਤਰੇ ਵਿੱਚੋਂ, ਓਹ ਛਾਤੀ ਚੌੜੀ ਕਰਨ ਲੱਗਿਆ ਸੀ, ਬਾਹਾਂ ਉਲਾਰਨ ਲੱਗਾ ਸੀ ਉਪਰ ਵੱਲ ਨੂੰ।

"ਕਾਫ਼ੀ ਤੰਗ ਆਇਆ ਲੱਗਦੈਂ ਸ਼ੇਰਾ।"

ਚਾਚੇ ਨੇ ਹੋਰ ਉਂਗਲੀ ਲਾ ਦਿੱਤੀ ਸੀ।

"ਥੋੜਾ ਜਿਹਾ ਤੰਗ? ਤੰਗੀ ਨੇ ਤਾਂ ਕਰ ਦਿੱਤਾ ਮੇਰਾ ਬੁਰਾ ਹਾਲ, ਪਰ ਹੁਣ ਮੈਂ ਤੰਗ ਨਹੀਂ ਰਹਾਂਗਾ।"

ਗੁੱਜ਼ਰ ਖ਼ੁਸ਼ੀ ਜ਼ਾਹਰ ਕਰ ਰਿਹਾ ਸੀ।

"ਨਾ, ਹੁਣ ਤੂੰ ਕਾਹਨੂੰ ਤੰਗ ਰਹਿਣਾ ਪੁੱਤਰਾ! ਹੁਣ ਤਾਂ ਦੋਹੀਂ ਹੱਥੀਂ ਲੱਡੂ ਤੇਰੇ, ਨਾਲੇ ਡੰਗਰ ਨਾਲੇ ਵਛੇਰੀ ਤੇਰੀ।"

ਵੈਲੀ ਮੁੱਛਾਂ ਜਹੀਆਂ ਚ' ਹੱਸ ਰਿਹਾ ਸੀ।

"ਵਛੇਰੀ, ਇੰਝ ਨਾ ਕਹਿ ਮੇਰੀ ਜ਼ੋਰੂ ਨੂੰ ਚਾਚਾ, ਓਹਦੀ ਖ਼ਾਤਰ ਤਾਂ ਮੈਂ ਪੰਜਾਂ ਸਾਲਾਂ ਵਿੱਚ ਸਾਰਾ ਪੰਜਾਬ ਗਾਹ ਮਾਰਿਆ, ਹੁਣ ਜਾ ਕੇ ਨਜ਼ਰੀਂ ਚੜ੍ਹੀ ਹੈ।"

"ਨਾ, ਤੇਰਾ ਵਿਆਹ ਕਦੋਂ ਹੋ ਗਿਆ, ਪੰਜ ਸਾਲ ਤਾਂ ਤੈਨੂੰ ਟੋਲਦਿਆਂ ਨਿਕਲ ਗਏ, ਕਿਤੇ ਜੰਮਦਿਆਂ ਦਾ ਹੀ ਹੋ ਗਿਆ ਹੋਣੈ ਪੋਤੜ੍ਹਿਆਂ ਵਿੱਚੇ?"

ਚਾਚਾ ਵੈਲੀ ਗੱਲ ਥੱਲੇ ਨਹੀਂ ਪੈਣ ਦਿੰਦਾ ਸੀ।

"ਪੋਤੜ੍ਹਿਆਂ ਵਿੱਚ ਕਾਹਨੂੰ ਚਾਚਾ, ਦੌੜੇ-ਭੱਜੇ ਫਿਰਦੇ ਸੀ ਓਦੋਂ, ਮੈਨੂੰ ਵਿਆਹ ਦਾ ਪੂਰਾ ਚੇਤਾ ਆ, ਜੇ ਚੇਤਾ ਨਾ ਹੁੰਦਾ ਤਾਂ ਰਾਹਾਂ ਵਿੱਚ ਐਹ ਜੁੱਤੀਆਂ ਤੜਵਾਉਣ ਦੀ ਕੀ ਜਰੂਰਤ ਪਈ ਸੀ ਮੈਨੂੰ?"

“ਜੇ ਓਹਨੂੰ ਨਾ ਹੋਇਆ ਤਾਂ?”

ਚਾਚਾ ਫਿਰ ਪੁੱਛ ਰਿਹਾ ਸੀ।

“ਇੰਜ਼ ਕਹਿ ਕੇ ਮੇਰਾ ਦਿੱਲ ਨਾ ਤੋੜ ਚਾਚਾ, ਓਹਨੂੰ ਤਾਂ ਮੈਂ ਚੇਤਾ ਕਰਵਾ ਦਊਂ, ਵੱਸ ਤੂੰ ਬਦ ਦੁਆਵਾਂ ਨਾ ਦੇਹ, ਹੋਰ ਜਿੱਦਾਂ ਮਰਜ਼ੀ ਕਰ।”

ਗੁੱਜ਼ਰ ਤਰਲੇ ਜਹੇ ਕੱਢਣ ਲੱਗ ਪਿਆ ਸੀ ਵੈਲੀ ਚਾਚੇ ਅੱਗੇ।

“ਅੱਛਾ, ਹੁਣ ਸੌਂ ਜਾ ਪੁੱਤਰਾ, ਤੂੰ ਤੇ ਜਾ ਵੜਨਾ ਏਂ ਨਿੱਘੀ ਬੁੱਕਲ੍ਹੇ, ਤੇ ਸਾਨੂੰ ਕੀ ਭਾਅ ਏ ਕਿਸੇ ਦੇ ਕੈਂਠੇ ਦਾ? ਅਸੀਂ ਤਾਂ ਬੁੱਢੇ ਵਾਰੇ ਰੜ੍ਹੇ ਹੱਡ ਛਿਲਾ ਛਿਲਾ ਮਰਨੈ।”

ਵੈਲੀ ਚਾਚਾ ਉਬਾਸੀਆਂ ਲੈਂਦਾ ਲੈਂਦਾ ਕਹਿ ਰਿਹਾ ਸੀ, ਰਾਤ ਬਹੁਤ ਹੋ ਚੁੱਕੀ ਸੀ।

“ਪਿਓ ਬਣੇਗਾ ਤਾਂ ਨਿਵਾਰੀ ਪਲੰਘ ਵੀ ਮਿਲੂਗੇ ਚਾਚਾ।”

ਸਿਕੰਦਰ ਕਹਿ ਰਿਹਾ ਸੀ।

“ਤੂੰ, ਬੰਦੇ ਦਾ ਪੁੱਤ ਤਾਂ ਬਣ, ਮੈਂ ਨਹੀਂ ਪਿਓ ਪੁਣੇ ਵਿੱਚ ਕਸਰ ਛੱਡਦਾ, ਹੁਣ ਸੌਂ ਜਾ, ਬਾਕੀ ਸਵੇਰੇ ਸਹੀ, ਰੋਜ਼ ਕੋਲ ਹੀ ਰਹਿਣਾ ਹੁਣ।

*

“ਜ਼ੋਬਨ ਦੀਏ ਬੰਦ ਬੋਤਲੇ,

ਤੈਨੂੰ ਪੀਣਗੇ ਨਸੀਬਾਂ ਵਾਲੇ।”

ਜੱਗੀ, ਮੌਕਾ ਤਾੜ ਕੇ ਮੁਹੰਮਦ ਖ਼ਾਨ ਦੇ ਡੇਰੇ ਆਣ ਢੁੱਕਾ ਸੀ।

“ਤੂੰ, ਫੇਰ ਆ ਗਿਆਂ, ਤੈਨੂੰ ਇੱਕ ਵਾਰੀ ਕਹੇ ਤੇ ਪਤਾ ਨਹੀਂ ਲੱਗਿਆ? ਕਿ ਇਹ ਬੋਤਲ ਤੇਰੇ ਨਸੀਬਾਂ ਵਿੱਚ ਹੈ ਨਹੀਂ ਟੁੱਟਿਆ ਆਸ਼ਕਾ।”

ਜੱਗੀ ਦੇ ਢੀਠ ਪੁਣੇ ਤੋਂ ਖ਼ਫ਼ਾ ਹੋਈ ਪਈ ਸੀ ਨੂਰਾਂ।

“ਤੈਨੂੰ ਵੀ ਇੱਕ ਵਾਰੀ ਕਹੇ ਤੇ ਪਤਾ ਨਹੀਂ ਲੱਗਿਆ ਕਿ ਮੈਂ ਤੇਰਾ ਮੜ੍ਹੀਆਂ ਤੱਕ ਪਿੱਛਾ ਕਰੂੰਗਾ, ਮੈਂ ਦਿਨੋ ਦਿਨ ਮਜ਼ਾਕ ਕਰਨਾ ਛੱਡੀ ਜਾਨੈ, ਤੂੰ ਕਿਤੇ ਮੇਰੀ ਗੱਲ ਦਾ ਮਜ਼ਾਕ ਤੇ ਨਹੀਂ ਸਮਝੀ ਜਾਂਦੀ?”

ਜੱਗੀ ਬੜ੍ਹੀ ਨੀਝ ਨਾਲ ਨਿਹਾਰਦਾ ਹੋਇਆ ਨੂਰਾਂ ਨੂੰ ਪੁੱਛ ਰਿਹਾ ਸੀ।

“ਇਸੇ ਤਰਾਂ ਮੇਰੇ ਕੋਲ ਰਹਿਣਾ ਚਾਹੁੰਦੈ?”

ਨੂਰਾਂ ਪੁੱਛ ਰਹੀ ਸੀ ਮੱਲੋ ਮੱਲੀ ਦੇ ਆਸ਼ਕ ਨੂੰ।

“ਹਾਂ, ਇਸੇ ਤਰਾਂ ਤੇਰੇ ਕੋਲ ਉਮਰ ਭਰ ਰਹਿਣਾ ਚਾਹੁੰਦਾ ਹਾਂ।”

ਜੱਗੀ ਕਹਿ ਰਿਹਾ ਸੀ।

"ਅੱਛਾ, ਤਾਂ ਫਿਰ ਤੈਨੂੰ ਰੱਖੜ੍ਹੀ ਹੀ ਬੰਨ ਦਿੰਦੀ ਹਾਂ।"

ਨੂਰਾਂ ਨੇ ਹੱਸਦੀ ਹੋਈ ਕਿਹਾ ਸੀ।

"ਫਿਰ ਨਾ ਕਦੇ ਵੀ ਆਪਣੀ ਜ਼ਬਾਨੋ ਮੰਦਾ ਬੋਲੀਂ ਗੁਜ਼ਰੀਏ..., ਮੈਂ ਤੈਨੂੰ ਪਿਆਰ ਕਰਦਾ ਹਾਂ ਤੇ ਕਰਦਾ ਰਹਾਂਗਾ ਜਦੋਂ ਤੱਕ ਜਿਊਂਦਾ ਹਾਂ, ਜੇ ਰੱਬ ਨੇ ਮੇਰੇ ਨਸੀਬਾਂ ਵਿੱਚ ਰੱਖੜ੍ਹੀ ਲਿਖੀ ਹੁੰਦੀ ਤਾਂ ਮੇਰੀ ਮਾਂ ਦੀ ਕੁੱਖੋਂ ਮੇਰੀ ਕੋਈ ਭੈਣ ਪੈਦਾ ਕਰ ਸਕਦਾ ਸੀ, ਰੱਖੜ੍ਹੀ ਮੇਰੇ ਨਸੀਬਾਂ ਵਿੱਚ ਨਹੀਂ ਹੈ।"

ਜੱਗੀ ਪੂਰਾ ਜ਼ੋਰ ਲਾ ਕੇ ਚਿਲਾਇਆ ਸੀ, ਜਿਵੇਂ ਰੱਖੜੀ ਸ਼ਬਦ ਹੀ ਐੱਲ, ਜੀ, ਦਾ ਰੌਂਦ ਬਣ ਕੇ ਜਿਸਮ ਨੂੰ ਛਣਨੀ ਕਰ ਗਿਆ ਹੋਵੇ, ਓਹ ਲਹੂ ਲੁਹਾਨ ਹੋ ਗਿਆ ਸੀ।

"ਜੇ ਨਸੀਬਾਂ ਵਿੱਚ ਨਹੀਂ ਤਾਂ ਮੇਰਾ ਕੀ ਕਸੂਰ ਹੈ, ਜਿਸ ਦਾ ਤੂੰ ਜਿਊਣਾ ਹਰਾਮ ਕੀਤਾ ਹੋਇਆ ਹੈ?"

"ਮੈਂ ਤਾਂ, ਤੈਨੂੰ ਹਾਸਿਲ ਕਰਨਾ ਚਾਹੁੰਦਾ ਹਾਂ ਮਿੱਠੀਏ।"

ਜੱਗੀ ਕਹਿ ਰਿਹਾ ਸੀ।'

"ਤੈਨੂੰ ਕੋਈ ਹੋਰ ਨਹੀਂ ਦਿਸਦੀ?"

ਨੂਰਾਂ ਪੁੱਛ ਰਹੀ ਸੀ।

"ਤੈਨੂੰ ਕੋਈ ਹੋਰ ਦਿਸਦਾ?"

ਜੱਗੀ ਨੂਰਾਂ ਤੋਂ ਪੁੱਛ ਰਿਹਾ ਸੀ।

"ਹਾਂ, ਮੈਂ ਤਾਂ ਕੋਈ ਹੋਰ ਦੇਖ ਚੁੱਕੀ ਹਾਂ, ਤਦੇ ਤਾਂ ਕਹਿ ਰਹੀ ਹਾਂ, ਕਿ ਤੂੰ ਭੁੱਲ ਜਾ ਮੈਨੂੰ, ਮੈਂ ਤੇਰੀ ਕੁਛ ਨਹੀਂ ਹਾਂ।"

ਕਹਿ ਕੇ ਨੂਰਾਂ ਤੁਰ ਪਈ ਸੀ।

"ਤੂੰ, ਮੇਰੀ ਸਭ ਕੁਝ ਏਂ, ਮੈਂ ਦੁਨੀਆਂ ਤਾਂ ਸਾਰੀ ਭੁਲਾ ਦਊਂ, ਪਰ ਤੈਨੂੰ ਨਹੀਂ ਹੁਣ ਹੋਰ ਕਿਸੇ ਦੀ ਹੋਣ ਦਿੰਦਾ, ਮੈਂ ਤਾਂ ਮਰਿਆ ਹੀ ਮਰਿਆ ਹਾਂ, ਬਾਕੀਆਂ ਨੂੰ ਜਿਊਂਦੇ ਨਹੀਂ ਛੱਡੂੰਗਾ, ਹਾਲੇ ਵੀ ਸੋਚ ਲਵੀਂ, ਮੈਂ ਫਿਰ ਆਊਂਗਾ।"

ਜੱਗੀ ਲੋਹਾ ਲਾੱਖਾ ਹੁੰਦਾ ਤੁਰ ਪਿਆ ਸੀ, ਨਹਿਰ ਦੀ ਪਟੜ੍ਹੀ ਪਟੜ੍ਹੀ ਕੁਝ ਜਾਣ ਪਹਿਚਾਣ ਵਾਲੇ ਲੋਕ ਆ ਰਹੇ ਸਨ, ਸ਼ਾਇਦ ਉਹਨਾ ਦੀ ਸ਼ਰਮ ਮੰਨ ਗਿਆ ਸੀ ਜੱਗੀ।

ਨੂਰਾਂ ਦੀ ਨਜ਼ਰ ਜੱਗੀ ਉੱਤੇ ਬਿਲਕੁਲ ਨਹੀਂ ਜਾ ਰਹੀ ਸੀ, ਓਹ ਤਾਂ ਆਪਣੇ ਅੱਬੂ ਮੁਹੰਮਦ ਖ਼ਾਨ ਦਾ ਰਾਹ ਤੱਕ ਰਹੀ ਸੀ ਕਿ ਕਦ ਅੱਬੂ ਜਾਨ ਆਵੇ ਤਾਂ ਬਾੜੇ ਵਿੱਚੋਂ ਮੱਝਾਂ ਬਾਹਰ ਕੱਢੇ, ਅੱਬੂ ਦੇ ਆ ਜਾਣ ਤੇ ਮੱਝਾਂ ਨੂੰ ਪਾਣੀ ਡਾਹਣ ਲੈ ਤੁਰੀ ਸੀ ਨੂਰਾਂ ਨਹਿਰ ਵੱਲ ਨੂੰ, ਮੱਝਾਂ ਰੋਜ਼ ਦੀਆਂ ਗਿੱਝੀਆਂ ਹੋਈਆਂ ਜਾਣੇ ਪਹਿਚਾਣੇ ਰਾਹਾਂ ਤੇ ਤੁਰੀਆਂ ਜਾ ਰਹੀਆਂ

ਸਨ, ਜਿਵੇਂ ਕੀਲੀਆਂ ਹੋਈਆਂ ਹੋਣ ਗੋਕਲ ਦੀਆਂ ਗਊਆਂ ਵਾਂਗੂ, ਤੇ ਮੱਝਾਂ ਦੇ ਮਗਰ ਮਗਰ ਸੋਟੀ ਫ਼ੜੀ,

"ਸਾਕੀ ਕਿੱਥੇ ਹੋਵੇਗਾ ਇਸ ਵਕਤ?"

ਸੋਚਦੀ ਜਾ ਰਹੀ ਸੀ ਨੂਰਾਂ।

*

"ਕਰ ਲੈ, ਮਿਲਣੀ ਪੁੱਤਰਾ ਆਪਣੀ ਜ਼ੋਰੂ ਨਾਲ, ਔਹ ਫਿਰਦੀ ਆ ਓਹੋ।"

ਵੈਲੀ ਚਾਚੇ ਨੇ ਦੂਰੋਂ ਆਉਂਦੀ ਨੂਰਾਂ ਨੂੰ ਵੇਖ ਕੇ ਸਿਕੰਦਰ ਨੂੰ ਕਿਹਾ ਸੀ, ਜਹਿੜਾ ਪਾਲ੍ਹੀ ਮੁੰਡੇ ਨੂੰ ਨਾਲ ਲਈ ਆਪਣੀਆਂ ਮੱਝਾਂ ਨੂੰ ਹੱਕੀ, ਰੇਲ ਗੱਡੀ ਦੇ ਪੁਲ੍ਹ ਵੱਲ ਨੂੰ ਜਾ ਰਿਹਾ ਸੀ।

"ਰੂਹ ਖ਼ੁਸ਼ ਹੋ ਗਈ ਏ ਚਾਚਾ, ਦੇਵੀ ਦੇ ਦਰਸ਼ਨ ਕਰਕੇ, ਓਹ ਚਾਚਾ, ਤੂੰ ਮੁੰਡੂ ਨਾਲ ਡੰਗਰ ਹਕਾ ਲਿਆ ਤੇ ਮੈਂ ਚਲਦਾਂ ਹੁਣ।"

ਸਿਕੰਦਰ ਨੇ ਹੱਥ ਫ਼ੜੀ ਹੋਈ ਸੋਟੀ ਵੈਲੀ ਚਾਚੇ ਵੱਲ ਵਧਾਉਂਦੇ ਹੋਏ ਕਿਹਾ ਸੀ।

"ਰੁਕ, ਰੁਕ, ਦਮ ਤਾਂ ਲੈ, ਪਹਿਲੋਂ ਮੇਰੀ ਗੱਲ ਤਾਂ ਸੁਣ ਖ਼ੜ੍ਹਕੇ।"

ਵੈਲੀ ਚਾਚੇ ਨੇ ਇੱਕ ਮੁੱਠੀ ਗੜ੍ਹਵੇ ਅੰਦਰ ਦਿੱਤੀ ਹੋਈ ਸੀ ਅਤੇ ਦੂਸਰੇ ਹੱਥ ਨਾਲ ਸਿਕੰਦਰ ਦੀ ਬਾਂਹ ਪਕੜ ਲਈ ਸੀ।

"ਕਾਹਲੀ ਅੱਗੇ ਟੋਏ ਹੁੰਦੇ ਨੇ ਪੁੱਤਰਾ, ਸਬਰ ਕਰ, ਸਮਝ ਤੋਂ ਕੰਮ ਲੈ, ਓਏ ਪੁੱਤਰਾ ਜੇ ਮੈਨੂੰ ਸੋਟੀਆਂ ਫ਼ੜਨ ਦਾ ਸ਼ੌਂਕ ਹੁੰਦਾ ਤਾਂ ਅੱਜ ਗੜ੍ਹਵਾ ਚੁੱਕੀ ਫਿਰਦਾ, ਹੱਦ ਕਰੀ ਜਾਨੈ ਯਾਰ, ਸਬਰ ਕਰ, ਧੀਰਜ਼ ਰੱਖ, ਤੂੰ ਵੀ ਏਥੇ ਹੀ ਰਹਿਣਾ ਤੇ ਓਹਨੇ ਵੀ, ਫੇਰ ਕਾਹਲੀ ਦਾ ਕੀ ਕੰਮ, ਸਿਆਣੇ ਕਹਿੰਦੇ ਨੇ ਕਿ ਸਹਿਜ ਪੱਕੇ ਸੋ ਮੀਠਾ ਹੋਏ, ਮੇਰੀ ਗੱਲ ਸਮਝਦੈਂ ਜਾਂ ਮੈਂ ਓਦੈਂ ਹੀ ਬੋਲੀ ਜਾਨਾ?"

ਵੈਲੀ ਚਾਚੇ ਨੇ ਸਿਕੰਦਰ ਨੂੰ ਸਮਝਾਉਂਦੇ ਹੋਏ ਨੇ ਪੁੱਛਿਆ ਸੀ।

"ਮੈਂ, ਸਭ ਸਮਝਦਾ ਹਾਂ ਚਾਚਾ, ਮੈਂ ਨਿਆਣਾ ਤਾਂ ਨਹੀਂ ਹਾਂ, ਪੰਜਾਂ ਸਾੱਲਾਂ ਵਿੱਚ ਆਹੋ ਕੁਝ ਤਾਂ ਮਿਲਿਆ, ਹੁਣ ਤੂੰ ਸਬਰ ਦਾ ਪੰਗਾ ਪਾਈ ਜਾਨੈ।"

ਸਿਕੰਦਰ ਇਕ ਕਿਸਮ ਨਾਲ ਵਿਲਕ ਹੀ ਰਿਹਾ ਸੀ।

"ਪੁੱਤਰਾ, ਪਹਿਲਾਂ ਆਪਦੇ ਸਹੁਰੇ ਨੂੰ ਮਿਲ, ਹਾਲ ਚਾਲ ਪੁੱਛ ਦੱਸ ਬੰਦਿਆਂ ਵਾਂਗੂ, ਫੇਰ ਰਾਤ ਨੂੰ ਮਿਲੀਂ ਏਹਨੂੰ।"

ਵੈਲੀ ਚਾਚਾ, ਸਿਕੰਦਰ ਨੂੰ ਜੁਗਤੀਆਂ ਦੱਸ ਰਿਹਾ ਸੀ।

"ਚਾਚਾ! ਮੈਂ ਹੁਣੇ ਕਿਉਂ ਨਹੀਂ ਮਿਲ ਸਕਦਾ?"

ਸਿਕੰਦਰ ਬਹੁਤ ਹੀ ਉਤਾਵਲਾ ਹੋਇਆ ਪਿਆ ਸੀ।

"ਓਏ, ਇਥੇ ਰਾਹ ਵਿੱਚ? ਲੋਕ ਬਹੁਤ ਲੰਘਦੇ ਆ ਏਥੇ......, ਕੁੜੀ ਨੇ ਮਾਮਲਾ ਉਲਟਾ ਕਰ ਦਿੱਤਾ ਤਾਂ ਰਾਹੀਆਂ ਨੇ ਚੰਮ ਲਾਹ ਦੇਣਾ ਤੇਰਾ ਕੁੱਟ ਕੁੱਟ ਕੇ, ਭਰਾਵਾ, ਮੇਹਰ ਕਰ ਮੇਰੇ ਤੇ, ਪਤਾ ਨਹੀਂ ਘੁੱਟ ਗੋਰਖ਼ ਦਾ ਦੇਣਾ ਪਤਾ ਨੀ ਨਹੀਂ ਦੇਣਾ, ਨਾਲੇ ਏਧਰ ਜੱਟਾਂ ਦੇ ਖੇਤੀਂ ਡੰਗਰ ਜਾ ਬੜੇ ਤਾਂ ਉਹਨਾ ਨੇ ਨਾਲ ਮੁੰਡੂ ਦੇ ਮੇਰਾ ਵੀ ਗੜ੍ਹਵਾ ਮਾਂਜ਼ ਕੇ ਰੱਖ ਦੇਣਾ, ਮੁਫ਼ਤ ਮੁੱਲੇ ਮੇਰੇ ਹੱਡ ਤੱਤੇ ਕਰਵਾਏਂਗਾ, ਮੈਂ ਮੁੜਦਾ ਫੇਰ।"

ਚਾਚਾ ਵੈਲੀ ਰੁਕ ਕੇ ਮੁੜਨ ਲੱਗਿਆ ਸੀ।

"ਚਾਚਾ, ਨਾਲੇ ਪੁੱਤ ਕਹਿਨੈ ਮੈਨੂੰ ਨਾਲੇ ਯਕੀਨ ਨਹੀਂ ਕਰਦਾ, ਹੁਣ ਰਾਤੇ ਵਾਲਾ ਨਹੀਂ ਰਿਹਾ ਤੂੰ।"

ਸਿਕੰਦਰ ਰੁਕ ਕੇ ਚਾਚੇ ਨੂੰ ਕਹਿ ਰਿਹਾ ਸੀ।

"ਹੈਗਾ ਤਾਂ ਮੈਂ ਰਾਤੇ ਵਾਲਾ ਹੀ, ਪਰ ਤੂੰ ਧੀਰਜ਼ ਰੱਖ, ਜੇ ਜਹਾਨ ਵਿੱਚੋਂ ਕੁਝ ਖੱਟਣਾ ਈ, ਨਹੀਂ ਤੇ ਜਿੱਦਾਂ ਖਾੱਲੀ ਆਇਆ ਓਦਾਂ ਹੀ ਤੁਰ ਜਾਵੇਂਗਾ।"

ਚਾਚਾ ਵੈਲੀ ਆਪਣੇ ਆਪ ਨੂੰ ਵਜ਼ਨੀ ਮਹਿਸੂਸ ਕਰ ਰਿਹਾ ਸੀ ਜ਼ਮੀਨ ਤੇ ਖੜ੍ਹਾ।

"ਤੇਰੀ ਕੀ ਸੁਲਾਹ, ਏਹਨੂੰ ਬੁਲਾਏ ਬਿਨਾ ਹੀ ਏਹਦੇ ਕੋਲ ਦੀ ਲੰਘ ਜਾਵਾਂ ਦਿੱਲ ਤੇ ਪੱਥਰ ਰੱਖ ਕੇ?"

ਸਿਕੰਦਰ ਪੁੱਛ ਰਿਹਾ ਸੀ ਚਾਚੇ ਤੋਂ।

"ਹਾਂ ਪੁੱਤਰਾ, ਨਾਲੇ ਕੋਈ ਨਵੀਂ ਝੱਗੀ ਝੁੱਗੀ ਸੁਵਾ ਕੇ ਪਾ ਪਹਿਲੋਂ, ਨਹਾ ਧੋ ਕੇ ਟੌਰ ਸ਼ੌਰ ਕੱਢ ਜ਼ਰਾ, ਲਾੜਾ ਜਿਹਾ ਬਣ, ਫੇਰ ਮਿਲ੍ਹੀਂ ਓਹਨੂੰ, ਓਦੇਂ ਹੀ ਉਖਲ੍ਹਾਂ ਵਾਂਗੂ ਮੂੰਹ ਚੁੱਕੀ ਦੌੜਨੈ, ਓਹ ਵੀ ਇੱਕ ਜ਼ਨਾਨੀ ਮਗਰ? ਨਾਮ ਸਿਕੰਦਰ ਤੇ ਕੰਮ ਭੜੂਆਂ ਵਾਲੇ ਨਹੀਂ ਕਰੀਦੇ, ਵੈਸੇ ਜਾਂਦਾ ਜਾਂਦਾ ਅੱਖਾਂ ਨਾਲ ਹਾਲ ਚਾਲ ਪੁੱਛ ਛੱਡੀਂ, ਅੱਛਾ, ਹੁਣ ਭੁੱਖ ਲੱਗੀ ਏ, ਕਿਸੇ ਬੰਨੇ ਕੰਡੇ ਲੱਗੀਏ।"

*

ਵੈਲੀ ਚਾਚੇ ਨੇ ਗੁੱਜ਼ਰ ਨੂੰ ਮਨ ਆਈ ਕਰਨ ਤੋਂ ਰੋਕ ਦਿੱਤਾ ਸੀ ਅਤੇ ਸਿਕੰਦਰ ਨੇ ਬੂਰੀ ਝੋਟੀ ਦੀ ਪਿੱਠ ਉੱਤੇ ਡਾਂਗ ਜੜ੍ਹ ਦਿੱਤੀ ਸੀ, ਜਿਸ ਕਰਕੇ ਡੰਗਰਾਂ ਨੇ ਚਾਲ ਤੇਜ ਕਰ ਲਈ ਸੀ।

"ਪੁੱਤਰਾ, ਏਥੇ ਪਹਾੜਾਂ ਵਾਲੀ ਕੋਈ ਵੀ ਭਲਮਾਣਸੀ ਨਹੀਂ ਚੱਲਦੀ, ਵੱਸ ਖਾਊ

ਯਾਰਾਂ ਤੋਂ ਬਚੀਂ, ਖਾਊ ਯਾਰਾਂ ਦੀ ਸਾਡੇ ਏਰੀਏ ਵਿੱਚ ਕੋਈ ਕਮੀ ਨਹੀਂ, ਕਾਕਾ ਤੂੰ ਆਇਆਂ ਏਥੇ ਹਜੇ ਨਵਾਂ, ਨਵਾਂ, ਤੈਨੂੰ ਨਹੀਂ ਪਤੈ ਇੱਥੇ ਦਾ।"

ਚਾਚਾ ਵੈਲੀ ਸਮਝਾ ਰਿਹਾ ਸੀ ਸਕੰਦਰ ਨੂੰ।

"ਮੈਨੂੰ, ਵਥੇਰਾ ਪਤਾ ਹੈ ਚਾਚਾ, ਤੂੰ ਮੈਨੂੰ ਐਵੇਂ ਨਾ ਜਾਣੀ।"

ਸਿਕੰਦਰ ਕਹਿੜਾ ਘੱਟ ਸੀ ਆਪਣੇ ਆਪ ਵਿੱਚ।

"ਹਊਮੇ ਵਿੱਚ ਫ਼ਸਕੇ ਤਾਂ ਬੰਦਾ ਮਰਦੈ, ਤੈਨੂੰ ਹਜੇ ਕੁਝ ਨਹੀਂ ਪਤੈ, ਤੈਨੂੰ ਹੁਣ ਪਤਾ ਲੱਗੂਗਾ ਜੇ ਬੰਦਿਆਂ ਵਾਂਗ ਰਹੇਂਗਾ ਤਾਂ।"

ਵੈਲੀ ਚਾਚਾ ਆਪਣੀ ਸਿਆਣਪ ਝਾੜ ਰਿਹਾ ਸੀ ਗੁੱਜ਼ਰ ਤੇ।

"ਸੋਝੀ ਤੋਂ ਬਿਨਾਂ ਘਰ ਨਹੀਂ ਵਸਦੇ ਹੁੰਦੇ ਪੁੱਤਰਾ, ਤੈਨੂੰ ਹਾਲੇ ਸੋਝੀ ਦਾ ਵੀ ਨੀ ਪਤਾ ਹੋਣਾ ਕਿ ਕਾਹਦੇ ਨਾਲ ਖਾਈ ਦੀ ਐ ਸੋਝੀ।"

ਵੈਲੀ ਕਹਿ ਰਿਹਾ ਸੀ।

"ਚਾਚਾ, ਤੈਨੂੰ ਤਾਂ ਪਤਾ ਹੀ ਹੋਊ, ਕਾਹਦੇ ਨਾਲ ਖਾਈ ਦੀ ਹੈ ਸੋਝੀ?"

ਸਿਕੰਦਰ ਨੇ ਚਾਚੇ ਵੈਲੀ ਤੇ ਟਕੋਰ ਕਰਦੇ ਹੋਏ ਕਿਹਾ ਸੀ।

"ਕਾਕਾ, ਫੇਰ ਤੇਰਾ ਘਰ ਵਸ ਚੁੱਕਿਆ, ਜੇ ਏਦਾਂ ਹੀ ਜ਼ਬੱਲ੍ਹ ਰਿਹਾ ਤਾਂ।"

ਚਾਚੇ ਨੇ ਫਿਰ ਕਿਹਾ ਸੀ ਸਿਕੰਦਰ ਨੂੰ ਸਮਝਾਉਂਦੇ ਹੋਏ।

"ਤੇਰੀਆਂ ਬਦ ਦੁਆਵਾਂ ਨੇ ਮੇਰਾ ਘਰ ਕਿੱਥੇ ਵਸਣ ਦੇਣਾ ਏ ਵੈਲੀਆ।"

ਸਿਕੰਦਰ ਹਿਰਖ਼ ਜਹੇ ਨਾਲ ਬੋਲ ਰਿਹਾ ਸੀ।

"ਸੋਹਣਿਆਂ, ਬਹਿਮਾ ਭਰਮਾ ਵਿੱਚ ਨਹੀਂ ਪਈਦਾ ਹੁੰਦਾ, ਅੱਜ ਕੱਲ ਨਹੀਂ ਕੋਈ ਪੁੱਛਦਾ ਦੁਆਵਾਂ ਬਦ ਦੁਆਵਾਂ ਨੂੰ, ਜੀਹਦੀ ਕੋਠੀ ਦਾਣੇ ਓਹਦੇ ਕਮਲੇ ਵੀ ਸਿਆਣੇ, ਸੱਚ, ਆਹ ਮੁੰਡੂ ਤੇਰਾ ਛੋਟਾ ਭਾਈ ਹੈ ਜਾਂ ਝੋਲ੍ਹੀ ਚੁੱਕ ਹੀ ਹੈ?"

ਹੁਣ ਚਾਚੇ ਵੈਲੀ ਨੇ ਸਿਕੰਦਰ ਦੇ ਨਾਲ ਆਏ ਹੋਏ ਮੁੰਡੇ ਵਾਰੇ ਪੁੱਛਿਆ ਸੀ।

"ਲਿਹਾਜ਼ੀ ਹੈ ਵਿਚਾਰਾ, ਬੜਾ ਲੇਖਾ ਦਿੱਤਾ ਏਹਨੇ ਮੇਰਾ, ਹੁਣ ਮੈਂ ਟਿਕਾਣੇ ਪਹੁੰਚ ਗਿਆ ਹਾਂ, ਏਹਨੇ ਵਾਪਸ ਮੁੜ ਜਾਣਾ ਹੈ।"

ਸਿਕੰਦਰ ਕਹਿ ਰਿਹਾ ਸੀ ਡੰਗਰਾਂ ਦੇ ਮਗਰ ਤੁਰਿਆਂ ਜਾਂਦਾ।

"ਹੁਣ ਮੁਹੰਮਦ ਨਾਲ......, ਜਾਣੀ ਤੇਰੇ ਸਹੁਰੇ ਨਾਲ ਕਿਵੇਂ ਪੇਚਾ ਲੜਾਵਾਂਗੇ?"

ਚਾਚਾ ਵੈਲੀ ਆਪਣੇ ਆਪ ਨਾਲ ਹੀ ਗੱਲਾਂ ਕਰ ਰਿਹਾ ਸੀ ਜੋ ਸਿਕੰਦਰ ਨੇ ਵੀ ਸੁਣ ਲਈਆਂ ਸਨ।

"ਤੂੰ, ਸਿਆਣਾ ਏਸੇ ਲਈ ਹੀ ਏਂ, ਲੜ੍ਹਾ ਕੋਈ ਨਾ ਕੋਈ ਤਰਕੀਬ ਫੇਰ।"

ਸਿਕੰਦਰ ਕਹਿ ਰਿਹਾ ਸੀ।

"ਸਹੁਰੇ ਨੂੰ ਮਿਲਣ ਵਿੱਚ ਤਰਕੀਬਾਂ ਭਾਲਦੈਂ? ਜਾਂਦਾ ਹੀ ਡਿਗ ਪੈ ਬੁੜ੍ਹੇ ਦੇ ਚਰਨੀ, ਆਪੇ ਬੇੜੇ ਪਾਰ ਹੋ ਜਾਊਗੇ, ਓਦਾਂ ਤਰਕੀਬ ਵੀ ਹੈ ਇੱਕ ਅਣ ਸਰੇ ਬੁੜੇ ਦੀ।"

ਵੈਲੀ ਚਾਚਾ ਹੌਲ਼ੀ-ਹੌਲ਼ੀ ਗੁਜ਼ੱਰ ਨੂੰ ਹੱਥਾਂ ਵਿੱਚ ਲੈ ਰਿਹਾ ਸੀ।

"ਓਹ ਕਹਿੜੀ ਤਰਕੀਬ ਆ ਚਾਚਾ।"

ਗੁੱਜ਼ਰ ਪੁੱਛ ਰਿਹਾ ਸੀ।

"ਸਹੁਰੇ ਨੂੰ ਲਾ ਦੇ ਬੋਤਲ ਮਗਰ ਅਤੇ ਆਪ ਲੱਗ ਜਾ.........।"

ਚਾਚਾ ਇਸ਼ਾਰੇ ਜਹੇ ਕਰ ਰਿਹਾ ਸੀ ਸਿਕੰਦਰ ਨੂੰ।

"ਸਾਡੀ ਕੌਮ ਸ਼ਰਾਬ ਦੀ ਘੱਟ ਹੀ ਸ਼ੌਕੀਨ ਹੈ ਚਾਚਾ।"

ਸਿਕੰਦਰ ਨੇ ਚਾਚੇ ਵੈਲੀ ਨੂੰ ਜਵਾਬ ਦਿੱਤਾ ਸੀ।

"ਓਏ, ਰਹਿਣ ਦੇ ਤੂੰ, ਮੁਫ਼ਤ ਦੀ ਤਾਂ ਮੁੱਲਾਂ ਕਾਜ਼ੀ ਨਾ ਛੱਡਦੇ, ਤੇ ਇਹ ਕਹਿੜੇ ਖੇਤ ਦਾ ਗੋਂਗਲੂ ਹੈ?"

ਚਾਚੇ ਨੇ ਗੁੱਜ਼ਰ ਨੂੰ ਫ਼ੀਤਾ ਲਾਉਣਾ ਸ਼ੁਰੂ ਕਰ ਦਿੱਤਾ ਸੀ।

"ਮੈਨੂੰ, ਉਮੀਦ ਨਹੀਂ ਹੈ ਕਿ ਮੇਰਾ ਸਹੁਰਾ ਦਾਰੂ ਪੀਂਦਾ ਹੋਵੇਗਾ।"

ਸਿਕੰਦਰ ਨੇ ਆਪਣੀ ਸੋਚਣੀ ਮੁਤਾਬਕ ਚਾਚੇ ਨੂੰ ਕਿਹਾ ਸੀ।

"ਉਮੀਦ ਮੁੱਲ ਨਹੀਂ ਵਿਕਦੀ, ਆਪ ਨੂੰ ਹੀ ਬਨਾਉਣੀ ਪੈਂਦੀ ਹੈ ਪੁੱਤਰਾ, ਕਹਿੰਦੇ ਬੰਦਾ ਤਾਂ ਚੰਦ ਤੇ ਵੀ ਜਾ ਚੜ੍ਹਿਆ, ਫੇਰ ਏਹੇ ਤਾਂ ਕੰਮ ਹੀ ਕੁਛ ਨਹੀਂ।"

ਵੈਲੀ ਚਾਚਾ ਗੱਲੀ ਬਾੱਤੀਂ ਸਾਂਇਸਦਾਨ ਬਣਿਆ ਪਿਆ ਸੀ।

"ਓਹ ਚਾਚਾ, ਤੂੰ ਨਾ ਗਿਓਂ ਫੇਰ ਚੰਦ ਤੇ?"

ਸਿਕੰਦਰ ਨੇ ਉਲਟਾ ਚਾਚੇ ਵੈਲੀ ਨੂੰ ਹੀ ਪੁੱਛ ਲਿਆ ਸੀ।

"ਓਏ, ਓਥੇ ਨਸ਼ੇ ਪੱਤੇ ਹੈ ਨਹੀ, ਤੇ ਆਪਾਂ ਨਸ਼ੇ ਪੱਤਿਆਂ ਤੋਂ ਬਿਨਾ ਦੋਂ ਖੇਤਾਂ ਦੀ ਬਾਟ ਨਹੀ ਤੁਰ ਸਕਦੇ, ਆ ਤਾਂ ਤੂੰ ਪੱਤੇ ਲੈ ਦਿੱਤੇ ਕਰ ਕੇ ਤੈਨੂੰ ਛੱਡਣ ਤੁਰ ਪਿਆ, ਨਹੀਂ ਤਾਂ ਧੁੱਪ ਤੋਂ ਬਿਨਾ ਆਪਣੇ ਖ਼ਿਲਰੇ ਹੋਏ ਹੱਡ ਕਿਥੇ ਕੱਠੇ ਹੋਣੇ ਸੀ ਭਾੱਗਾਂ ਵਾਲਿਆ।"

ਚਾਚਾ ਵੈਲੀ ਆਪਣੀ ਮਜ਼ਬੂਰੀ ਦੱਸ ਰਿਹਾ ਸੀ ਗੁੱਜ਼ਰ ਨੂੰ।

"ਓਏ, ਪੁੱਤਰਾ ਦੱਸ ਜ਼ਰਾ, ਤੇਰੇ ਕੋਲੇ ਓਹੋ ਕੁੱਤੇ ਝੱਗੀ ਜਹੀ ਵੀ ਹੈ ਕਿ ਨਹੀ?"

ਵੈਲੀ ਚਾਚਾ, ਸਿਕੰਦਰ ਨੂੰ ਪੁੱਛ ਰਿਹਾ ਸੀ।

"ਓਹ ਚਾਚਾ ਤੂੰ ਕਿਤੇ ਵੰਡੀ ਦੀ ਗੱਲ ਤਾਂ ਨਹੀ ਕਰਦਾ?"

ਸਿਕੰਦਰ ਨੇ ਚਾਚੇ ਵੈਲੀ ਨੂੰ ਪੁੱਛਿਆ ਸੀ।

"ਆਹੋ, ਆਹੋ, ਓਹੀ, ਹੈ ਕਿ ਨਹੀ ਤੇਰੇ ਕੋਲ?"

ਵੈਲੀ ਨੇ ਕਾਹਲ਼ੀ ਕਾਹਲ਼ੀ ਵਿੱਚ ਕਿਹਾ ਸੀ।

"ਹੁਣ, ਨਵੀਂ ਸਵਾਉਨੇ ਆਂ ਹੋਰ, ਆਹ ਪਹਿਲੀ ਤਾਂ ਪਾਟ ਪੂਟ ਗਈ ਆ ਰਾਹਾਂ ਦੇ ਵਿੱਚ ਰੁਲ਼ਦਿਆਂ।"

ਸਿਕੰਦਰ ਦੱਸ ਰਿਹਾ ਸੀ।

"ਪੁੱਤਰਾ, ਤੂੰ ਇੱਕ ਗੱਲ ਤਾਂ ਸਮਝ ਹੀ ਲਈ ਹੋਣੀ ਹੈ ਇਥੇ ਘੁੰਮਦੇ ਫਿਰਦੇ ਨੇ, ਜੇ ਕਿਤੇ ਤੇਰਾ ਕੋਈ ਵੀ ਪੰਗਾ ਲੈਣ ਲਈ ਦਿੱਲ ਕਰੇ ਤਾਂ ਮੈਨੂੰ ਜਰੂਰ ਪਹਿਲਾਂ ਹੀ ਦੱਸ ਦੇਵੀਂ, ਹੋਰ ਨਾ ਕਿਤੇ ਭੁੱਲਿਆ ਭਟਕਿਆ ਮੁਕਾਬਲੇ ਮੂੰਹ ਜਾਂਦਾ ਲੱਗੀਂ, ਪੁਲਿਸ ਤਾਂ ਪਾਗ਼ਲ ਕੁੱਤਿਆਂ ਵਾਂਗੂ ਤਰੱਕੀ ਮਗਰ ਦੌੜੀ ਭੱਜੀ ਫਿਰਦੀ ਆ, ਤੂੰ ਹੀ ਨਾ ਕਿਸੇ ਹੌਲਦਾਰ ਨੂੰ ਇੰਸਪੈਕਟਰ ਬਣਾ ਜਾਵੀਂ।"

ਚਾਚਾ ਵੈਲੀ ਆਪਣੇ ਏਰੀਏ ਦੇ ਹਾਲਾਤਾਂ ਵਾਰੇ ਸਮਝਾ ਰਿਹਾ ਸੀ ਸਿਕੰਦਰ ਨੂੰ।

"ਚੰਗਾ ਬੰਦਾ ਏਂ ਤੂੰ ਚਾਚਾ, ਮੈਂ ਮੁਕਲਾਵਾ ਲੈਣ ਤੁਰਿਆ ਜਾਨਾ ਆਂ ਤੇ ਤੂੰ ਮੇਰਾ ਮੁਕਾਬਲਾ ਬਣਾਈ ਜਾਨੈ।"

ਸਿਕੰਦਰ ਨੇ ਨਹਿਰ ਦੀ ਪਟੜੀ ਤੋਂ ਹੇਠਾਂ ਉਤਰ ਕੇ ਪੈਰ ਜ਼ਮੀਨ ਦੀ ਹਿੱਕ ਤੇ ਪਟਕੇ ਸਨ, ਪੈਰੀਂ ਪਾਏ ਹੋਏ ਖ਼ੁੱਸਿਆਂ ਦੇ ਤਿੱਲੇ ਤੋਂ ਮਿੱਟੀ ਝੜ ਗਈ ਸੀ ਅਤੇ ਤਿੱਲਾ ਫਿਰ ਤੋਂ ਚਮਕ ਦੇਣ ਲੱਗ ਪਿਆ ਸੀ।

"ਅੱਛਾ, ਹੁਣ ਲਾਂਬਾ ਛਾਂਬਾ ਨਾ ਦੇਖ, ਬੰਦਿਆਂ ਵਾਂਗੂ ਧੀਰਜ਼ ਨਾਲ ਡਿਗ ਪੈ ਬੁੜ੍ਹੇ ਦੇ ਪੈਰੀਂ, ਵੇਖ ਕਿੱਦਾਂ ਤੁਰਲਾ ਛੱਡਿਆ ਹੋਇਆ ਏ ਮਹਿੰਦੀ ਰੰਗੀ ਦਾੜ੍ਹੀ ਦੇ ਰੰਗ ਵਰਗੀ ਪੱਗ ਦਾ।"

ਚਾਚਾ ਸਮਝਾ ਰਿਹਾ ਸੀ ਆਪਣੇ ਤਾਜ਼ੇ ਤਾਜ਼ੇ ਬਣੇ ਪੁੱਤ ਨੂੰ।

ਮੁਹੰਮਦ ਖ਼ਾਨ ਸ਼ਾਇਦ ਵਾੜੇ ਵੱਲ ਨੂੰ ਆਉਂਦੇ ਡੰਗਰਾਂ ਵੱਲ ਵੇਖ ਕੇ ਸੋਚ ਰਿਹਾ ਸੀ, ਕਿ ਨੂਰਾਂ ਇੰਨੀ ਜਲਦੀ ਡੰਗਰ ਵਾਪਸ ਲੈ ਆਈ, ਹਜੇ ਤਾਂ ਓਹਦੇ ਪਰਤਣ ਦਾ ਵਕਤ ਨਹੀਂ ਸੀ ਹੋਇਆ।

"ਸਲਾਮ-ਏ-ਲੇਕਮ ਅੱਬੂ-ਜਾਨ!"

ਸਿਕੰਦਰ ਨੇ ਮੁਹੰਮਦ ਖ਼ਾਨ ਦੇ ਸਾਹਮਣੇ ਜਾ ਕੇ ਕਿਹਾ ਸੀ।

"ਬਾ-ਲੇਕਮ ਸਲਾਮ ਜੁਆਨਾ।"

ਖ਼ਾਨ ਨੇ ਜਿਵੇਂ ਨਾ ਚਾਹੁੰਦੇ ਹੋਇਆਂ ਜਵਾਬ ਦਿੱਤਾ ਹੋਵੇ, ਚੇਹਰਾ ਅਜ਼ਨਬੀ ਲੱਗ ਰਿਹਾ ਸੀ ਸਾਹਮਣੇ ਖੜ੍ਹੇ ਮਹਿਮਾਨ ਦਾ।

"ਪਹਿਚਾਣਿਆਂ ਨਹੀ ਮੈਨੂੰ ਅੱਬੂ-ਜਾਨ? ਮੈਂ, ਮੈਂ ਨੂਰਾਂ ਦਾ ਖ਼ਾਵਿੰਦ ਹਾਂ, ਅਫ਼ਜ਼ਲ-ਰਹੀਮ ਸਿਕੰਦਰ।"

ਉਹ ਖੁਸ਼ੀ ਵਿੱਚ ਖ਼ੀਵਾ ਹੋਇਆ ਕਹਿ ਰਿਹਾ ਸੀ, ਸਿਕੰਦਰ ਦੇ ਮੂੰਹੋਂ ਉਸ ਦਾ ਪਰਿਸਚੈ ਸੁਣ ਕੇ ਇੱਕ ਦਮ ਮੰਜ਼ੀ ਤੋਂ ਉੱਠਿਆ ਸੀ ਮੁਹੰਮਦ ਖਾਨ।

"ਤੂੰ, ਮੇਰਾ ਜੁਆਈ ਅਫ਼ਜ਼ਲ, ਓਏ ਤੈਨੂੰ ਹਜੇ ਚੇਤਾ ਹੀ ਹੈ ਸਾਡਾ, ਤੂੰ ਭੁੱਲਿਆ ਨਹੀਂ? ਬਲਿਹਾਰੇ ਜਾਵਾਂ ਤੇਰੇ ਤੋਂ ਪੁੱਤਰਾ।"

ਖਾਨ ਨੇ ਕੁਲ੍ਹਾਵੇ ਵਿੱਚ ਘੁੱਟ ਲਿਆ ਸੀ ਸਿਕੰਦਰ ਨੂੰ, ਇੱਕ ਪਾਸੇ ਖੜ੍ਹਾ ਵੇਖ ਰਿਹਾ ਸੀ ਇਸ ਸਾਰੇ ਨਜ਼ਾਰੇ ਨੂੰ ਮੱਲੋ ਮੱਲੀ ਨੂਰਾਂ ਦਾ ਬਣਿਆ ਆਸ਼ਕ ਜੱਗੀ, ਹੁਣ ਹੌਲ੍ਹੀ ਹੌਲ੍ਹੀ ਪਿਛਾਂਹ ਨੂੰ ਪੈਰ ਖਿਸਕਾਉਂਦਾ ਮੁੜ ਪਿਆ ਸੀ ਓਹੋ, ਚੋਰ ਨੂੰ ਆਪਣਾ ਹੀ ਪਾਲ੍ਹਾ ਪੈ ਗਿਆ ਸੀ, ਨਵਾਂ ਗੁੱਜ਼ਰ ਤੇ ਨਵਾਂ ਬੱਗ ਦੇਖ ਕੇ ਜੱਗੀ ਦਾ ਮੱਥਾ ਠਣਕਿਆ ਸੀ, ਦਾਲ ਵਿੱਚ ਕੁਝ ਕਾਲਾ ਲੱਗਣ ਲੱਗਿਆ ਸੀ, ਜੱਗੀ ਨੇ ਆਪਣੇ ਸਾਈਕਲ ਦੀ ਕੀਲੀ ਦੱਬ ਦਿੱਤੀ ਸੀ ਰੇਲਵੇ ਦੀ ਪਟੜੀ ਵੱਲ ਨੂੰ ਜਿਥੇ ਨੂਰਾਂ ਆਪਣੀਆਂ ਮੱਝਾਂ ਚਾਰਦੀ ਫਿਰਦੀ ਸੀ।

*

"ਤੈਨੂੰ, ਕੋਈ ਚੱਜ ਦਾ ਕੰਮ ਨਹੀਂ ਮਿਲਿਆ ਕਰਨ ਲਈ? ਜਹਾਜ਼ਾਂ ਵਿੱਚ ਸਫ਼ਰ ਕਰਨ ਦੀ ਵਜਾਏ ਜ਼ਮੀਨ ਵਿੱਚ ਗਰਕਣ ਲੱਗ ਪਿਆ ਏਂ, ਤੂੰ ਹੁਣ ਨਿਆਣਾ ਤਾਂ ਨਹੀਂ ਜਹਿੜਾ ਤੈਨੂੰ ਹਰ ਗੱਲ ਲਈ ਸਮਝਾਉਣਾ ਪਿਆ ਕਰੂ।"

ਕੁਲਦੀਪ ਆਪਣੇ ਛੋਟੇ ਭਰਾ ਮਨਪ੍ਰੀਤ ਨੂੰ ਕਹਿ ਰਿਹਾ ਸੀ।

"ਮੇਥੋਂ ਹੁਣ ਕਹਿੜੀ ਗਲਤੀ ਹੋ ਗਈ ਏ ਵੀਰ ਜੀ?"

ਮਨਪ੍ਰੀਤ ਨੇ ਬੜੀ ਨਿਮਰਤਾ ਨਾਲ ਆਪਣੇ ਵੱਡੇ ਭਰਾ ਕੁਲਦੀਪ ਤੋਂ ਪੁੱਛਿਆ ਸੀ।

"ਓਏ, ਦੋ ਟਕੇ ਦੀ ਛੋਕਰੀ ਪਿੱਛੇ ਤੂੰ ਬਦਨਾਮ ਹੋਣ ਡਿਆਂ ਏਂ, ਨਾਲੇ ਬਾਪੂ ਦੀ ਮਿੱਟੀ ਪਲੀਤ ਕਰੀ ਜਾਨੈ, ਕੱਲ ਨੂੰ ਕਿਸੇ ਨੇ ਰਿਸਤੇਦਾਰਾਂ ਕੋਲ ਭਾਨੀ ਮਾਰ ਦਿੱਤੀ ਤਾਂ ਉਮਰ ਭਰ ਜਹਾਜ਼ ਵਿੱਚ ਬੈਠਣ ਲਈ ਤਰਸੇਂਗਾ।"

ਕੁਲਦੀਪ, ਕ੍ਰੋਧ ਵਿੱਚ ਸੀ, ਪਰ ਆਪੇ ਵਿੱਚ ਸੀ, ਛੋਟੇ ਭਰਾ ਨੂੰ ਵਰਜ਼ ਰਿਹਾ ਸੀ।

"ਕਦੇ, ਮੈਂ ਵੀ ਭਾਬੀ ਨੂੰ ਕੁਝ ਮੰਦਾ ਚੰਗਾ ਬੋਲਿਆਂ ਹਾਂ ਵੀਰ ਜੀ?"

ਮਨਪ੍ਰੀਤ ਪੁੱਛ ਰਿਹਾ ਸੀ।

"ਓਏ, ਔਹ ਗੁਜ਼ਰੀ ਤੇਰੀ ਵਹੁਟੀ ਹੋ ਗਈ, ਮੈਂ ਦੱਸਦਾਂ ਮਾਂ ਜੀ ਨੂੰ ਤੇਰੀ ਕਰਤੂਤ, ਓਧਰ ਕੁੜੀ ਕਨੇਡਾ ਵਿੱਚ ਚੌਲਾਂ ਦੀ ਮੁੱਠ ਭਰੀ ਤੈਨੂੰ ਉਡੀਕਦੀ ਏ, ਤੇ ਤੂੰ ...........?

ਤੂੰ ਓਹ ਕੰਮ ਕਰ ਰਿਹਾ ਏਂ ਜਹਿੜਾ ਕਦੇ ਸੁਪਨੇ ਵਿੱਚ ਵੀ ਚਿੱਤ ਚੇਤੇ ਨਹੀਂ ਆਇਆ ਸੀ, ਜੇ ਏਹੀ ਗੰਦ ਘੋਲਣਾ ਏਂ ਤਾਂ ਮਾਮਾ ਜੀ ਹੁਣਾ ਨੂੰ ਚਿੱਠੀ ਲਿਖਦੇ ਆਪਣੇ ਹੱਥੀਂ, ਜਹਿੜਾ ਤੇਰੇ ਵਿਆਹ ਦੇ ਦਿਨ ਬੰਨਦਾ ਫਿਰਦਾ।"

ਕੁਲਦੀਪ ਇਕੋ ਸਾਹੇ ਕਈ ਕੁਝ ਬੋਲ ਗਿਆ ਸੀ।

"ਚੰਗਾ! ਮੈਂ ਲਿਖ ਦੇਵਾਂਗਾ।"

ਕਹਿ ਕੇ ਮਨਪ੍ਰੀਤ ਉੱਠ ਕੇ ਤੁਰ ਗਿਆ ਸੀ।

ਕੁਲਦੀਪ ਓਥੇ ਹੀ ਖੜਾ ਨੂਰਾਂ ਵੱਲ ਨੂੰ ਜਾ ਰਹੇ ਮਨਪ੍ਰੀਤ ਵੱਲ ਦੇਖ ਰਿਹਾ ਸੀ, ਘੂਰ ਰਿਹਾ ਸੀ, ਤੇ ਫਿਰ ਗੁੱਸੇ ਵਿੱਚ ਹੀ ਕੁਲਦੀਪ ਨੇ ਮੋਟਰ ਸਾਈਕਲ ਸਟਾਰਟ ਕੀਤਾ ਤੇ ਤੁਰ ਗਿਆ ਸੀ ਨੂਰ ਮਹਿਲ ਵੱਲ ਜਾਣ ਵਾਲੀ ਸੜਕ ਦੀ ਤਰਫ਼ ਨੂੰ।

"ਹੋਰ, ਬੜੇ ਵੀਰਾ ਕੀ ਹਾਲ ਹੈ?"

ਜੱਗੀ, ਸਾਈਕਲ ਤੇ ਕੁਲਦੀਪ ਦੇ ਕੋਲੋਂ ਦੀ ਲੰਘਦਾ ਹੋਇਆ ਪੁੱਛ ਰਿਹਾ ਸੀ।

ਕੁਲਦੀਪ ਨੇ ਮੋਟਰ ਸਾਈਕਲ ਨੂੰ ਬਰੇਕ ਲਗਾ ਲਈ ਸੀ।

"ਉਰੇ ਆ, ਉਰੇ ਆ।"

ਕੁਲਦੀਪ ਪਿਛਾਂਹ ਨੂੰ ਮੂੰਹ ਘੁਮਾ ਕੇ ਹੱਥ ਨਾਲ ਇਸ਼ਾਰਾ ਕਰ ਕੇ ਬੁਲਾ ਰਿਹਾ ਸੀ ਜੱਗੀ ਨੂੰ।

"ਕਿੱਥੇ ਨੂੰ ਮੂੰਹ ਚੁੱਕੀ ਦੌੜਾ ਜਾਨੈ? ਤੂੰ ਵੇਹਲਾ ਵੀ ਸਾਲ੍ਹਿਆ ਸਾਰਿਆਂ ਤੋਂ ਜ਼ਿਆਦਾ ਬੀਜ਼ੀ ਰਹਿਨਾ ਏਂ।"

ਕੁਲਦੀਪ ਨੇ ਜੱਗੀ ਨੂੰ ਗਾਲ੍ਹ ਜਹੀ ਕਢੱਦੇ ਹੋਏ ਕਿਹਾ ਸੀ।

"ਪਹਿਲੋਂ ਹੀ, ਕਿਥੇ ਹੋ ਗਈ, ਹੁਣ ਕਿੱਥੋਂ ਕੰਮ ਬਣਨਾ ਏਂ, ਬੁਲਾ ਕੇ ਟੋਕ ਖੜ੍ਹੀ ਕਰ ਲਈ।"

ਜੱਗੀ ਨੇ ਆਪਣੇ ਸਾਈਕਲ ਨੂੰ ਪੈਰਾਂ ਨਾਲ ਧ੍ਰਤੀ ਉੱਤੇ ਬਰੇਕਾਂ ਲਾਉਣ ਦੀ ਕੋਸ਼ਿਸ਼ ਕੀਤੀ ਸੀ, ਅਸਲੀ ਬਰੇਕ ਸਾਈਕਲ ਨੂੰ ਹੈ ਕੋਈ ਨਹੀ ਸੀ, ਇਸ ਕਰਕੇ ਧੁੱਦਲ੍ਹ ਵਿੱਚ ਪੈਰ ਘਸੀਟ ਕੇ ਸਾਈਕਲ ਰੋਕ ਲਿਆ ਸੀ, ਰੋਕਣਾ ਹੀ ਪੈਣਾ ਸੀ, ਕੁਲਦੀਪ, ਬੁਰੇ ਵਕਤ ਵਿੱਚ ਅਕਸਰ ਕੰਮ ਜਿਓਂ ਆਉਂਦਾ ਰਹਿੰਦਾ ਸੀ, ਬੁੱਲ ਕੌੜੇ ਵੀ ਕਰਵਾ ਛੱਡਦਾ ਸੀ ਕਦੇ ਕਦਾਈਂ ਦਿਨ ਤਿਓਹਾਰ ਵੇਲੇ ਜਾਂ ਕਿਸੇ ਕੰਮ ਵੇਲੇ।

"ਅੱਗ ਬੁਝਾਉਣ ਚੱਲਿਆਂ ਕਿਤੇ?"

ਕੁਲਦੀਪ ਪੁੱਛ ਰਿਹਾ ਸੀ।

"ਵੱਡਿਆ ਵੀਰਾ, ਮਾਮਲਾ ਕੁਝ ਏਦਾਂ ਦਾ ਹੀ ਹੈ।"

ਜੱਗੀ ਮੁੜ ਮੁੜ ਰੇਲ ਦੀ ਪੱਟੜੀ ਵੱਲ ਨੂੰ ਅੱਡੀਆਂ ਚੁੱਕ ਚੁੱਕ ਦੇਖ ਰਿਹਾ ਸੀ।

"ਕਿੱਥੇ, ਅੱਗ ਲੱਗ ਗਈ ਏ?"

ਕੁਲਦੀਪ ਨੇ ਜੱਗੀ ਤੋਂ ਪੁੱਛਿਆ ਸੀ।

"ਮੇਰੇ ਸੀਨੇ ਵਿੱਚ।"

ਜੱਗੀ ਕਹਿ ਰਿਹਾ ਸੀ।

"ਤਾਹੀਓਂ, ਪਸੀਨਾ ਆਇਆ ਹੋਇਆ ਏ ਗਰਮਾਇਸ਼ ਨਾਲ।"

ਕੁਲਦੀਪ, ਠੱਠਾ ਮਜ਼ਾਕ ਕਰਨ ਲੱਗਿਆ ਸੀ।

"ਮੈਂ, ਜ਼ਰਾ ਕਾਹਲ੍ਹੀ ਵਿੱਚ ਸੀ।"

ਜੱਗੀ ਨੇ ਕਿਹਾ ਸੀ।

"ਗੱਲ ਤਾਂ ਦੱਸ ਵਿੱਚੋਂ, ਕਾਹਲ੍ਹੀ ਕਾਹਦੀ ਏ?"

ਕੁਲਦੀਪ ਨੇ ਫਿਰ ਪੁੱਛਿਆ ਸੀ।

"ਓਹੀ, ਵੀਰਾ, ਮੈਂ ਜ਼ਰਾ ਗੁਜ਼ਰੀ ਵੱਲ ਨੂੰ ਚੱਲਿਆ ਸੀ।"

ਜੱਗੀ ਨੇ ਉੱਤਰ ਦਿੱਤਾ ਸੀ।

"ਇੱਕ ਗਿਆ ਹਾਲੇ ਹੁਣੇ, ਤੂੰ ਜ਼ਰਾ ਅਟਕ ਕੇ ਜਾਵੀਂ।"

ਕੁਲਦੀਪ ਨੇ ਕਿਹਾ ਸੀ।

"ਹੈਂ, ਮੇਰੀ ਗੁਜ਼ਰੀ ਕੋਲ ਕੋਈ ਹੋਰ ਵੀ ਪਹੁੰਚਦਾ ਹੈ?"

ਜੱਗੀ ਹੈਰਾਨੀ ਨਾਲ ਪੁੱਛ ਰਿਹਾ ਸੀ।

"ਜਾਹ, ਜਾ ਕੇ ਦੇਖ, ਪਹੁੰਚਾ ਕਿ ਨਹੀਂ? ਜੇ ਤੈਨੂੰ ਗੁਜ਼ਰੀ ਨੇ ਨਾ ਝੱਲਿਆ ਤਾਂ ਸ਼ਾਮ ਨੂੰ ਮੋਟਰ ਤੇ ਆ ਜਾਵੀਂ, ਮੈਂ ਸ਼ੀਸ਼ੀ ਲਿਆਇਆ ਸੀ ਅੱਜ ਅੰਗਰੇਜ਼ੀ ਦੀ, ਨਾਲੇ ਕੱਲ ਨੂੰ ਆਪਾਂ ਥੋੜਾ ਜਿਹਾ ਕੰਮ ਕਰਨਾ ਆ।"

ਕੁਲਦੀਪ ਨੇ ਹੱਥ ਭਰ ਲੰਬਾ ਕਾਲਾ ਜਿਹਾ ਡੱਬਾ ਮੋਟਰ ਸਾਈਕਲ ਦੀ ਡਿੱਗੀ ਵਿੱਚੋਂ ਕੱਢ ਕੇ ਜੱਗੀ ਦੀਆਂ ਅੱਖਾਂ ਦੇ ਮੂਹਰੇ ਹਿਲਾਇਆ ਸੀ।

"ਅੱਛਾ ਵੀਰਾ, ਸ਼ਾਮ ਨੂੰ ਸਹੀ, ਹੁਣ ਪਹਿਲਾਂ ਮੈਨੂੰ ਓਥੇ ਜਾ ਆਉਣ ਦੇ ਜਿੱਥੇ ਨੂੰ ਮੈਂ ਚੱਲਿਆ ਸੀ, ਤੂੰ ਚੱਲ ਵੜੇ ਵੀਰਾ, ਮੈਂ ਸ਼ਾਮੀਂ ਹਰ ਹਾਲਤ ਵਿੱਚ ਮੋਟਰ ਤੇ ਪਹੁੰਚਾ ਸਮਝ।"

ਜੱਗੀ ਆਪਣੇ ਬੁੱਲਾਂ ਉੱਤੇ ਜੀਭ ਫੇਰਦਾ ਹੋਇਆ ਸਾਈਕਲ ਤੇ ਚੜ੍ਹ ਗਿਆ ਸੀ।

"ਹੈਂ, ਮੇਰੀ ਨੂਰਾਂ ਮਨਪ੍ਰੀਤ ਦੀ ਬੁੱਕਲ੍ਹ ਵਿੱਚ, ਨਹੀਂ, ਓਏ ਰੱਬਾ ਇਹ ਨਹੀਂ ਹੋ ਸਕਦਾ, ਮੈਂ ਤਾਂ ਪਾ ਦਊਂਗਾ ਪੰਗੇ, ਅੱਗ ਲਾ ਦਊਂਗਾ ਪੂਰੇ ਪਿੰਡ ਨੂੰ, ਇਹਨੇ ਹਰਾਮ ਜ਼ਾਦੇ ਨੇ ਮੇਰਾ ਹੀ ਸ਼ਿਕਾਰ ਮਾਰਨਾ ਸੀ? ਹੋਰ ਸਾਰੇ ਜਹਾਨ ਦੀਆਂ ਕੁੜੀਆਂ ਮੁੱਕ ਗਈਆਂ ਸੀ?

ਕਾਲ ਪੈ ਗਿਆ ਸੀ ਰਕੱਾਨਾ ਦਾ? ਏਹਦੀ ਵੀ ਐਸੀ ਕੀ ਤੈਸੀ, ਮੈਂ ਪਾ ਦਊਂ ਭੜਥੂ, ਇਸ ਤਰਾਂ ਹੁੰਦੀ ਤਾਂ ਮੈਂ ਕਦੇ ਵੀ ਨਹੀਂ ਦੇਖ ਸਕਦਾ ਮੇਰੇ ਜਿਊਂਦੇ ਜੀ, ਕਮੀਨੀ ਮੈਨੂੰ ਨਖ਼ਰੇ ਕਰ ਕਰ ਸੁੱਚੀ ਹੁੰਦੀ ਸੀ, ਹੁਣ ਦੇਖ ਕਿਵੇਂ ਖਿੜ ਖਿੜ ਦੰਦ ਕੱਢਦੀ ਏ, ਓਥੇ ਬਹੁਤਾ ਨਿੱਘ ਆਉਂਦਾ?"

ਜੱਗੀ ਦੋ ਕੁ ਖੇਤਾਂ ਦੇ ਫ਼ਰਕ ਤੇ ਖੜਾ ਤੰਦੂਰ ਵਾਂਗੂ ਤਪ ਰਿਹਾ ਸੀ, ਮੁੜ੍ਹਕੇ ਨਾਲ ਕੁੜਤਾ ਭਿੱਜਦਾ ਜਾ ਰਿਹਾ ਸੀ, ਸਰੀਰ ਥਰਕਣ ਜਿਹਾ ਲੱਗ ਪਿਆ ਸੀ, ਕਾਹਲ਼ੀ ਵਿੱਚ ਥਾਂ ਤੋਂ ਹੀ ਉਸ ਨੇ ਚੁੱਕ ਕੇ ਆਪਣੇ ਸਾਈਕਲ ਦਾ ਮੂੰਹ ਘੁਮਾ ਲਿਆ ਸੀ, ਕਾਹਲ਼ੀ ਨਾਲ ਕੀਂਲੀ ਤੇ ਰੱਖ ਕੇ ਦੱਬਿਆ ਪੈਰ ਤਿਲਕ ਗਿਆ ਸੀ ਅਤੇ ਬਿਨਾ ਪੈਡਲ ਦੇ ਕੀਂਲੀ ਦਾ ਤਿੱਖਾ ਸਿਰਾ ਗਿੱਟੇ ਤੋਂ ਪਿੰਨੀ ਤੱਕ ਝਰੀਟ ਦੇ ਗਿਆ ਸੀ, ਹੁਣ ਕਰੋਧ ਵਿੱਚ ਸਿੰਮਦੇ ਖੂਨ ਦਾ ਦਰਦ ਵੀ ਸ਼ਾਮਿਲ ਹੋ ਗਿਆ ਸੀ, ਓਹ ਬਿਨਾ ਖੂਨ ਦੀ ਪਰਵਾਹ ਕੀਤੇ ਹੀ ਕਾਹਲ਼ੀ ਕਾਹਲ਼ੀ ਫਿਰ ਸਾਈਕਲ ਤੇ ਚੜ੍ਹ ਪਿਛਾਂਹ ਨੂੰ ਮੁੜ ਪਿਆ ਸੀ, ਮਾਨਸਿਕ ਤਨਾਓ ਵਧ ਗਿਆ ਸੀ, ਜਿਓਂ ਹੀ ਜੱਗੀ ਨਹਿਰ ਦੇ ਪੁਲ਼ ਉਪਰ ਪਹੁੰਚਾ ਤਾਂ ਨਿਗਾਹ ਸਿਕੰਦਰ ਤੇ ਜਾ ਪਈ ਸੀ ਜੋ ਪਹਿਲਾਂ ਹੀ ਪੁਲ਼ ਤੇ ਖੜਾ ਸੀ।

"ਕੀ ਨਾਮ ਹੈ ਭਾਊ ਤੇਰਾ?"

ਸਿਕੰਦਰ ਨੇ ਪੁੱਛਿਆ ਸੀ।

"ਕਿਉਂ, ਤੂੰ ਮੈਨੂੰ ਰਿਸ਼ਤਾ ਕਰਨਾ?"

ਜੱਗੀ ਪਹਿਲਾਂ ਹੀ ਗੁੱਸੇ ਵਿੱਚ ਸੀ।

"ਔਖਾ ਬੜਾ ਏਂ, ਲੜ੍ਹ ਕੇ ਆਇਆ ਏਂ ਘਰੋਂ?"

ਸਿਕੰਦਰ ਨੇ ਪੁੱਛਿਆ ਸੀ।

"ਤੂੰ, ਕਿੱਥੇ ਚੱਲਿਆਂ ਏਂ?"

ਜੱਗੀ ਪੁੱਛ ਰਿਹਾ ਸੀ।

"ਕਿਉਂ, ਤੈਂ ਕੀ ਲੈਣਾ ਦੇਣਾ?"

ਸਿਕੰਦਰ ਨੇ ਜਵਾਬ ਦਿੱਤਾ ਸੀ।

"ਮਿਲਣਾ ਹੁਣ ਤੈਨੂੰ ਵੀ ਓੱਥੋਂ ਕੁਝ ਨਹੀਂ।"

ਜੱਗੀ ਬੋਲਿਆ ਸੀ।

"ਕਿੱਥੋਂ, ਕੁਝ ਨਹੀ ਮਿਲਣਾ?"

ਸਿਕੰਦਰ ਰੁਕ ਕੇ ਜੱਗੀ ਵੱਲ ਨੂੰ ਮੁਖਾਤਬ ਹੋ ਕੇ ਪੁੱਛਣ ਲੱਗਾ ਸੀ।

"ਜਿੱਥੇ ਨੂੰ ਤੂੰ ਦੌੜਾ ਜਾਨੈ ਏਂ।"

ਜੱਗੀ ਨੇ ਕਿਹਾ ਸੀ।

"ਮੈਂ, ਕਿੱਥੇ ਨੂੰ ਦੌੜਾ ਜਾਨੈ?"

ਸਿਕੰਦਰ ਪੁੱਛ ਰਿਹਾ ਸੀ ਜੱਗੀ ਤੋਂ।

"ਮੈਨੂੰ, ਸਭ ਪਤਾ ਹੈ।"

ਜੱਗੀ ਕਹਿ ਰਿਹਾ ਸੀ।

"ਅੱਛਾ! ਪਰ ਹੁਣ ਮੈਨੂੰ ਕਾਹਲ਼ੀ ਹੈ..............।"

ਸਿਕੰਦਰ ਕੁਝ ਕਹਿੰਦਾ ਹੋਇਆ ਤੁਰ ਪਿਆ ਸੀ।

"ਜ਼ਿਆਦਾ ਕਾਹਲ਼ੀ ਹੈ ਤਾਂ ਮੇਰਾ ਸਾਈਕਲ ਲੈ ਜਾ।"

ਜੱਗੀ ਨੇ ਕਿਹਾ ਸੀ ਸਾਈਕਲ ਤੋਂ ਉਤਰਦੇ ਹੋਏ,

ਸਿਕੰਦਰ ਨੇ ਖ਼ਟਾਰਾ ਫੜ੍ਹ ਲਿਆ ਸੀ, ਤੇ ਹਾਲਤ ਵੇਖ ਰਿਹਾ ਸੀ ਸਾਈਕਲ ਨਾਂ ਦੇ ਪਿੰਜ਼ਰ ਦੀ।

"ਏਹਦੀ ਸ਼ਕਲ ਦੇਖ ਕੇ ਨਾ ਐਵੇਂ ਘਬਰਾਅ, ਜ਼ਰਾ ਕੀਲੀ ਤੇ ਭਾਰ ਦੇ, ਫੇਰ ਦੇਖੀਂ ਕਿਵੇਂ ਗੇੜ੍ਹੇ ਬੰਨਦਾ, ਚੜ੍ਹ ਜਾ ਦਵਾ ਸੱਟ।"

ਜੱਗੀ ਕਦੇ ਸਿਕੰਦਰ ਵਾਰੇ ਤੇ ਕਦੇ ਗੁਜ਼ਰੀ ਤੇ ਮਨਪ੍ਰੀਤ ਵਾਰੇ ਸੋਚ ਰਿਹਾ ਸੀ ਪੁਲ਼ ਤੇ ਖੜ੍ਹਾ।

"ਦੀਵਾਨੇ, ਕੁੱਝ ਯਾਦ ਨਹੀਂ ਰੱਖਦੇ, ਤੇ ਜੱਟ ਭੁੱਲ ਨਹੀਂ ਸਕਦੇ।"

ਮਨਪ੍ਰੀਤ ਦੇ ਸੀਨੇ ਨਾਲ ਲੱਗੀ ਨੂਰਾਂ ਕਹਿ ਰਹੀ ਸੀ।

"ਜੱਟ ਨੇ ਕੀ ਕੱਢਣਾ ਹੁਣ ਕੁੱਝ ਵਿੱਚੋਂ?"

ਮਨਪ੍ਰੀਤ ਕਹਿ ਰਿਹਾ ਸੀ।

"ਤੂੰ, ਕਿਤੇ ਬਹਿਕ ਤਾਂ ਨਹੀਂ ਗਿਆ ਸੱਜਣਾ?"

ਨੂਰਾਂ ਨੇ ਪੁੱਛਿਆ ਸੀ।

"ਕਸੂਰ, ਉਸਦਾ ਹੈ ਜਿਸ ਨੇ ਤੈਨੂੰ ਬਣਾਇਆ ਏ, ਮੇਰਾ ਨਹੀਂ।"

ਮਨਪ੍ਰੀਤ ਕਹਿ ਰਿਹਾ ਸੀ।

"ਮੇਰਾ, ਤੇ ਇਸ਼ਕ ਵੀ ਆਫ਼ਤ ਤੇ ਮੇਰੀ ਰੁਸਵਾਈ ਵੀ ਮੁਸੀਬਤ, ਮੇਰਾ ਜਿਊਣਾ ਤਾਂ ਹੁਣ ਤੇਰੀ ਬੁੱਕਲ਼ੇ ਹੈ, ਤਰਸ ਵੀ ਆਉਂਦਾ ਹੈ ਕਦੇ ਕਦੇ ਤੇਰੀਆਂ ਖ਼ੁਸ਼ੀਆਂ ਤੇ, ਹਾੱਸਾ ਵੀ ਆਉਂਦਾ ਹੈ ਤੇਰੇ ਇਸ਼ਕ ਤੇ, ਦੁੱਖ ਵੀ ਹੁੰਦਾ ਹੈ ਤੇਰੀ ਜਵਾਨੀ ਤੇ।"

ਨੂਰਾਂ ਵੇਝਿਜਕ ਹੋ ਕੇ ਆਖ ਗਈ ਸੀਮਨਪ੍ਰੀਤ ਨੂੰ।

"ਤੂੰ, ਸਿਰਫ਼ ਮੇਰੇ ਇਸ਼ਕ ਤੇ ਹੀ ਹੱਸ, ਤੇ ਹੱਸਦੀ ਹੀ ਰਹਿ, ਤੇਰੇ ਹਾੱਸੇ ਹੀ ਮੇਰੀ

ਮਹਿਫ਼ਲ ਹੋ ਗਏ ਨੇ, ਮੈਂ ਹਰ ਪਲ ਤੇਰੀ ਨਜ਼ਰ ਦਾ ਪਿਅੱਾਲਾ ਪੀਣ ਲਈ ਬਿਆਕੁਲ ਰਹਿਣ ਲੱਗਿਆਂ ਹਾਂ, ਉਮਰ-ਖ਼ਿਆਮ ਦੀ ਤਰਾਂ।"

ਮਨਪ੍ਰੀਤ ਕੁਝ ਸ਼ੇਅਰੋ-ਸ਼ੇਅਰੀ ਕਰ ਰਿਹਾ ਸੀ।

ਓਹ ਮਦਹੋਸ਼ ਸਨ ਕਿਸੇ ਸ਼ਰਾਬੀ ਦੀ ਤਰਾਂ।

"ਕੁਝ ਹੋਰ ਵੀ ਕਹਿ ਕਿ...............।"

ਨੂਰਾਂ ਕਹਿ ਰਹੀ ਸੀ ।

"ਹਾਂ, ਹਾਂ, ਕਹਾਂਗਾ, ਜਰੂਰ ਕਹਾਂਗਾ, ਜਦੋਂ ਤੂੰ ਮੜ੍ਹੀਆਂ ਵਿੱਚ ਇਸ਼ਕ ਦੀ ਨਵਾਜ਼ ਅਦਾ ਕਰਨ ਆਵੇਂਗੀ।"

ਮਨਪ੍ਰੀਤ ਨੇ ਨੂਰਾਂ ਨੂੰ ਕਿਹਾ ਸੀ।

*

ਦਸਾਂ ਖੇਤਾਂ ਦੀ ਬਾਟ ਨਾਲ ਹੀ ਲੱਤਾਂ ਫੁੱਲਣ ਲੱਗੀਆਂ ਸਨ, ਸਾਹ ਨਾਲ ਸਾਹ ਨਹੀ ਸੀ ਰਲ੍ਹ ਰਿਹਾ ਸਿਕੰਦਰ ਦਾ, ਮੱਥੇ ਉੱਤੋਂ ਪਸੀਨਾ ਬਹਿ ਤੁਰਿਆ ਸੀ, ਸਾਈਕਲ ਦੇ ਪੈਡਲ ਦੀ ਕੀਂਲੀ ਨੇ ਚੰਗੇ ਭਲੇ ਚਾਦਰੇ ਵਿੱਚ ਲੰਗਾਰ ਦੇ ਦਿੱਤਾ ਸੀ।

"ਦੂਰ ਫਿੱਟੇ ਮੂੰਹ, ਤੇਰੇ ਰੱਖਣ ਵਾਲੇ ਦੇ, ਚਾੱਦਰ ਦਾ ਹੀ ਕੂੰਡਾ ਕਰ ਕੇ ਰੱਖ ਦਿੱਤਾ ਏ।"

ਸਿਕੰਦਰ, ਸਲਵਾਰ ਬਣੇ ਚਾਦਰੇ ਨੂੰ ਵੇਖ ਵੇਖ ਕੇ ਝੂਰਦਾ ਹੋਇਆ ਜੱਗੀ ਨੂੰ ਕੋਸ ਰਿਹਾ ਸੀ, ਉਸਦੇ ਸਾਈਕਲ ਨੂੰ ਗਾਲ੍ਹਾਂ ਕੱਢ ਰਿਹਾ ਸੀ, ਉੱਡਕੇ ਸਾਹਮਣੇ ਚੁਗਦੇ ਡੰਗਰਾਂ ਕੋਲ ਪਹੁੰਚ ਜਾਣਾ ਚਾਹੁੰਦਾ ਸੀ, ਪਰ ਫ਼ਟਿਆ ਹੋਇਆ ਚਾਦਰਾ ਬੇੜਾ ਗ਼ਰਕ ਕਰ ਰਿਹਾ ਸੀ ਸਾਰੀ ਕੀਤੀ ਕਰਾਈ ਦਾ, ਪ੍ਰੰਤੂ ਦਿੱਲ ਦੇ ਚਾਵ੍ਹਾਂ ਅੱਗੇ ਫ਼ਟਿਆ ਹੋਇਆ ਚਾਦਰਾ ਵੀ ਤੁੱਛ ਹੁੰਦਾ ਜਾ ਰਿਹਾ ਸੀ, ਓਹ ਸਾਈਕਲ ਨੂੰ ਓਥੇ ਹੀ ਸੁੱਟ ਪਾਟੇ ਚਾਦਰੇ ਦੀ ਕੰਨੀ ਫ਼ੜ੍ਹੀ ਹੌਲ੍ਹੀ ਹੌਲ੍ਹੀ ਤੁਰਨ ਨਹੀਂ ਸਗੋਂ ਦੌੜ ਹੀ ਪਿਆ ਸੀ ਨੂਰਾਂ ਵੱਲ ਨੂੰ, ਜਹਿੜੀ ਮੂੰਹ ਘੁਮਾਈ ਹਾਲੇ ਤੱਕ ਵੀ ਜਾਂਦੇ ਮਨਪ੍ਰੀਤ ਦੀ ਪਿੱਠ ਦੇਖ ਰਹੀ ਸੀ।

"ਮਾ-ਸ਼ਾ-ਅੱਲ੍ਹਾ! ਜ਼ੋਰੂ ਤੇ ਜੁਆਨ ਹੋ ਗਈ ਏ।"

ਸਿਕੰਦਰ ਨੇ ਜ਼ੈਬਾਂ ਦੇ ਕੋਲ ਆਉਂਦੇ ਹੋਏ ਕਿਹਾ ਸੀ।

"ਤੂੰ, ਚੌਰਿਆ ਕਿੱਥੋਂ ਆ ਗਿਆ?"

ਨੂਰਾਂ ਉਸ ਅਜ਼ਨਬੀ ਗੁੱਜ਼ਰ ਦਾ ਚੇਹਰਾ ਤੱਕਦੀ ਹੋਈ ਬੋਲੀ ਸੀ।

"ਮੈਂ, ਚੌਰਾ ਨਹੀਂ ਰਕਾਨੇ, ਤੇਰਾ ਖ਼ਾਵਿੰਦ ਹਾਂ ਸਿਕੰਦਰ, ਕੀ ਤੂੰ ਮੈਦਾਨੇ ਆ ਕੇ

ਪਹਾੜਾਂ ਤੇ ਪੱਥਰਾਂ ਨੂੰ ਭੁੱਲ ਗਈ ਏਂ?"

ਸਿਕੰਦਰ ਨੇ ਉਤਸ਼ਾਹਤ ਹੋ ਕੇ ਪੁੱਛਿਆ ਸੀ ਨੂਰਾਂ ਤੋਂ।

"ਹਾਂ, ਹੁਣ ਤੇ ਮੈਂ ਸੱਚ ਮੁੱਚ ਹੀ ਭੁੱਲ ਗਈ ਹਾਂ ਪਹਾੜਾਂ ਤੇ ਪੱਥਰਾਂ ਨੂੰ।"

ਨੂਰਾਂ ਨੇ ਬੜਾ ਸਧਾਰਨ ਜਿਹਾ ਜਵਾਬ ਦੇ ਦਿੱਤਾ ਸੀ।

"ਨਹੀਂ, ਤੂੰ ਮੇਰੇ ਹੁੰਦਿਆਂ ਹੀ ਮੈਨੂੰ ਨਹੀ ਭੁੱਲ ਸਕਦੀ, ਕਿਉਂ ਕਿ ਮੈਂ ਤੇਰੇ ਨਾ ਹੁੰਦਿਆਂ ਵੀ ਬਾਰਾਂ ਸਾਲ ਪੱਥਰ ਬਣ ਕੇ ਤੇਰਾ ਇੰਤਜ਼ਾਰ ਕੀਤਾ ਹੈ, ਤੇਰੀ ਚਾਹਤ ਲਈ ਮੈਂ ਚੱਪਾ ਚੱਪਾ ਜ਼ਮੀਨ ਗਾਹ ਛੱਡੀ ਏ, ਅੱਜ ਤੇਰੇ ਦੀਦਾਰ ਕੀਤੇ ਤੇ ਤੂੰ ਕਹਿ ਰਹੀ ਏਂ ਮੈਂ ਭੁੱਲ ਚੁੱਕੀ ਹਾਂ ਪੱਥਰਾਂ ਨੂੰ, ਇਹ ਕਿਵੇਂ ਹੋ ਸਕਦਾ, ਤੂੰ ਹੀ ਦੱਸ ਇਹ ਘੋਰ ਅਨਿਆਏ ਕਿਸ ਤਰਾਂ ਹੋ ਸਕਦਾ ਮੇਰੇ ਨਾਲ?"

ਸਿਕੰਦਰ ਵਾਸਤੇ ਜਹੇ ਹੀ ਤਾਂ ਪਾ ਰਿਹਾ ਸੀ ਹੁਸਨ ਦੀ ਮਲਕਾ ਅੱਗੇ, ਤੇ ਮਲਕਾ ਆਪਣੇ ਅਤੀਤ ਦੇ ਮਾਲਿਕ ਨੂੰ ਪਹਿਚਾਣ ਗਈ ਸੀ।

"ਹੁਣ, ਬਹੁਤ ਦੇਰ ਹੋ ਗਈ ਏ।"

ਨੂਰਾਂ ਨੇ ਕਿਹਾ ਸੀ।

"ਘਰ ਆਏ ਦੀ ਪੱਤ ਲਾਹੁਨੀ ਏਂ ਤੂੰ?"

ਸਿਕੰਦਰ ਆਖ ਰਿਹਾ ਸੀ।

"ਨਹੀਂ, ਮੈਂ ਤਾਂ ਸੱਚ ਕਹਿ ਰਹੀ ਹਾਂ"

ਨੂਰਾਂ ਨੇ ਬੇ ਝਿਜਕ ਕਹਿ ਦਿੱਤਾ ਸੀ।

"ਕੀ ਫਿਰ ਇਹ ਮੈਨੂੰ ਬਾਰਾਂ ਸਾਲ ਇੰਤਜ਼ਾਰ ਕਰਨ ਦੇ ਸਿਲੇ ਦੀ ਸਜ਼ਾ ਦਿੰਦੀ ਏਂ?"

ਸਿਕੰਦਰ ਥੋੜ੍ਹਾ ਉੱਚੀ ਬੋਲਣ ਦੀ ਕੋਸ਼ਿਸ਼ ਕਰਨ ਲੱਗਾ ਸੀ।

"ਨਹੀ, ਮੈਂ ਕੋਈ ਕਿਸੇ ਨੂੰ ਸਜ਼ਾ ਨਹੀ ਦੇ ਰਹੀ।"

ਨੂਰਾਂ ਨੇ ਸਿਕੰਦਰ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੋਈ ਨੇ ਕਿਹਾ ਸੀ।

"ਤੇ ਫਿਰ ਸੁਲੱਖਣੀ ਘੜੀ ਵੇਲੇ ਗਲ੍ਵਕੜੀ ਦੀ ਥਾਂ ਉਦਾਸੀ ਕਿਉਂ?"

ਸਿਕੰਦਰ ਨੇ ਨੂਰਾਂ ਨੂੰ ਕਿਹਾ ਸੀ।

"ਕਿਉਂ ਕਿ, ਤੂੰ ਬਹੁਤ ਦੇਰ ਨਾਲ ਪਹੁੰਚਿਆ ਏਂ ਸਿਕੰਦਰਾ, ਹੁਣ ਸ਼ਾਇਦ ਓਹ ਚਾਹਤ ਤੈਨੂੰ ਨਸੀਬ ਨਾ ਹੋਵੇ ਜਿਸ ਨੂੰ ਚਾਹੁਨੈ ਏਂ ਤੂੰ।"

ਨੂਰਾਂ ਨੇ ਗੰਭੀਰਤਾ ਨਾਲ ਕਿਹਾ ਸੀ, ਓਹ ਸਿਕੰਦਰ ਵੱਲ ਤੱਕ ਰਹੀ ਸੀ, ਤਰਸ ਜਿਹਾ ਵੀ ਆ ਰਿਹਾ ਸੀ ਤੇ ਰਹਿਮ ਵੀ, ਪ੍ਰੰਤੂ, ਓਹ ਖ਼ੁਦ ਨੂੰ ਬੇ ਬਸ ਤੇ ਲਾਚਾਰ ਮਹਿਸੂਸ

ਕਰ ਰਹੀ ਸੀ, ਮਨਪ੍ਰੀਤ ਨਾਲ ਕੀਤੇ ਕੌਲ ਕਰਾਰ, ਓਹ ਮਰਦੇ ਦਮ ਤੱਕ ਤੋੜ ਵੀ ਤਾਂ ਨਹੀਂ ਸੀ ਸਕਦੀ, ਉਹ ਤੇ ਆਪਣੇ ਹੱਥੀਂ ਅੱਗ ਲਾ ਕੇ ਅੱਗ ਵਿੱਚ ਕੁੱਦ ਗਈ ਸੀ ਸੱਜਣ ਦੀ ਬਾਂਹ ਫ਼ੜ੍ਹ ਕੇ, ਹੁਣ ਸੱਜਣ ਨੂੰ ਮਚਦਾ ਛੱਡ ਕੇ ਤੁਰਨਾ ਹਰਗਿਜ਼ ਗਵਾਰਾ ਨਹੀਂ ਸੀ ਉਸ ਨੂੰ, ਲੋਕਾਂ ਦੇ ਤਾਹਨੇ ਮੇਹਣੇ ਤਾਂ ਜੀਣਾ ਹਰਾਮ ਕਰ ਦੇਣਗੇ, ਨੂਰਾਂ ਸੋਚ ਰਹੀ ਸੀ ਆਪਣੇ ਆਪ ਵਿੱਚ ਖ਼ਾਮੋਸ਼ ਜਹੀ ਹੋਈ ਖ਼ੜ੍ਹੀ।

"ਮੈਂ, ਆਪਣੀ ਚਾਹਤ ਤੇ ਮਰ ਮਿਟਿਆ ਹਾਂ।"

ਸਿਕੰਦਰ ਨੇ ਕਿਹਾ ਸੀ।

"ਮੈਂ ਵੀ ਤੇ ..............."

ਨੂਰਾਂ ਕੁਝ ਕਹਿੰਦੀ ਕਹਿੰਦੀ ਚੁੱਪ ਕਰ ਗਈ ਸੀ।

"ਕੀ, ਤੂੰ ਕਿਸੇ ਹੋਰ ਦੀ.........? ਨਹੀ ਮੇਰੇ ਮੌਲਾਂ........., ਇਹ ਤਾਂ ਕਦੇ ਵੀ ਨਹੀਂ ਹੋ ਸਕੇਗਾ ਇਸ ਧਰਤੀ ਉੱਤੇ।"

ਸਿਕੰਦਰ ਨੇ ਆਪਣੇ ਦੋਵੇਂ ਹੱਥ ਖੋਲਦੇ ਹੋਏ ਨੇ ਕਿਹਾ ਸੀ।

"ਡੇਰੇ ਚੱਲ........., ਹੌਲ੍ਹੀ ਹੌਲ੍ਹੀ ਆਪੇ ਹਵਾ ਬਦਲ ਜਾਵੇਗੀ।"

ਨੂਰਾਂ ਨੇ ਕਿਹਾ ਸੀ।

"ਕਿਤੇ, ਮੇਰੇ ਉਸ ਮੁਹੰਮਦ-ਪਾਕ ਨੇ ਮੇਰੇ ਮੁਕੱਦਰਾਂ ਵਿੱਚ ਇੰਤਜ਼ਾਰ ਤੇ ਨਹੀਂ ਲਿਖ ਦਿੱਤਾ ਉਮਰ ਭਰ ਦਾ?"

ਸਿਕੰਦਰ ਹਾੜੇ ਹੀ ਕੱਢਣ ਲੱਗਿਆ ਸੀ।

"ਇਹ ਤਾਂ, ਤੂੰ ਜਾਣੇ ਜਾਂ ਓਹ ਤੇਰਾ ਮੁਹੰਮਦ-ਰਸੂਲ।"

"ਕੀ, ਤੂੰ ਨਹੀ ਜਾਣਦੀ?"

ਸਿਕੰਦਰ ਨੇ ਪੁੱਛਿਆ ਸੀ।

"ਹਾਂ, ਜਾਣਦੀ ਹਾਂ।"

ਨੂਰਾਂ ਨੇ ਕਿਹਾ ਸੀ।

"ਫਿਰ, ਦੱਸਦੀ ਕਿਉਂ ਨਹੀਂ? ਮੈਂ ਤੜਫ਼ ਰਿਹਾ ਹਾਂ ਤੇ ਤੂੰ......।"

ਸਿਕੰਦਰ ਉਤਾਵਲਾ ਹੁੰਦਾ ਜਾਂਦਾ ਸੀ ਨੂਰਾਂ ਤੋਂ ਸਭ ਕੁਝ ਜਾਨਣ ਲਈ।

"ਤੜਫ਼ਣਾ ਛੱਡਦੇ, ਦੁਨੀਆਂ ਵਿੱਚ ਔਰਤਾਂ ਦੀ ਕੋਈ ਕਮੀ ਨਹੀ ਹੈ।"

ਨੂਰਾਂ ਨੇ ਕਿਹਾ ਸੀ।

"ਕੀ, ਤੂੰ ਔਰਤ ਨਹੀ?"

ਸਿਕੰਦਰ ਨੇ ਨੂਰਾਂ ਤੋਂ ਪੁੱਛਿਆ ਸੀ।

"ਨਹੀਂ, ਤਾਂ ਫਿਰ ਕੀ ਏਂ ਤੂੰ?"

ਸਿਕੰਦਰ ਨੇ ਫਿਰ ਪੁੱਛਿਆ ਸੀ।

"ਕੁਛ ਵੀ ਨਹੀਂ।"

ਨੂਰਾਂ ਨੇ ਕਿਹਾ ਸੀ।

"ਕਿਤੇ, ਤੂੰ ਝੱਲੀ ਤੇ ਨਹੀ ਹੋ ਗਈ?"

ਸਿਕੰਦਰ ਪੁੱਛ ਰਿਹਾ ਸੀ।

"ਹਾਂ, ਮੈਂ ਸੱਚ ਮੁੱਚ ਹੀ ਝੱਲੀ ਹੋ ਗਈ ਹਾਂ, ਜਾਹ ਹੁਣ ਕੋਈ ਹੋਰ ਦਰ ਵੇਖ, ਝੱਲੀ ਦਾ ਖ਼ਹਿੜਾ ਕਰੇਂਗਾ ਤਾਂ ਬਰਬਾਦ ਹੋ ਜਾਵੇਂਗਾ।"

ਨੂਰਾਂ ਨੇ ਸਿਕੰਦਰ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਸੀ।

"ਤੂੰ, ਮੈਨੂੰ ਬਰਬਾਦ ਕਰ ਦੇਵੇਂਗੀ?"

ਸਿਕੰਦਰ ਥੋੜ੍ਹਾ ਗੁੱਸੇ ਜਹੇ ਵਿੱਚ ਬੋਲਿਆ ਸੀ।

"ਕੋਈ ਕਿਸੇ ਨੂੰ ਕੁਛ ਨਹੀ ਕਰਦਾ, ਜੇ ਕੋਈ ਕੁਛ ਕਰਦਾ ਹੈ ਤਾਂ ਖ਼ੁਦ ਕਰਦਾ ਹੈ, ਤੂੰ ਮੈਨੂੰ ਭੁਲਾ ਦੇ, ਠੀਕ ਉਸੀ ਤਰਾਂ ਜਿਵੇਂ ਮੈਨੂੰ ਯਾਦ ਕਰਦਾ ਰਿਹਾ ਏਂ, ਨਹੀ ਤੇ, ਮੈਨੂੰ ਆਪਣੀ ਬਰਬਾਦੀ ਦਾ ਨਾਮ ਨਾ ਦੇਵੀਂ।"

ਨੂਰਾਂ ਨੇ ਸਿਕੰਦਰ ਨੂੰ ਨਸੀਹਤ ਕੀਤੀ ਤੇ ਆਪਣਾ ਮੂੰਹ ਘੁਮਾ ਕੇ ਤੁਰ ਪਈ ਸੀ ਆਪਣੇ ਡੰਗਰਾਂ ਵੱਲ ਨੂੰ।

*

"ਬੜੀ ਛੇਤੀਂ ਮੁੜ ਆਇਆਂ ਏਂ।"

ਜੱਗੀ ਪੁੱਛ ਰਿਹਾ ਸੀ ਆਪਣੇ ਵੱਲ ਆ ਰਹੇ ਗੁੱਜ਼ਰ ਤੋਂ, ਜਹਿੜਾ ਹਾਰੇ ਹੋਏ ਫੌਜ਼ੀ ਵਾਂਗ ਸਿਰ ਸੁੱਟੀ, ਇਕ ਹੱਥ ਸਾਈਕਲ ਦਾ ਹੈਂਡਲ ਫੜ੍ਹੀ ਪੈਦਲ ਹੀ ਤੁਰਿਆ ਆ ਰਿਹਾ ਸੀ।

"ਆਹ, ਤੇਰਾ ਕਵਾੜ-ਖਾਨਾ ਨਾ ਲਿਜਾਂਦਾ ਤਾਂ ਖ਼ਬਰੇ ਏਦੂੰ ਵੀ ਪਹਿਲਾਂ ਮੁੜ ਆਉਂਦਾ, ਵਾਹ, ਜਿੱਦਾਂ ਦਾ ਆਪ ਓਦਾਂ ਦਾ ਹੀ ਛਕੜਾ ਰੱਖਿਆ ਹੋਇਆ ਏ, ਆਹ ਦੇਖ ਮੇਰੇ ਚਾਦਰੇ ਦੀ ਵੀ ਐਹੀ ਤੈਹੀ ਫੇਰ ਕੇ ਰੱਖ ਦਿੱਤਾ ਬਿਨਾ ਗੱਲੋਂ ਹੀ।"

ਸਿਕੰਦਰ ਅੱਕਿਆ ਪਿਆ ਸੀ।

"ਚਾਦਰੇ ਤਾਂ ਤੇਰੇ ਉੱਤੋਂ ਦੀ ਵਾਰ ਵਾਰ ਕੇ ਸੁੱਟ ਦਊਂ ਗੁੱਜ਼ਰਾ, ਪਰ ਤੂੰ ਮੈਨੂੰ ਇਹ ਦੱਸ ਕਿ ਮੁਹੰਮਦ ਖ਼ਾਨ ਤੇਰਾ ਕੀ ਲੱਗਦਾ ਹੈ?"

ਜੱਗੀ ਨੇ ਗੁੱਜ਼ਰ ਦੇ ਹਥੋਂ ਆਪਣੇ ਸਾਈਕਲ ਦਾ ਹੈਂਡਲ ਫੜ੍ਹਦੇ ਹੋਏ ਉਸ ਦੀ ਹਾਲਤ ਭਾਂਪ ਕੇ ਪੁੱਛਿਆ ਸੀ।

"ਉਹ, ਮੇਰਾ ਸਹੁਰਾ ਲੱਗਦਾ ਹੈ।"

ਗੁੱਜ਼ਰ ਨੇ ਕਿਹਾ ਸੀ, ਤੇ ਗੁੱਜ਼ਰ ਦੇ ਮੂੰਹੋਂ ਬੋਲ ਸੁਣਦੇ ਸਾਰ ਹੀ ਜੱਗੀ ਦੇ ਹੱਥੋਂ ਸਾਈਕਲ ਦਾ ਹੈਂਡਲ ਛੁੱਟ ਕੇ ਸਾਈਕਲ ਜ਼ਮੀਨ ਤੇ ਜਾ ਡਿੱਗਾ ਸੀ, ਸਾਈਕਲ ਨਹੀਂ, ਜਿਵੇਂ ਉਸ ਦਾ ਦਿੱਲ ਨਿਕਲ ਕੇ ਡਿਗ ਪਿਆ ਹੋਵੇ, ਉਹ ਹੱਕਾ ਬੱਕਾ ਜਿਹਾ ਮੂੰਹ ਅੱਡੀ ਗੁੱਜ਼ਰ ਵੱਲ ਤੱਕ ਰਿਹਾ ਸੀ।

*

"ਤੂੰ, ਨਕਰਮਿਆਂ, ਖ਼ਾਨ ਦਾ ਜ਼ੁਆਈ ਏਂ, ਕੀ ਖ਼ਾਨ ਦੀ ਕੋਈ ਹੋਰ ਕੁੜੀ ਵੀ ਹੈ, ਜਾਂ ਓਸੇ ਦਾ ਹੀ...............?"

ਜੱਗੀ ਨੇ ਸਿਕੰਦਰ ਤੋਂ ਪੁੱਛਣ ਦੀ ਕੋਸ਼ਿਸ਼ ਕਰਨੀ ਚਾਹੀ ਸੀ ਪਰ ਮੂੰਹੋਂ ਕੁਝ ਬੋਲ ਨਹੀਂ ਸੀ ਸਕਿਆ।

"ਏਹੇ ਗਦੂਤ ਨੂਰਾਂ ਦਾ ਕੁਝ ਨਹੀਂ ਲੱਗ ਸਕਦਾ ਮੇਰੇ ਜਿਊਂਦੇ-ਜੀ, ਅਤੇ ਓਹੋ ਮਨਪ੍ਰੀਤ? ਉਸ ਨੂੰ ਤਾਂ ਮੈਂ ਗੁਜ਼ਰੀ ਦੇ ਸਾਹਾਂ ਵਿੱਚ ਨਹੀ ਸਮਾਉਣ ਦੇਵਾਂਗਾ, ਜਿਸ ਦਿਨ ਜ਼ੈਲਦਾਰ ਨੂੰ ਪਤਾ ਲੱਗ ਗਿਆ ਤਾਂ, ਓਹ ਖ਼ੁਦ ਹੀ ਵਰਜ਼ ਦੇਵੇਗਾ, ਪਰ ਜ਼ੈਲਦਾਰ ਨੂੰ ਪਤਾ ਕੌਣ ਲਾਊ, ਕੁਲਦੀਪ ਜਾਂ ਹੋਰ ਕੋਈ...? ਦੁਨੀਆਂ ਭਾਵੇਂ ਏਧਰ ਦੀ ਓਧਰ ਹੋ ਜਾਵੇ, ਪਰ ਮੈਂ ਗੁਜ਼ਰੀ ਤੋਂ ਅੱਲਗ ਨਹੀ ਹੋ ਸਕਦਾ, ਗੁਜ਼ਰੀ ਤਾਂ ਮੇਰੀ ਜਾਨ ਹੈ, ਤੇ ਮੈਂ ਗੁਜ਼ਰੀ ਦਾ ਜੇਠਾ ਆਸ਼ਿਕ, ਚੱਲ ਮਨਾ, ਕਰ ਕੋਈ ਹੀਲਾ ਬੂੱਤਾ, ਨਹੀ ਤੇ ਤੇਰੀ ਫ਼ੱਟੀ ਪੋਚ ਦੇਣਗੇ ਲੋਕੀ, ਲੋਕ ਤਾਂ ਸਕੇ ਪਿਓ ਨੂੰ ਨਹੀ ਬਖ਼ਸ਼ਦੇ, ਫਿਰ ਮੇਥੋਂ ਕਿਸੇ ਨੇ ਕੀ ਲੈਣਾ? ਬਿਨਾ ਰੋਏ ਤਾਂ ਮਾਂ ਦੁੱਧ ਵੀ ਨਹੀ ਦਿੰਦੀ ਬੱਚੇ ਨੂੰ, ਮੈਨੂੰ ਚੁੱਪ ਚੁਪੀਤੇ ਨੂੰ ਕਹਿੜਾ ਮੋਤੀ ਚੂਰ ਦੇ ਲੱਡੂ ਦੇ ਦਊ? ਜੂਤ-ਪਤਾਨ ਹੋਏ ਬਿਨਾ ਮਸਲਾ ਨਹੀ ਜੇ ਹੱਲ ਹੋਣਾ।"

ਜੱਗੀ ਪੱਤਣ ਤੇ ਖੜ੍ਹਾ ਜੁੱਤੀ ਖੋਲਣ ਦੀ ਸੋਚਣ ਲੱਗਿਆ ਸੀ।

"ਜੇ ਜੂਤ ਪਤਾਨ ਹੋਣਾ ਹੀ ਪਿਆ ਤਾਂ ਮੇਰੇ ਮਗਰ ਪਿੰਡੋਂ ਕੌਣ ਕੌਣ ਆ ਸਕਦਾ ਹੈ? ਕੋਈ ਵੀ ਨਹੀ, ਬਿਨਾ ਕੀਂਲੇ ਦੇ ਤਾਂਗੜਨਾ ਸਹਿਤ ਲਈ ਵੀ ਠੀਕ ਨਹੀ, ਕੀਂਲਾ ਤਾਂ ਹੈ ਇਕ...................., ਚੱਲ ਓਏ ਮਨਾ ਕੁਲਦੀਪ ਦੀ ਮੋਟਰ ਨੂੰ ਸਿੱਧਾ ਹੋ ਜਾ।"

ਜੱਗੀ, ਬੌਂਦਲ੍ਹਿਆ ਜਿਹਾ ਆਪਣੇ ਮਿਸ਼ਨ ਦੀ ਪੂਰਤੀ ਲਈ ਉਪਰਾਲੇ ਕਰਨ ਵਿੱਚ ਜੁੱਟ ਗਿਆ ਸੀ।

*

"ਮਾਂ! ਤੈਨੂੰ ਇਕ ਗੱਲ ਪੁੱਛਾਂ?"

ਕੁਲਦੀਪ, ਮਾਂ ਦੇ ਗੋਡੇ ਮੁੱਢ ਬੈਠਾ ਗੰਭੀਰਤਾ ਨਾਲ ਪੁੱਛ ਰਿਹਾ ਸੀ।

"ਕੋਈ ਖ਼ਾਸ ਗੱਲ ਹੈ ਪੁੱਤਾ?"

ਮਾਂ, ਪੁੱਤ ਵੱਲ ਮੁਖ਼ਾਤਬ ਹੋਈ ਸੀ।

"ਤੈਨੂੰ, ਅਗਰ ਮੈਂ ਕਹਾਂ ਤਾਂ ਤੂੰ ਮੈਨੂੰ ਬੁਰਾ ਭਲਾ ਕਹੇਂਗੀ, ਜੇ ਕਰ ਨਾ ਕਹਾਂ ਤਾਂ ਸਰਦਾ ਨਹੀਂ।"

ਕੁਲਦੀਪ ਆਪਣੀ ਮਾਂ ਕੋਲ ਬੈਠਾ ਕਹਿ ਰਿਹਾ ਸੀ।

"ਆਖ਼ਿਰ, ਗੱਲ ਵੀ ਤਾਂ ਕੁਛ ਪਤਾ ਲੱਗੇ।"

ਮਾਂ ਨੇ ਪੁੱਛਿਆ ਸੀ।

"ਇਹ ਆਪਣਾ ਮਨਪ੍ਰੀਤ ਪਤਾ ਨਹੀਂ ਕਿਓਂ ਗੁੱਜਰਾਂ ਦੀ ਕੁੜੀ ਮਗਰ ਤੁਰਿਆ ਫਿਰਦਾ, ਕੱਲ ਨੂੰ ਜੇ ਬਦਨਾਮੀ ਹੋ ਗਈ ਤਾਂ, ਕਨੇਡਾ ਜਾਂਦਾ ਲੱਗਣਾ।"

ਕੁਲਦੀਪ ਕਹਿ ਰਿਹਾ ਸੀ ਮਾਂ ਨੂੰ।

"ਤੈਨੂੰ ਕਿਵੇਂ ਪਤਾ?"

ਮਾਂ ਨੇ ਹੈਰਾਨੀ ਨਾਲ ਮੂੰਹ ਅੱਡੀ ਕੁਲਦੀਪ ਦੇ ਗੰਭੀਰ ਚੇਹਰੇ ਵੱਲ ਤੱਕਦੀ ਹੋਈ ਨੇ ਪੁੱਛਿਆ ਸੀ।

"ਮੈਂ, ਅੱਖੀਂ ਦੇਖਿਆ ਆ ਕੁੜੀ ਕੰਨੀ ਜਾਂਦਾ, ਬਾਪੂ ਨੂੰ ਪਤਾ ਲੱਗ ਗਿਆ ਤਾਂ ਘਰ ਵਿੱਚ ਕਲੇਸ਼ ਪੈ ਜਾਊਗਾ, ਕੀ ਫ਼ਾਇਦਾ ਹੋਊ ਫਿਰ?"

ਕੁਲਦੀਪ, ਬੋਲੀ ਜਾ ਰਿਹਾ ਸੀ।

ਮਾਂ, ਕੁਲਦੀਪ ਦੇ ਮੂੰਹੋਂ ਸੁਣਦੀ ਸੁਣਦੀ ਸੋਚਾਂ ਦੇ ਸਾਗਰ ਵਿੱਚ ਡੁੱਬ ਕੇ ਗੁੰਮ ਸੁੰਮ ਜਹੀ ਹੋ ਗਈ ਸੀ, ਮਾਂ ਦੀਆਂ ਸਧਰਾਂ ਵਿਪਰੀਤ ਕਾਰਾ ਹੋਣ ਲੱਗਿਆ ਸੀ, ਓਹ ਤੇ ਆਪਣੇ ਭਰਾ ਦੀ ਮਦਦ ਨਾਲ ਮਨਪ੍ਰੀਤ ਦਾ ਰਿਸ਼ਤਾ ਕਨੇਡਾ ਵਿੱਚ ਤਹਿ ਕਰ ਰਹੀ ਸੀ, ਆਪਣੇ ਪੁੱਤ ਦੀ ਸ਼ਾਨ-ਏ-ਸ਼ੌਕਤ ਦੇਖਣ ਦੀ ਹਸਰਤ ਸੀ ਮਾਂ ਨੂੰ, ਪ੍ਰੰਤੂ, ਪੁੱਤ ਉਸ ਦਾ ਪੁੱਤ ਤਾਂ ਸ਼ਾਨ ਨੂੰ ਵੱਟਾ ਲਾਣ ਵਾਲੇ ਕੰਮਾਂ ਤੇ ਉਤਾਰੂ ਹੋ ਗਿਆ ਸੀ।

"ਹੁਣ, ਤੂੰ ਹੀ ਦੱਸ ਮਾਂ? ਤੇਰਾ ਪੁੱਤ ਕਨੇਡਾ ਜਾਊਗਾ ਜਾਂ ਇਸ ਘਰ ਵਿੱਚ ਗੁੱਜ਼ਰਾਂ ਦੀ ਕੁੜੀ ਬਹੂ ਬਣ ਕੇ ਆਵੇਗੀ, ਮੁਸਲਮਾਨਾ ਦੀ ਕੁੜੀ ਤੇ ਸਿੱਖਾਂ ਦਾ ਘਰ, ਜਿਹਨਾ ਦੇ ਹੱਥ ਦਾ ਖਾਣਾ ਵੀ ਤੂੰ ਪਾਪ ਸਮਝਦੀ ਏਂ, ਖਾਹ ਸਕੇਂਗੀ ਮਾਂ, ਓਹਦੇ ਹੱਥ ਦੀਆਂ ਪੱਕੀਆਂ?"

ਕੁਲਦੀਪ ਆਪਣੀ ਮਾਂ ਨੂੰ ਜਜ਼ਬਾਤੀ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ।

"ਵੱਸ ਕਰ ਪੁੱਤਰਾ, ਵੱਸ ਕਰ; ਮੇਰੇ ਚੰਦਰੇ ਲੇਖ਼, ਜਿਹਦੇ ਭਾਗਾਂ ਵਿੱਚ ਰੱਬ ਕੁਪੱਤੇ ਨੇ ਔਲਾਦ ਦਾ ਸੁੱਖ ਨਹੀਂ ਲਿਖਿਆ।"

-ਮਾਂ ਨੂੰ ਨਵੀਂ ਚਿੰਤਾ ਨੇ ਘੁਣ ਵਾਂਗ ਅੰਦਰੋ-ਅੰਦਰੀ ਖਾਣਾ ਸ਼ੁਰੂ ਕਰ ਦਿੱਤਾ ਸੀ, ਚੇਹਰੇ ਦੀ ਰੌਣਕ ਉੱਡਣ ਲੱਗੀ ਸੀ, ਅੱਜ ਪਹਿਲੀ ਬਾਰ ਮਾਂ ਦੇ ਚੇਹਰੇ ਤੇ ਗਹਿਰੀ ਪੀੜ ਝਲਕਦੀ ਵਿਖਾਈ ਦੇਣ ਲੱਗੀ ਸੀ।

"ਧਰਮ, ਭਰਿਸ਼ਟ ਕਰਵਾਣਾ ਤਾਂ ਦੱਸੋ, ਨਹੀਂ ਤਾਂ ਮੈਂ ਬਾਪੂ ਦੇ ਕੰਨੀ ਗੱਲ ਕੱਢ ਦਿੰਦਾ ਹਾਂ, ਆਪੇ ਸੰਭਾਲਣਗੇ।"

ਕੁਲਦੀਪ ਕਹਿ ਰਿਹਾ ਸੀ ਮਾਂ ਦੇ ਕੋਲ ਬੈਠਾ।

"ਨਹੀਂ ਪੁੱਤਾ..., ਹਾਲੇ ਆਪਣੇ ਪਿਓ ਨੂੰ ਨਾ ਦੱਸੀਂ, ਮੈਂ ਆਪੇ ਹੀ ਸਮਝਾਊਂਗੀ, ਤੂੰ ਚੁੱਪ ਹੀ ਰਹੀਂ।"

ਮਾਂ ਦੀ ਮਮਤਾ ਜਾਗ ਪਈ ਸੀ।

"ਮਾਂ, ਤੇਰੇ ਲਾਡ-ਪਿਆਰ ਨੇ ਹੀ ਮਨਪ੍ਰੀਤ ਨੂੰ ਵਿਗਾੜ ਦਿੱਤਾ, ਮੈਨੂੰ ਓਹਦੀ ਕਾਮਯਾਬੀ ਦੇ ਅਸਾਰ ਨਹੀਂ ਨਜ਼ਰ ਆਉਂਦੇ, ਓਹ ਵੀ ਕੋਈ ਬੰਦਾ, ਜਿਹੜਾ ਪੈਸੇ ਨੂੰ ਪੈਸਾ ਨਾ ਸਮਝੇ, ਆਹ ਉਮਰ ਕੋਈ ਕੰਮ ਕਾਰ ਕਰਕੇ ਚਾਰ ਪੈਸੇ ਕਮਾਉਣ ਦੀ ਹੈ, ਲੋਕੀ ਕਨੇਡਾ ਪਿੱਛੇ ਬਾਂਦਰਾਂ ਵਾਂਗੂ ਮੂੰਹ ਚੁੱਕ ਕੇ ਦੌੜੇ-ਭੱਜੇ ਫਿਰਦੇ ਨੇ, ਤੇ ਇਹ ਉਲਟ ਪਾਸੇ ਨੂੰ, ਦੁਨੀਆਂ ਉਪਰ ਨੂੰ, ਇਹ ਥੱਲੇ ਨੂੰ, ਜੇ ਮੈਂ ਨਾ ਦੱਸਿਆ ਤਾਂ ਬਾਪੂ ਨੂੰ ਹੋਰਨਾ ਨੇ ਦੱਸ ਦੇਣਾ ਹੈ, ਫੇਰ ਮੈਨੂੰ ਨਾ ਕਹੀਂ ਕਿ..................।"

ਕੁਲਦੀਪ ਆਪਣੀ ਮਾਂ ਨੂੰ ਕਹਿ ਰਿਹਾ ਸੀ।

*

"ਲੈ, ਵੇਖ ਲੈ, ਮੈਂ ਆ ਗਿਆਂ ਪੂਰੇ ਟਾਇਮ ਤੇ, ਹੁਣ ਦੱਸ, ਕੀ ਕਹਿੰਦਾ ਸੀ ਓਦੋਂ?"

ਜੱਗੀ, ਟਿਊਬਲ ਦੇ ਚਲ੍ਹੇ ਲਾਗੇ ਖੜੇ ਕੁਲਦੀਪ ਨੂੰ ਪੁੱਛ ਰਿਹਾ ਸੀ।

"ਤੂੰ, ਆਣਾ ਸੀ ਕਿਤੇ ਸਾਲ੍ਹਿਆ, ਇਸ ਕਾਲੀ ਬਿੱਲੀ ਮਗਰ ਤੂੰ ਆ ਗਿਓਂ ਏਂ।"

ਕੁਲਦੀਪ ਨੇ ਕਾਲੇ ਡੱਬੇ ਅੰਦਰ ਬੰਦ ਅੰਗਰੇਜ਼ੀ ਬੋਤਲ ਦਾ ਸੰਖੇਪ ਦਿੰਦੇ ਹੋਏ ਕਿਹਾ ਸੀ।

"ਆਪਾਂ ਤਾਂ ਵੀਰਾ, ਪਰੇਮ ਦੇ ਭੁੱਖੇ ਹਾਂ, ਕਾਲੀਆਂ ਪੀਲੀਆਂ ਬਿੱਲੀਆਂ ਮਗਰ

ਕਾਹਦਾ ਦੌੜਨਾ ਏਂ।"

ਜੱਗੀ, ਮੋਟਰ ਵਾਲੇ ਕਮਰੇ ਵਿੱਚ ਪਏ ਮੰਜ਼ੇ ਉੱਤੇ ਚੜ੍ਹ ਬੈਠਾ ਸੀ।

"ਦੁਪੈਹਰੇ ਬੜਾ ਦੌੜਾ ਜਾਂਦਾ ਸੀ, ਕੀ..................?"

ਕੁਲਦੀਪ ਨੇ ਜੱਗੀ ਨੂੰ ਪੁੱਛਿਆ ਸੀ।

"ਮੈਂ ਓਹੀ ਤਾਂ ਤੈਨੂੰ ਦੱਸਣ ਲੱਗਾ ਹਾਂ, ਨਾਲੇ ਤਾਏ ਤਾਈ ਨੂੰ ਵੀ ਸੁਣਾਊਂਗਾ, ਓਦਾਂ ਕਿੱਥੇ ਸਰਨਾ ਹੁਣ।"

ਜੱਗੀ ਬਹੁਤ ਹੀ ਖ਼ਫ਼ਾ ਹੋਇਆ ਲੱਗਦਾ ਸੀ।

"ਸਰ ਜਾਣਾ ਹੈ ਏਦਾਂ ਵੀ।"

ਕੁਲਦੀਪ ਨੇ ਸਹਿਜ ਸੁਭਾਅ ਹੀ ਕਹਿ ਦਿੱਤਾ ਸੀ।

"ਓਹ ਯਾਰ, ਵੀਰਿਆ ਏਦਾਂ ਹੀ ਕਿੱਦਾਂ ਸਰ ਜਾਣਾ?"

ਜੱਗੀ, ਬੜੀ ਹੈਰਾਨੀ ਜਹੀ ਨਾਲ ਬੋਲਦਾ ਹੋਇਆ ਪੁੱਛ ਰਿਹਾ ਸੀ।

"ਹਾਂ, ਮੈਂ ਮਾਂ ਦੇ ਕੰਨੀ ਗੱਲ ਕੱਢ ਦਿੱਤੀ ਹੈ।"

ਕੁਲਦੀਪ ਨੇ ਜੱਗੀ ਨੂੰ ਦੱਸਿਆ ਸੀ।

"ਫਿਰ, ਤਾਈ ਕੀ ਬੋਲੀ?"

ਜੱਗੀ ਉਤਸੁਕ ਸੀ।

"ਤੇਰੇ ਨਾਲ ਮੁੜ੍ਹਕੇ ਗੱਲਾਂ ਕਰਦਾ ਹਾਂ, ਪਹਿਲਾਂ ਸ਼ੀਸ਼ੀ ਲੈ ਆਵਾਂ।"

ਕੁਲਦੀਪ ਕਹਿੰਦਾ ਹੋਇਆ ਪਿੰਡ ਵੱਲ ਨੂੰ ਹੋ ਤੁਰਿਆ ਸੀ।

"ਛੇਤੀਂ ਮੁੜ ਆਵੀਂ ਵੀਰਾ, ਮੈਂ ਜਾਣਾ ਆ ਕਿਤੇ।"

ਜੱਗੀ ਨੂੰ ਦੂਹਰੀ ਤੜੋ ਮਰਛੀ ਲੱਗੀ ਹੋਈ ਸੀ।

*

"ਅੱਬੂ-ਜਾਨ! ਕੀ ਤੂੰ ਨੂਰਾਂ ਨੂੰ ਦੱਸਿਆ ਨਹੀਂ ਕਿ ਮੈਂ ਉਸ ਦਾ ਕੀ ਲੱਗਦਾ ਹਾਂ?"

ਸਿਕੰਦਰ ਆਪਣੇ ਫਟੇ ਹੋਏ ਚਾਦਰੇ ਨੂੰ ਕੱਠਾ ਜਿਹਾ ਕਰੀ ਹੱਥ ਵਿੱਚ ਫ਼ੜ੍ਹੀ ਖੜ੍ਹਾ ਹਫ਼ੀ ਜਹੀ ਅਵਾਜ਼ ਵਿੱਚ ਪੁੱਛ ਰਿਹਾ ਸੀ ਮੁਹੰਮਦ ਖ਼ਾਨ ਤੋਂ,

ਖ਼ਾਨ, ਚਾਰ ਪਾਈ ਤੇ ਬੈਠਾ ਸੀ ਵੈਲੀ ਚਾਚੇ ਦੇ ਨਾਲ।

"ਕੀ ਗੱਲ ਹੋ ਗਈ, ਚਾਦਰਾ ਕਿਵੇਂ ਪਾਟ ਗਿਆ?"

ਵੈਲੀ ਚਾਚਾ, ਸਿਕੰਦਰ ਨੂੰ ਸਿਰ ਤੋਂ ਪੈਰਾਂ ਤੱਕ ਨਿਹਾਰ ਰਿਹਾ ਸੀ ਖ਼ਾਨ ਦੀ ਤਰਾਂ, ਸਿਕੰਦਰ ਦੇ ਚੇਹਰੇ ਉੱਤੋਂ ਨਿਰਾਸ਼ਾ ਝਲਕ ਰਹੀ ਸੀ।

"ਏਥੇ ਸੀਨਾ ਪਾਟਣ ਨੂੰ ਫਿਰਦਾ, ਤੇ ਤੂੰ ਚਾਚਾ ਚਾਦਰੇ ਦੀ ਗੱਲ ਕਰਦੈਂ?"

ਸਿਕੰਦਰ ਉਬਲਿਆ ਸੀ।

"ਨੂਰਾਂ ਨੇ ਮੰਦਾ ਬੋਲ ਬੋਲ ਦਿੱਤਾ ਕੋਈ?"

ਖ਼ਾਨ, ਫ਼ਿਕਰ-ਮੰਦ ਜਿਹਾ ਹੋ ਕੇ ਪੁੱਛ ਰਿਹਾ ਸੀ ਸਿਕੰਦਰ ਤੋਂ।

"ਮੰਦੇ ਜਹੇ ਮੰਦੇ, ਮੈਨੂੰ ਕਹਿੰਦੀ, ਤੂੰ ਬਹੁਤ ਦੇਰ ਕਰ ਦਿੱਤੀ ਏ, ਹੁਣ ਭੁੱਲ ਜਾ ਮੈਨੂੰ।"

ਸਿਕੰਦਰ ਸ਼ਕਾਇਤ ਹੀ ਤਾਂ ਕਰ ਰਿਹਾ ਸੀ ਖ਼ਾਨ ਅੱਗੇ।

"ਨਿਆਣੀ ਆ ਹਜੇ, ਹੌਲ਼ੀ-ਹੌਲ਼ੀ ਸਮਝ ਜਾਵੇਗੀ।"

ਖ਼ਾਨ ਕਹਿ ਰਿਹਾ ਸੀ ਸਿਕੰਦਰ ਨੂੰ ਦਿਲਾਸਾ ਦਿੰਦੇ ਹੋਏ, ਪ੍ਰੰਤੂ, ਦੇਰ ਤੇ ਭੁੱਲਣ ਵਾਲੀ ਗੱਲ, ਖ਼ਾਨ ਦੇ ਦਿਮਾਗ਼ ਵਿੱਚ ਅਟਕ ਗਈ ਸੀ।

"ਧੀਰਜ਼ ਰੱਖ ਪੁੱਤਰਾ, ਇੰਨੀ ਕੁ ਗੱਲ ਤੇ ਆਹ ਹਾਲ? ਦੋ ਚਾਰ ਦਿਨ ਕੋਲ ਰਹੇਂਗਾ ਤਾਂ ਤੇਰੇ ਵਿੱਚ ਮੋਹ ਆਪੇ ਹੀ ਪੈ ਜਾਣਾ ਹੈ, ਹਜੇ ਤੂੰ ਓਪਰਾ ਏਂ ਓਹਦੇ ਵਾਸਤੇ, ਤੂੰ ਨਿਆਣਾ ਨਾ ਬਣੀ, ਕੁੜੀ ਨੇ ਆਪੇ ਸਿਆਣੀ ਬਣ ਜਾਣਾ ਹੈ।"

ਵੈਲੀ ਆਪਣੇ ਸੱਜਰੇ ਪੁੱਤ ਨੂੰ ਸਮਝਾਅ ਰਿਹਾ ਸੀ।

"ਕਿਵੇਂ ਫਿਰ, ਹੁਣ ਚੱਲੀਏ ਸ਼ਹਿਰ ਨੂੰ? ਨਾਲੇ ਸਾਡੇ ਬੇਲੀ ਦੀ ਜਾੜ੍ਹ ਜਹੀ ਦੁਖਦੀ ਆ, ਏਹਦੇ ਲਈ ਤੂੰਬਾ ਦਾਰੂ ਦਾ ਹੀ ਲੈ ਆਵਾਂਗੇ, ਨਾਲੇ ਜੁਆਈ ਭਾਈ ਦੀ ਖੁਸ਼ੀ ਹੋ ਜਾਵੇਗੀ, ਨਾਲੇ ਸਾਡੇ ਬੇਲੀ ਦੀ ਜਾੜ੍ਹ ਹਟ ਜਾਵੇਗੀ।"

ਵੈਲੀ ਚਾਚਾ, ਖ਼ਚਰਾ ਜਿਹਾ ਹੱਸਾ ਹੱਸਦਾ ਹੋਇਆ ਸਿਕੰਦਰ ਨੂੰ ਸੈਨਤਾਂ ਮਾਰ ਰਿਹਾ ਸੀ।

"ਚੱਲ ਫਿਰ ਦੇਖਦਾ ਕੀ ਏਂ? ਦਿਨੇ ਦਿਨੇ ਮੁੜ੍ਹ ਆਵਾਂਗੇ, ਮੈਂ ਤਾਂ ਸੱਚ, ਲੀੜ੍ਹਾ ਲੱਤਾ ਵੀ ਲੈਣਾ ਆ, ਛੇਤੀਂ ਕਰ।"

ਸਿਕੰਦਰ ਕਹਿ ਰਿਹਾ ਸੀ।

"ਚੱਲੀਏ ਚੱਲੀਏ, ਹੋਰ ਕੁਵੇਲਾ ਕਾਹਨੂੰ ਕਰਨਾ ਏ।"

ਮੰਜ਼ੇ ਤੋਂ ਉਠਦੇ ਹੋਏ ਵੈਲੀ ਨੇ ਆਪਣੇ ਹੱਥ ਵਿੱਚ ਫ਼ੜ੍ਹਿਆ ਹੋਇਆ ਗੜ੍ਹਵਾ, ਖ਼ਾਨ ਦੇ ਮੰਜ਼ੇ ਉੱਤੇ ਹੀ ਸੁੱਟ ਦਿੱਤਾ ਸੀ।

"ਓਹ ਚਾਚਾ,......................।"

ਕੁਝ ਕਹਿਣ ਲੱਗਾ ਰੁਕ ਗਿਆ ਸੀ ਸਿਕੰਦਰ।

"ਧੀਰਜ਼ ਰੱਖ, ਸਭ ਆਪਣੇ ਆਪ ਹੀ ਠੀਕ ਹੋ ਜਾਵੇਗਾ, ਪਹਿਲਾਂ ਪਹਿਲਾਂ ਏਦਾਂ ਹੀ

ਹੁੰਦਾ, ਤੈਨੂੰ ਨਹੀਂ ਪਤਾ ਹਜੇ ਏਦਾਂ ਦੇ ਕੰਮਾਂ ਦਾ।"

ਵੈਲੀ, ਠੁਮਕ ਠੁਮਕ ਕਰਦਾ ਸ਼ਹਿਰ ਵੱਲ ਨੂੰ ਤੁਰ ਪਿਆ ਸੀ ਸਿਕੰਦਰ ਦੀ ਉਂਗਲੀ ਫ਼ੜੀ, ਰੱਬ ਨੇ ਪਲ੍ਹਿਆ ਪਲ੍ਹਾਇਆ ਪੁੱਤ ਦਿੱਤਾ ਸੀ, ਤੇ ਓਹ, ਰੱਬ ਦੀ ਮਹਿਰਬਾਨੀ ਨੂੰ ਸੁਆਦ ਨਾਲ ਦੇਰ ਤੱਕ ਹੰਢਾਉਣ ਦਾ ਚਾਹਵਾਨ ਹੁੰਦਾ ਜਾ ਰਿਹਾ ਸੀ।

*

"ਆਹ ਲੈ ਧੀਏ ਆਪਣਾ ਤਬੀਜ਼, ਆਪਣੇ ਮਾਲਿਕ ਦੀ ਨਿਸ਼ਾਨੀ।"

ਮੁਹੰਮਦ ਖ਼ਾਨ ਦੇ ਹੱਥ ਚ' ਕਾਲੇ ਧਾਗੇ ਵਿੱਚ ਪਰੋਇਆ ਹੋਇਆ ਤਬੀਜ਼ ਝੂਲ ਰਿਹਾ ਸੀ।

"ਇਹ, ਕਾਹਦਾ ਤਬੀਜ਼ ਅੱਬੂ?"

ਦੁੱਧ ਵਾਲੀ ਗਾਗਰ ਦੇ ਗਲਮੇਂ ਉਪਰ ਕਪੜ੍ਹਾ ਬੰਨਦੀ ਨੂਰਾਂ ਨੇ ਸਵਾਲੀਆ ਨਜ਼ਰਾਂ ਨਾਲ ਆਪਣੇ ਬਾਬੁਲ ਤੋਂ ਪੁੱਛਿਆ ਸੀ ਕਿਸੇ ਮਾਸੂਮ ਬੱਚੇ ਵਾਂਗ।

"ਕਿਹਾ ਨਾ, ਤੇਰੇ ਮਾਲਿਕ ਦੀ ਨਿਸ਼ਾਨੀ।"

ਬਾਬੁਲ ਦੀਆਂ ਅੱਖਾਂ ਜਿਵੇਂ ਛਲਕਣ ਹੀ ਲੱਗੀਆਂ ਹੋਣ ਹਰ ਬਾਬੁਲ ਦੀ ਤਰਾਂ, ਕੌਣ ਬਾਬੁਲ ਹੈ ਜਿਹਦੇ ਦਿੱਲ ਵਿੱਚ ਕੰਨਿਆਂ ਦਾਨ ਵੇਲੇ ਚੀਸ ਨਹੀਂ ਹੁੰਦੀ?

"ਮੇਰੇ ਮਾਲਿਕ ਦੀ ਨਿਸ਼ਾਨੀ? ਮੇਰਾ ਤਾਂ ਮਾਲਿਕ ਅੱਬੂ ਜਾਨ ਤੂੰ ਹੀ ਏਂ।"

ਨੂਰਾਂ ਨੇ ਸਹਿਜ ਹੀ ਕਹਿ ਦਿੱਤਾ ਸੀ ਗਾਗਰ ਦੇ ਗਲ੍ਹਵੇਂ ਉੱਤੇ ਕਪੜ੍ਹੇ ਦੀ ਗੰਢ ਦਿੰਦੇ ਦਿੰਦੇ।

"ਹੁਣ, ਤੇਰਾ ਮਾਲਿਕ ਮੈਂ ਨਹੀਂ ਰਿਹਾ, ਹੁਣ ਤੇਰਾ ਸ਼ੌਹਰ ਹੈ ਤੇਰਾ ਮਾਲਿਕ।"

ਮੁਹੰਮਦ ਖ਼ਾਨ ਨੂੰ ਸਿਕੰਦਰ ਦੇ ਲਫ਼ਜ਼ "ਭੁੱਲ ਜਾ ਤੇ ਦੇਰ" ਯਾਦ ਸਨ, ਖ਼ਾਨ ਬੁੱਧੀ ਮਾਨ ਸੀ, ਤਾਹੀਓਂ ਤਾਂ ਧੀ ਨੂੰ ਧੀ ਦਾ ਹੱਕ ਸੌਂਪ ਰਿਹਾ ਸੀ, ਓਹ ਜਾਣਦਾ ਸੀ

ਕਿ ਖ਼ੂਬਸੂਰਤੀ ਦੇ ਸਭ ਦੁਸ਼ਮਣ ਨੇ, ਤੇ ਖ਼ੁਸ਼ਬੂ ਨੂੰ ਕਦੇ ਵੀ ਕੈਦ ਕਰਕੇ ਨਹੀਂ ਰੱਖਿਆ ਜਾ ਸਕਦਾ।"

"ਮੇਰਾ ਸ਼ੌਹਰ ਕੌਣ ਹੈ?"

ਨੂਰਾਂ ਪੁੱਛ ਰਹੀ ਸੀ ਆਪਣੇ ਬਾਬੁਲ ਦੇ ਸਾਹਮਣੇ ਖੜ੍ਹੀ, ਉਸ ਦੀ ਸ਼ਕਲ, ਬੇ ਹੱਦ ਮਨ ਮੋਹਣੀ, ਮਨ ਮੋਹ ਰਹੀ ਸੀ ਖ਼ਾਨ ਦਾ।

"ਜਿਸ ਦੇ ਗਲ੍ਹ ਤੂੰ ਤਬੀਜ਼ ਪਾਵੇਂਗੀ।"

ਮੁਹੰਮਦ ਖ਼ਾਨ ਨੇ ਕਿਹਾ ਸੀ।

"ਮੈਂ, ਤਬੀਜ਼ ਕਿਸ ਦੇ ਗਲ੍ਹ ਪਾਵਾਂਗੀ?"

ਨੂਰਾਂ ਨੇ ਅਨਭੋਲ ਜਹੀ ਬਣਦੀ ਹੋਈ ਨੇ ਪੁੱਛਿਆ ਸੀ ਅੱਬੂ ਤੋਂ।

"ਸਿਕੰਦਰ ਦੇ, ਹੋਰ ਕੀਹਦੇ?"

ਕਹਿੰਦੇ ਹੋਏ ਬਾਪ ਨੇ ਧੀ ਦੇ ਹੱਥ ਵਿੱਚ ਤਬੀਜ਼ ਥਮਾ ਦਿੱਤਾ ਸੀ, ਪ੍ਰੰਤੂ ਨੂਰਾਂ ਦੀ ਮੁੱਠੀ ਤਬੀਜ਼ ਨੂੰ ਘੁੱਟਣ ਲਈ ਤਿਆਰ ਨਹੀ ਸੀ।

"ਕੀ, ਮੇਰਾ ਨਿਕਾਹ ਹੋ ਚੁੱਕਾ ਹੈ?"

ਨੂਰਾਂ ਨੇ ਆਪਣੇ ਅੱਬੂ ਤੋਂ ਪੁੱਛਿਆ ਸੀ।

"ਹਾਂ, ਹਾਂ ਹੋ ਚੁੱਕਾ ਹੈ।"

ਮੁਹੰਮਦ ਖ਼ਾਨ ਨੇ ਗੁੱਸੇ ਜਹੇ ਵਿੱਚ ਹੀ ਕਹਿ ਦਿੱਤਾ ਸੀ।

"ਨਹੀਂ ਅੱਬੂ ਜਾਨ, ਤੂੰ ਤੇ ਕਹਿੰਦਾ ਸੀ ਤੇਰਾ ਨਿਕਾਹ ਹੋਵੇਗਾ ਹਾਲੇ, ਫਿਰ ਅੱਜ ਤੈਨੂੰ ਕੀ ਹੋ ਗਿਆ ਏ ਬਾਬੁਲਾ? ਆਪਣੇ ਹੀ ਬਚਨਾ ਤੋਂ......, ਨਹੀਂ ਅੱਬੂ ਜਾਨ, ਘੱਟੋ ਘੱਟ ਤੂੰ ਤੇ ਇਸ ਤਰਾਂ ਨਾ ਕਰ, ਮੇਰੇ ਪਿਆਰੇ ਅੱਬੂ।"

ਨੂਰਾਂ, ਬਾਬੁਲ ਦੇ ਗਲ੍ਹ ਲੱਗੀ ਬੱਚਿਆਂ ਵਾਂਗ ਬਿਲਕ ਰਹੀ ਸੀ, ਇਸ਼ਕ ਦੇ ਅੰਗਿਆਰਿਆਂ ਉੱਤੇ ਖ਼ਾਨ ਨੇ ਚੂਲ੍ਹੀ ਭਰ ਪਾਣੀ ਦੀ ਪਾ ਦਿੱਤੀ ਸੀ, ਓਸੇ ਦਾ ਸਿੱਟਾ ਸਨ ਨੂਰਾਂ ਦੇ ਅੱਥਰੂ, ਕਿਸੇ ਨੂੰ ਕਿਸੇ ਦੁੱਖ ਦਾ ਰੋਣਾ ਸੀ ਤੇ ਕਿਸੇ ਨੂੰ ਕਿਸੇ ਦਾ, ਹਰ ਦਿੱਲ ਦਾ ਦਰਦ ਆਪਣਾ ਆਪਣਾ ਸੀ, ਹੰਝੂ ਆਪਣੇ ਆਪਣੇ ਸਨ, ਪਰ ਵਕਤ ਇੱਕ ਸੀ, ਤੇ ਸਮਰਪਨ ਅੱਲਗ ਅੱਲਗ।

*

"ਇਕ ਬਾਰ ਫਿਰ ਜਾਵੇਂ ਤਾਂ ਸਵੇਰੇ ਮੁੜੇਂਗਾ ਬੜੇ ਵੀਰਾ, ਇੰਨੀ ਦੇਰ?"

ਜੱਗੀ, ਮੋਟਰ ਵਾਲੇ ਕਮਰੇ ਵਿੱਚ ਮੰਜ਼ੇ ਤੇ ਬੈਠਾ ਅੱਕ ਗਿਆ ਸੀ ਕੁਲਦੀਪ ਦੇ ਵਾਪਸ ਆਣ ਤੱਕ।

"ਕਾਹਲਾ ਬਹੁਤ ਰਹਿਣ ਲੱਗ ਪਿਆ ਏਂ, ਕੁਝ ਜਿਆਦਾ ਹੀ ਤਕਲੀਫ਼ ਵਿੱਚ ਲਗਦੈਂ।"

ਕੁਲਦੀਪ, ਮੰਜ਼ੇ ਤੇ ਗਲਾਸੀ ਤੇ ਬੋਤਲ ਰੱਖ ਕੇ ਆਪ ਚਲ੍ਹੇ ਵਿੱਚੋਂ ਪਾਣੀ ਦਾ ਜੱਗ ਭਰਨ ਤੁਰ ਗਿਆ ਸੀ, ਤੇ ਜੱਗੀ ਬੋਤਲ ਦੀ ਸੀਲ ਤੋੜਨ ਵਿੱਚ ਮਸ਼ਰੂਫ਼ ਹੋ ਗਿਆ ਸੀ ਅਤੇ ਪਾਣੀ ਆਉਂਦੇ ਤੱਕ ਉਹ ਪੌਣੀ ਗਲਾਸੀ ਕਰੀ ਬੈਠਾ ਸੀ।

"ਮੈਂ ਕੀ ਪੁੱਛਦਾਂ?"

ਕੁਲਦੀਪ ਨੇ ਮੰਜ਼ੇ ਤੇ ਬੈਠਦੇ ਹੋਏ ਜੱਗੀ ਤੋਂ ਪੁੱਛਿਆ ਸੀ।

"ਤੂੰ, ਵਥੇਰਾ ਕੁਛ ਪੁੱਛਦਾ ਰਹਿਨੈ, ਵੱਡੇ ਵੀਰਾ, ਪਰ ਸਾਨੂੰ ਕੁਝ ਨਹੀਂ ਦੱਸਦਾ ਕਿ ਅਸੀਂ ਕਹਿੜਾ ਖ਼ੂਹ-ਖਾਤਾ ਗੰਦਾ ਕਰੀਏ?"

ਜੱਗੀ, ਇੱਕੋ ਡੀਕੇ ਗਲਾਸੀ ਖਾਲੀ ਕਰ ਗਿਆ ਸੀ, ਫਿਰ ਸ਼ੁਰੂ ਹੋ ਗਿਆ ਸੀ ਦੌਰ, ਸ਼ਰਾਬ ਅਤੇ ਗੁਫ਼ਤ-ਗੂਹ ਦਾ।

"ਏਹੀ, ਕਿ ਜਦੋਂ ਤੂੰ ਤਾਈ ਨੂੰ ਦੱਸਿਆ ਤਾਂ ਤਾਈ ਨੇ ਅੱਗੋਂ ਕੀ ਕਿਹਾ?"

ਜੱਗੀ ਨੂੰ ਨਸ਼ੇ ਦੀ ਲੋਰ ਹੋਣ ਲੱਗੀ ਸੀ।

"ਕਹਿੜੇ ਪੁੱਠੇ ਚੱਕਰਾਂ ਵਿੱਚ ਪਈ ਜਾਨੈ ਤੂੰ?"

ਕੁਲਦੀਪ ਨੇ ਕਿਹਾ ਸੀ।

"ਪੁੱਠੇ ਚੱਕਰ? ਮੈਂ ਮਰਨੇ ਨੂੰ ਥਾਂ ਟੋਲਦਾ ਫਿਰਦਾਂ, ਤੇ ਤੂੰ ਪੁੱਠੇ ਚੱਕਰ ਹੀ ਦੱਸੀ ਜਾਨਾ, ਬੰਦਾ ਚੰਗਾਂ ਤੂੰ ਬੜੇ ਵੀਰਾ, ਮਦਦ ਤਾਂ ਕੀ ਕਰਨੀ ਹੈ ਉਲਟਾ ਮੇਰੀ ਹੀ ਢੇਰੀ ਢਾਹੁਣ ਲੱਗ ਪਿਆ ਤੂੰ ਤੇ।"

ਜੱਗੀ, ਖ਼ਫ਼ਾ ਹੋਇਆ ਪਿਆ ਸੀ ਕੁਲਦੀਪ ਦੀ ਅਕਲ ਤੋਂ, ਜਹਿੜੀ ਜੱਗੀ ਦੀ ਸਮਝੇ ਬੇ ਅਕਲੀਆਂ ਗੱਲਾਂ ਕਰ ਰਹੀ ਸੀ।

"ਅੱਛਾ, ਤੂੰ ਹੀ ਦੱਸ ਕੀ ਚਾਹੁਨੈ ਹੁਣ?"

ਕੁਲਦੀਪ ਨੇ ਮਸ਼ਕਰੀ ਜਹੀ ਕਰਦੇ ਹੋਏ ਟੱਲੀ ਹੋਏ ਜੱਗੀ ਕੋਲੋਂ ਪੁੱਛਿਆ ਸੀ।

"ਮੈਂ, ਆਪਣਾ ਘਰ ਵਸਾਉਣਾ ਚਾਹੁੰਦਾ ਹਾਂ।"

ਜੱਗੀ ਨੇ ਆਪਣਾ ਇਰਾਦਾ ਕੁਲਦੀਪ ਅੱਗੇ ਜ਼ਾਹਰ ਕਰਦੇ ਹੋਏ ਨੇ ਕਿਹਾ ਸੀ।

"ਘਰ ਵਸਾਉਣ ਦਾ ਸ਼ੌਕ ਸੀ ਤਾਂ ਬੰਦਿਆਂ ਵਾਲੇ ਕੰਮ ਕਰਨੇ ਸੀ, ਓਦੋਂ ਜਮੀਨ ਬੇਚ-ਬੇਚ ਕੰਜ਼ਰੀਆਂ ਨਚਾਉਂਦਾ ਸੀ ਤੇ ਹੁਣ ਤੈਨੂੰ ਘਰ......।"

ਕੁਲਦੀਪ ਨੇ ਕੜਵਾ ਜਿਹਾ ਸੱਚ ਆਖ ਦਿੱਤਾ ਸੀ।

"ਹੁਣ ਵੀ ਵਸ ਸਕਦਾ, ਤੇਰੇ ਆਸਰੇ।"

ਜੱਗੀ ਨੇ ਕੁਲਦੀਪ ਅੱਗੇ ਫ਼ਰਿਆਦ ਕਰ ਦਿੱਤੀ ਸੀ।

"ਮੇਰੇ ਆਸਰੇ?"

ਕੁਲਦੀਪ ਨੇ ਹੈਰਾਨ ਹੋ ਕੇ ਪੁੱਛਿਆ ਸੀ।

"ਹਾਂ ਬੜੇ ਵੀਰਾ, ਤੇਰੇ ਆਸਰੇ, ਜੇ ਤੂੰ ਮੇਰੀ ਮਦਦ ਕਰੇਂ।"

ਜੱਗੀ, ਸ਼ਰਾਬੀ ਹੋਇਆ, ਕੁਲਦੀਪ ਦੇ ਪੈਰੀਂ ਡਿਗ ਰਿਹਾ ਸੀ, ਜ਼ਿਆਦਾ ਪੀਤੀ ਅੱਖਾਂ ਵਿੱਚੋਂ ਛਲਕਣ ਲੱਗੀ ਸੀ, ਹੋ ਸਕਦਾ ਹੈ "ਦਰਦ-ਏ-ਨੂਰਾਂ" ਹੰਝੂ ਬਣ ਗਿਆ ਹੋਵੇ

ਨਸ਼ੇ ਦੀ ਲੋਰ ਵਿੱਚ।

"ਮੈਂ, ਕਿਵੇਂ ਤੇਰੀ ਮਦਦ ਕਰ ਸਕਦਾਂ ਛੋਟੇ ਭਾਈ?"

ਕੁਲਦੀਪ ਵੀ ਥੋੜ੍ਹੇ ਜਹੇ ਨਸ਼ੇ ਵਿੱਚ ਸੀ ਤੇ ਉਸ ਨੇ ਵੀ ਸ਼ਰਾਬੀਆਂ ਵਾਂਗੂ ਲੋਰ ਜਹੀ ਵਿੱਚ ਹੀ ਪੁੱਛਿਆ ਸੀ ਜੱਗੀ ਤੋਂ।

"ਤੂੰ, ਛੋਟੇ ਭਾਈ ਦੀ ਮਦਦ ਕਰ ਸਕਦੈਂ, ਵੱਸ ਇਕ ਵਾਰ ਮਨਪ੍ਰੀਤ ਨੂੰ ਨੂਰਾਂ ਤੋਂ ਅੱਲਗ ਕਰਦੇ, ਆਖ਼ਰੀ ਵਾਰ ਬੜੇ ਵੀਰਾ,  ਆਪਾਂ ਉਮਰ ਭਰ ਤੇਰਾ ਪਾਣੀ ਭਰਦੇ ਰਹਾਂਗੇ, ਉਮਰ ਭਰ ਵੀਰਾ।"

ਜੱਗੀ, ਝੂਲ ਰਿਹਾ ਸੀ, ਖ਼ਾਨ ਦੇ ਹੱਥ ਲਟਕਦੇ ਤਾਬੀਜ਼ ਦੀ ਤਰਾਂ।

"ਹੋ ਜਾਊਗਾ ਤੇਰਾ ਕੰਮ, ਤੂੰ ਮੇਰੇ ਨਾਲ ਦੋ ਚਾਰ ਦਿਨ ਕੰਮ ਲਈ ਲਵਾ, ਤੇ ਆਪਾਂ ਕੋਈ ਜੁਗਾੜ ਬਣਾਉਂਨੇ ਆਂ।"

ਕੁਲਦੀਪ, ਮਤਲਬ ਪ੍ਰਸਤ ਵੀ ਸੀ।

"ਕੰਮ ਕੀ ਕਰਨਾ ਵੀਰਾ?"

ਜੱਗੀ, ਮੋਟਰ ਵਾਲੇ ਕਮਰੇ ਦੇ ਮੂਹਰੇ ਸਿੱਧਾ ਖੜਾ ਹੋਣ ਦੀ ਕੋਸ਼ਿਸ਼ ਕਰਦਾ ਹੋਇਆ ਪੁੱਛ ਰਿਹਾ ਸੀ ਜਿੰਦੇ-ਕੁੰਡੇ ਲਾ ਰਹੇ ਕੁਲਦੀਪ ਤੋਂ।

"ਝੋਨਾ ਚੁੱਕਣਾ ਆਂ, ਤੇ ਤੈਨੂੰ ਮੰਡੀ ਬੈਠਣਾ ਪਊ।"

ਕੁਲਦੀਪ ਨੂੰ ਮੁਫ਼ਤ ਦਾ ਪਹਿਰੇਦਾਰ ਮਿਲਦਾ ਲੱਗਦਾ ਸੀ ਮੰਡੀ ਵਿੱਚ ਪਏ ਝੋਨੇ ਲਈ।

"ਤੇ ਓਹ ਮਨਪ੍ਰੀਤ ਨਹੀਂ ਬੈਠੂਗਾ?"

ਜੱਗੀ ਨੇ ਕੁਲਦੀਪ ਤੋਂ ਪੁੱਛਿਆ ਸੀ।

"ਓਹਨੂੰ ਛੱਡ ਤੂੰ।"

ਕੁਲਦੀਪ ਨੇ ਕਿਹਾ ਸੀ।

"ਹੱਦ ਕਰਤੀ ਬੜੇ ਵੀਰਾ! ਓਹਦਾ ਹੀ ਤਾਂ ਸਾਰਾ ਮਸਲਾ ਹੈ, ਤੇ ਤੂੰ ਕਹਿੰਨਾ ਓਹਨੂੰ ਛੱਡ?"

ਜੱਗੀ, ਪੁੱਛ ਰਿਹਾ ਸੀ ਕੁਲਦੀਪ ਤੋਂ।

"ਤੈਨੂੰ ਮੇਰੇ ਕਹੇ ਤੇ ਯਕੀਨ ਨਹੀਂ ਆਇਆ? ਮੈਂ ਮਾਂ ਨੂੰ ਦੱਸ ਦਿੱਤਾ ਹੈ, ਜਿੱਦਣ ਬਾਪੂ ਨੂੰ ਪਤਾ ਚੱਲ ਗਿਆ ਤਾਂ ਓਹਨੇ ਆਪੇ ਕੰਡਾ ਖਿੱਚ ਦੇਣਾ, ਤੂੰ ਸਵੇਰੇ ਆ ਜਾਵੀਂ ਚੇਤੇ ਨਾਲ, ਮੈਂ ਤੈਨੂੰ ਉਡੀਕਦਾ ਹੀ ਨਾ ਰਹਿ ਜਾਵਾਂ।"

ਕੁਲਦੀਪ, ਘਰ ਵੱਲ ਨੂੰ ਤੁਰਿਆ ਜਾਂਦਾ ਕਹਿ ਰਿਹਾ ਸੀ।

"ਤੂੰ ਮੇਰਾ ਕੰਮ ਜਰੂਰ...................., ਮੈਂ ਲਾਜ਼ਮੀ ਆਵਾਂਗਾ ਬੜੇ ਵੀਰਾ, ਮੈਨੂੰ ਤਾਂ ਚੇਤਾ ਭੁਲਾਇਆਂ ਨਾ ਭੁੱਲਦਾ, ਏਹ ਤਾਂ ਕੀ ਭੁੱਲਣਾ ਏਂ, ਵੱਸ ਤੂੰ ਮੇਰਾ ਕੰਮ....................।"

ਜੱਗੀ ਵੀ ਡੋਲਣੇ ਖਾਂਦਾ ਹੋਇਆ ਉਥੋਂ ਤੁਰ ਪਿਆ ਸੀ ਆਪਣੀ ਮੰਜ਼ਲ ਵੱਲ ਨੂੰ।

*

ਮਾਂ, ਕੱਲ ਸ਼ਾਮ ਵਾਂਗ ਅੱਜ ਖੁਸ਼ ਨਹੀਂ ਸੀ, ਉਦਾਸੀ ਭਰੀ ਖ਼ਾਮੋਸ਼ੀ ਸੀ ਚੇਹਰੇ ਉੱਤੇ ਵੇਹੜੇ ਵਿੱਚ ਖੜ੍ਹੀ ਦੇ, ਹਰਜੀਤ ਬੱਚਿਆਂ ਨਾਲ ਖੇਡ ਰਿਹਾ ਸੀ, ਜਿਹੜੇ ਉਸ ਨੂੰ ਚਾਚਾ ਚਾਚਾ ਕਰਦੇ ਬੇ ਫ਼ਿਕਰੀ ਦੀ ਮਹਿਕ ਵੰਡ ਰਹੇ ਸਨ, ਪਰ ਮਾਂ ਦੀ ਬੇ ਫ਼ਿਕਰੀ, ਫ਼ਿਕਰ ਵਿੱਚ ਬਦਲ ਚੁੱਕੀ ਸੀ, ਸ਼ਾਮ ਦਾ ਖਾਣਾ ਖਾ-ਪੀ ਘਰ ਦੇ ਸਾਰੇ ਜੀਅ ਆਪੋ ਆਪਣੇ ਬਿਸਤਰਿਆਂ ਵਿੱਚ ਜਾ ਰਹੇ ਸਨ, ਮਨਪ੍ਰੀਤ ਅਤੇ ਹਰਜੀਤ ਆਪਣੇ ਕਮਰੇ ਵਿੱਚ ਚਲੇ ਗਏ ਸਨ, ਅਚਾਨਕ ਕਮਰੇ ਦਾ ਦਰਵਾਜ਼ਾ ਖੁੱਲਾ, ਮਾਂ ਅੰਦਰ ਆ ਕੇ ਮਨਪ੍ਰੀਤ ਦੇ ਸਾਹਮਣੇ ਜਾ ਖੜ੍ਹੀ ਸੀ, ਪੁੱਤ ਦੀਆਂ ਅੱਖਾਂ ਵਿੱਚ ਤੱਕਣ ਦੀ ਕੋਸ਼ਿਸ਼ ਕਰ ਰਹੀ ਸੀ, ਹਰਜੀਤ ਨੇ ਕਿਤਾਬ ਵਲੋਂ ਨਿਗਾਹ ਹਟਾ ਕੇ ਮਾਂ ਦੇ ਰੁਆਂਸੇ ਜਹੇ ਚੇਹਰੇ ਤੇ ਜਾ ਟਿਕਾਈ ਸੀ ਉਸ ਦੇ ਆਉਣ ਦਾ ਕਾਰਨ ਜਾਨਣ ਲਈ, ਅਤੇ ਮਨਪ੍ਰੀਤ ਦਾ ਮੱਥਾ ਠਣਕਿਆ ਸੀ, ਪਰ ਇਸ਼ਕ ਦੇ ਤੇਂਦੂਏ ਨੇ ਉਸ ਨੂੰ ਹੋਰ ਕੱਸ ਕੇ ਪਕੜ੍ਹ ਲਿਆ ਸੀ, ਅਹਿਲ ਜਿਹਾ ਕਰ ਦਿੱਤਾ ਸੀ ਉਸ ਨੂੰ।

*

"ਮਾਂ ਤੂੰ, ਕਿੱਦਾਂ ਆਈ ਏਂ ਮਾਂ?"

ਮਨਪ੍ਰੀਤ ਨੇ ਪੁੱਛਿਆ ਸੀ।

"ਤੇਰੇ ਕੋਲ ਆਈ ਹਾਂ ਪੁੱਤ।"

ਕਹਿੰਦੀ ਹੋਈ ਪੁੱਤ ਦੇ ਮੰਜੇ ਤੇ ਪੌਂਦਾਂ ਵੱਲ ਹੀ ਬੈਠ ਗਈ ਸੀ।

"ਮੇਰੇ ਕੋਲ?"

ਮਨਪ੍ਰੀਤ ਨੇ ਮਾਂ ਨੂੰ ਪੁੱਛਿਆ ਸੀ।

"ਹਾਂ ਪੁੱਤਾ, ਕੁਲਦੀਪ ਜੋ ਕਹਿ ਰਿਹਾ ਹੈ, ਕੀ ਉਹ ਸੱਚ ਹੈ?"

ਮਾਂ ਨੇ ਗੱਲ ਨੂੰ ਘਮਾਉਣ ਫਿਰਾਉਣ ਤੋਂ ਬਿਨਾ ਹੀ ਆਪਣੇ ਮਨ ਦਾ ਉਬਾਲ ਕੱਢ ਦਿੱਤਾ ਸੀ।

"ਜੇ ਮੈਂ ਕਹਿ ਦੇਵਾਂ ਕੇ ਇਹ ਸੱਚ.........।"

ਮਨਪ੍ਰੀਤ ਨੇ ਹਾਲੇ ਆਪਣੀ ਗੱਲ ਪੂਰੀ ਨਹੀਂ ਸੀ ਕੀਤੀ ਕੇ ਮਾਂ ਵਿੱਚੋਂ ਹੀ ਟੋਕ ਕੇ

ਬੋਲਣ ਲੱਗੀ ਸੀ।

"ਨਹੀਂ ਨਹੀਂ ਦੁਸ਼ਟਾ, ਜੇ ਇਹ ਸੱਚ ਹੈ ਤਾਂ ਇਸ ਨੂੰ ਝੂਠ ਕਰਦੇ ਜੇ ਮੈਨੂੰ ਜ਼ਿਊਂਦੀ ਵੇਖਣਾ ਚਾਹੁੰਦੈਂ।"

ਮਾਂ ਮੰਜ਼ੇ ਤੇ ਬੈਠੀ ਹੁਬਕੀਂ ਫ਼ੁੱਟ ਪਈ ਸੀ।

"ਮਾਂ! ਤੂੰ ਤੇ ਐਵੇਂ ਹੀ ਖ਼ਾਹਮਖ਼ਾਹ ਪ੍ਰੇਸ਼ਾਨ ਹੋ ਰਹੀ ਏਂ।"

ਮਨਪ੍ਰੀਤ ਦੇ ਹੱਥ ਮਾਂ ਨੂੰ ਛੋਹਣ ਲਈ ਵਧੇ ਸਨ ਪਰ ਮਾਂ ਨੇ ਫਿਟਕਾਰ ਦਿੱਤੇ ਸਨ।

"ਮਾਂ! ਜੇ ਕੋਈ ਕਹੇ ਕਿ ਮੈਂ ਮਰ ਗਿਆਂ, ਤਾਂ ਕੀ ਤੂੰ ਸੱਚ ਮੰਨ ਲਵੇਂਗੀ?"

ਮਨਪ੍ਰੀਤ ਨੇ ਮਾਂ ਤੋਂ ਪੁੱਛਿਆ ਸੀ।

ਹੁਣ ਮਾਂ ਦੀ ਮਮਤਾ ਕੁਰਲਾ ਉੱਠੀ ਸੀ,

"ਵੇ ਪੁੱਤਾ, ਇੰਝ ਨਾ ਕਹਿ, ਕੌਣ ਮਾਂ ਚਾਹੁੰਦੀ ਹੈ, ਜਿਸ ਚਿਰਾ.ਗ ਵਿੱਚ ਨੌਂ ਮਹੀਨੇ ਤੇਲ ਦੀ ਥਾਂ ਜਿਗਰ ਦਾ ਖੂਨ ਪਾ ਕੇ ਜਗਾਇਆ ਓਹ ਜਹਾਨ ਵਿੱਚ ਨਜ਼ਰ ਹੀ ਨਾ ਆਵੇ?"

ਮਾਂ, ਪੁੱਤ ਇਕ ਦੂਜੇ ਦੇ ਗਲ੍ਹੇ ਲੱਗੇ ਮੋਹ ਕਰ ਰਹੇ ਸਨ ਅਤੇ ਹਰਜੀਤ ਇਸ ਰਾਮ ਲੀਲਾ ਦੀ ਵਜ਼ਾ ਜਾਨਣ ਦੀ ਕੋਸ਼ਿਸ਼ ਵਿੱਚ ਹੈਰਾਨੀ ਨਾਲ ਪੂਰੀਆਂ ਪਲਕਾਂ ਖੋਲੀ ਤੱਕ ਰਿਹਾ ਸੀ ਦੋਹਾਂ ਵੱਲ, ਸੋਚ ਰਿਹਾ ਸੀ ਕਿ ਪਹਿਲਾਂ ਤਾਂ ਮਾਂ ਕਦੇ ਵੀ ਮਨਪ੍ਰੀਤ ਦੇ ਗਲ੍ਹ ਲੱਗ ਨਹੀਂ ਸੀ ਰੋਈ, ਫਿਰ ਅੱਜ ਕਿਓਂ?।

"ਛੱਡਦੇ ਪੁੱਤ ਇਹਨਾ ਰਾਹਾਂ ਨੂੰ, ਤੂੰ ਇਹਨਾ ਧੂੜ ਭਰੇ ਕੱਚੇ ਰਾਹਾਂ ਦਾ ਰਾਹੀ ਨਹੀਂ, ਮੈਂ ਉਮਰ ਝੋਕ ਕੇ ਤੈਨੂੰ ਵੱਡਾ ਕੀਤਾ ਹੈ, ਤੂੰ ਹੁਣ, ਸੁੱਖ ਦੀ ਥਾਂ ਮੈਨੂੰ ਦੁੱਖ਼ ਨਾ ਦੇਵੀਂ ਵੇ ਪੁੱਤਾ, ਪਾਣੀ ਰੁੱਖ ਨੂੰ ਓਹਦੀ ਸ਼ੌਰ ਲੈਣ ਲਈ ਦਿੱਤਾ ਜਾਂਦਾ ਹੈ, ਇਹਨਾ ਰਾਹਾਂ ਦੇ ਰੁੱਖ ਕਦੇ ਹਰੇ ਨਹੀਂ ਜੇ ਹੁੰਦੇ ਅਤੇ ਸੁੱਕੇ ਰੁੱਖਾਂ ਦੀ ਕਦੇ ਸ਼ੌਰ ਨਹੀਂ ਹੁੰਦੀ, ਵੇ ਮੈਂ ਤਾਂ ਤੈਨੂੰ ਲੋਕਾਂ ਦੇ ਪੁੱਤਾਂ ਵਾਂਗੂ ਬਾਹਰ ਵਲੈਤ ਵਿੱਚ ਗਿਆ ਦੇਖਣਾ ਚਾਹੁੰਦੀ ਹਾਂ, ਮੇਰੀਆਂ ਅੱਖਾਂ ਤੈਨੂੰ ਮਿੱਟੀ ਵਿੱਚ ਰੁਲ੍ਹਦਿਆਂ ਨਹੀਂ ਵੇਖ ਸਕਦੀਆਂ।"

ਮਾਂ, ਦਿੱਲ ਦੀ ਦੱਸ ਰਹੀ ਸੀ, ਤੇ ਪੁੱਤ ਸੁਣ ਰਿਹਾ ਸੀ, ਮਾਂ ਦੇ ਮੂੰਹੋਂ ਨਿਕਲਦੇ ਸ਼ਬਦ, ਕੰਨਾਂ ਦੇ ਪਰਦਿਆਂ ਨਾਲ ਟਕਰਾਅ ਕੇ ਕਿਰਨ ਬਿੰਦੂ ਵਾਂਗ ਵਾਪਸ ਪਰਤ ਰਹੇ ਸਨ, ਪਰ ਪਰਦੇ ਦੇ ਪਾਰ ਤਾਂ ਸਿਰਫ਼ ਇਸ਼ਕ ਦਾ ਹੀ ਸਨੱਾਟਾ ਸੀ ਅਤੇ ਸਨੱਾਟੇ ਵਿੱਚ ਗੁਜ਼ਰੀ ਦੀ ਹਸੀਨ ਕਾਇਆ ਪ੍ਰਗਟ ਹੁੰਦੀ ਸੀ ਤੇ ਧੁੰਦ ਵਿੱਚ ਅਲੋਪ ਜਹੀ ਹੋ ਜਾਂਦੀ ਸੀ, ਮੁਸਕਰਾ ਕੇ ਜਿਵੇਂ ਅੱਖਾਂ, ਹੱਥਾਂ ਨਾਲ ਇਸ਼ਾਰੇ ਕਰ ਰਹੀ ਹੋਵੇ ਕਿਸੇ ਆਪਣੇ ਨੂੰ।

"ਮੈਨੂੰ ਜਵਾਬ ਨਹੀਂ ਦਿੱਤਾ ਤੂੰ।"

ਮਾਂ ਨੂੰ ਪੁੱਤ ਦੀ ਇਹ ਚੁੱਪ ਚੁੱਭਦੀ ਸੀ ਨਸ਼ਤਰ ਵਾਂਗ।

"ਮਾਂ! ਮੈਂ ਤੈਨੂੰ ਜਿਊਂਦੀ ਦੇਖਣਾ ਚਾਹੁੰਦਾ।"

ਮਸੀਂ ਜ਼ਬਾਨ ਖੁੱਲੀ ਸੀ ਮਨਪ੍ਰੀਤ ਦੀ।

"ਫਿਰ ਛੱਡਦੇ ਗੁਜ਼ਰੀ ਦਾ ਖ਼ਹਿੜਾ, ਮੁਸਲਮਾਨਾਂ ਦਾ ਸਿੱਖਾਂ ਨਾਲ ਕੋਈ ਮੇਲ ਨਹੀਂ, ਇਹਨਾ ਦਾ ਵਾਧਾ ਜੂਠ-ਝੂਠ ਵਿੱਚ ਹੈ ਅਤੇ ਸਾਡਾ ਵਾਹੇਗੁਰੂ ਦੀ ਮੇਹਰ ਵਿੱਚ।"

"ਮੇਰੇ ਉੱਤੇ ਵਾਹੇਗੁਰੂ ਦੀ ਬਹੁਤ ਮੇਹਰ ਹੈ ਮਾਂ, ਪਰ ਨੂਰਾਂ ਜੂਠੀ-ਝੂਠੀ ਨਹੀਂ ਹੈ ਓਹ ਮੇਰੇ ਤੋਂ ਬਿਨਾਂ ਮਰ ਜਾਵੇਗੀ ਤੇ ਮੈਂ ਓਹਦੇ.........।"

ਮਨਪ੍ਰੀਤ ਗੱਲ ਕਰਦਾ ਕਰਦਾ ਰੁਕ ਗਿਆ ਸੀ।

"ਕੋਈ ਨਹੀਂ ਮਰਦਾ ਹੁੰਦਾ ਕਿਸੇ ਦੀ ਖ਼ਾਤਰ।"

ਮਾਂ ਨੇ ਪੁੱਤ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਸੀ।

"ਸੱਸੀ ਤਪਦੇ ਥਲਾਂ ਵਿੱਚ ਮਰ ਗਈ ਸੀ ਮੇਰੀਏ ਮਾਏਂ।"

ਮਨਪ੍ਰੀਤ ਨੇ ਗੁਜ਼ਰੇ ਜ਼ਮਾਨੇ ਦੇ ਹੋ ਚੁੱਕੇ ਸੱਚੇ ਆਸ਼ਕਾਂ ਦੀ ਉਧਾਰਣ ਦਿੰਦੇ ਹੋਏ ਕਿਹਾ ਸੀ।

"ਵੇ ਗੁਜ਼ਰੀ, ਸੱਸੀ ਨਹੀਂ ਹੋ ਸਕਦੀ।"

ਮਾਂ ਨੇ ਗੁੱਸੇ ਵਿੱਚ ਕਿਹਾ ਸੀ।

"ਏਹੋ ਤਾਂ ਮਾਂ ਤੇਰਾ ਬਹਿਮ ਹੈ, ਜੇ ਇਕ ਵਾਰ ਦੇਖ ਲਏਂਗੀ ਤਾਂ, ਤੂੰ ਆਪਣੀ ਜ਼ਬਾਨੋਂ ਸੱਸੀ ਕਹੇਂਗੀ ਉਸ ਨੂੰ, ਹਾਂ ਮਾਂ, ਬਹੁਤ ਸੋਹਣੀ ਹੈ ਓਹੋ।"

ਹਰਜੀਤ ਬਿਨਾਂ ਪੁੱਛਿਆਂ ਹੀ ਵਿੱਚ ਬੋਲ ਪਿਆ ਸੀ, ਸ਼ਾਇਦ ਉਹ ਵਜ਼ਾ ਜਾਣ ਗਿਆ ਸੀ, ਤਾਹੀਓਂ ਤਾਂ ਅਖ਼ਾੜੇ ਵਿੱਚ ਕੁੱਦਿਆ ਸੀ।

" ਤੂੰ ਮੈਨੂੰ ਦੱਸ।"

ਮਾਂ, ਮਨਪ੍ਰੀਤ ਵੱਲ ਨੂੰ ਆਪਣਾ ਹੱਥ ਕਰ ਪੁੱਛ ਰਹੀ ਸੀ।

"ਮੈਂ, ਕੀ ਦੱਸਾਂ?"

ਮਨਪ੍ਰੀਤ ਨੇ ਕਿਹਾ ਸੀ।

"ਤੈਨੂੰ ਹਜੇ ਤੱਕ ਪਤਾ ਹੀ ਨਹੀਂ ਲੱਗਿਆ ਕਿ ਮੈਂ ਕਿਉਂ ਆਈ ਹਾਂ ਤੇਰੇ ਕੋਲ ਚੱਲ ਕੇ? ਜੇ ਕੱਲ ਨੂੰ ਤੇਰੇ ਪਿਓ ਨੂੰ ਪਤਾ ਚੱਲ ਗਿਆ ਤਾਂ, ਪਤਾ ਫਿਰ ਕੀ ਹੋਣਾ?"

ਮਾਂ, ਬੂਹੇ ਕੋਲ ਖੜ੍ਹੀ ਧਮਕੀ ਦਿੰਦੀ ਹੋਈ ਪੁੱਛ ਰਹੀ ਸੀ ਮਨਪ੍ਰੀਤ ਤੋਂ।

"ਚੰਗਾ ਮਾਂ, ਜਿੱਦਾਂ ਤੂੰ ਕਹੇਂਗੀ ਓਦਾਂ ਹੀ ਹੋਊਗਾ, ਵੱਸ ਤੂੰ ਰੱਬ ਤੋਂ ਸਰਬੱਤ ਦਾ ਭਲਾ ਮੰਗਿਆ ਕਰ, ਓਹੀ ਹੋਣਾ ਜੋ ਮਾਲਿਕ ਨੇ ਕਰਨਾ ਹੈ, ਮੈਂ ਤਾਂ ਸਭ ਨੂੰ ਜਿਊਂਦੇ ਦੇਖਣਾ ਚਾਹੁੰਦਾ ਹਾਂ, ਤੈਨੂੰ ਵੀ ਤੇ ਹੋਰਾਂ ਨੂੰ ...... ।"

ਮਨਪ੍ਰੀਤ ਨੇ ਕਿਹਾ ਸੀ ਕਮਰੇ ਵਿੱਚੋਂ ਬਾਹਰ ਜਾਂਦੀ ਮਾਂ ਨੂੰ।

"ਬੂਹਾ ਲਾ ਕੇ ਅੰਦਰੋਂ ਕੁੰਢੀ ਲਾ ਦਿਆਂ ਭਾਜੀ?"

ਹਰਜੀਤ ਪੁੱਛ ਰਿਹਾ ਸੀ।

"ਨਹੀਂ, ਨਹੀ ਰਹਿਣ ਦੇ ਖੁੱਲਾ।"

ਮਨਪ੍ਰੀਤ ਨੇ ਹੌਲ਼ੀ ਜਹੀ ਕਿਹਾ ਸੀ।

"ਜਾਣਾ ਹੈ ਕਿਤੇ ਭਾਜੀ?"

ਹਰਜੀਤ ਨੇ ਆਪਣੇ ਵੱਡੇ ਭਰਾ ਤੋਂ ਪੁੱਛਿਆ ਸੀ।

"ਤੈਂ ਕੀ ਲੈਣਾ ਦੇਣਾ? ਤੈਨੂੰ, ਤੇਰਾ ਦਸਾਂ ਦਾ ਨੋਟ ਮਿਲ ਗਿਆ ਹੈ।"

ਮਨਪ੍ਰੀਤ ਨੇ ਛੋਟੇ ਭਰਾ ਹਰਜੀਤ ਨੂੰ ਕਿਹਾ ਸੀ।

"ਹਾਂ, ਓਹ ਤਾਂ ਮਿਲ ਗਿਆ ਹੈ, ਪਰ..................।"

ਹਰਜੀਤ ਕੁਝ ਕਹਿੰਦਾ ਕਹਿੰਦਾ ਰੁਕ ਗਿਆ ਸੀ।

"ਕਿਉਂ, ਹੋਰ ਲੈਣ ਦੀ ਸਲਾਹ ਹੈ?"

ਮਨਪ੍ਰੀਤ ਨੇ ਗੁੱਸੇ ਜਹੇ ਨਾਲ ਪੁੱਛਿਆ ਸੀ।

"ਹਾਂ, ਜੇ ਮਿਲ ਜਾਵੇ ਤਾਂ ਵਿਗਾੜ ਵੀ ਹੈਨੀ।"

ਹਰਜੀਤ ਨੇ ਹੱਸਦੇ ਹੋਏ ਜ਼ਵਾਬ ਦੇ ਦਿੱਤਾ ਸੀ।

"ਵੱਸ ਫਿਰ ਚੁੱਪ ਕਰਕੇ ਪੜ੍ਹੀ ਜਾ, ਅਤੇ ਮੈਨੂੰ ਸੌਣ ਦੇ।"

ਮਨਪ੍ਰੀਤ ਨੇ ਕਿਹਾ ਸੀ।

"ਭਾਜੀ! ਤੁਸੀਂ ਕਿਤੇ ਨਰਾਜ਼ ਤਾਂ ਨਹੀਂ ਮੇਰੇ ਨਾਲ।"

ਹਰਜੀਤ ਨੂੰ ਦਿਨ-ਬ-ਦਿਨ ਭਾਜੀ ਦੀ ਖ਼ਮੋਸ਼ੀ ਜਿਹੀ ਘੁਟਨ ਵਾਂਗ ਲੱਗਣ ਲੱਗੀ ਸੀ।

"ਨਹੀਂ, ਹਰਗਿਜ਼ ਨਹੀਂ।"

ਮਨਪ੍ਰੀਤ ਨੇ ਕਿਹਾ ਸੀ।

"ਫਿਰ ਮੈਨੂੰ ਕਿਉਂ ਨਹੀਂ ਦੱਸਦਾ?"

ਹਰਜੀਤ ਨੇ ਕੁਝ ਪੁੱਛਣ ਦੀ ਕੋਸ਼ਿਸ਼ ਕੀਤੀ ਸੀ।

"ਤੈਨੂੰ, ਕੀ ਦੱਸਾਂ ਤੈਨੂੰ?"

ਮਨਪ੍ਰੀਤ ਨੇ ਪੁੱਛਿਆ ਸੀ।

"ਓਹੀ, ਜੋ ਮਾਂ ਨੂੰ ਦੱਸਦਾ ਸੀ ਸੱਸੀ ਵਾਲੀ ਗੱਲ।"

ਹਰਜੀਤ ਨੇ ਭੋਲੇਪਨ ਵਿੱਚ ਪੁੱਛਿਆ ਸੀ।

"ਓਹ ਤੇਰਾ ਭਲਾ ਹੋ ਜਾਏ, ਕਾਕਾ ਤੈਨੂੰ ਜਿੱਦਣ ਸੱਸੀ ਵਾਲੀ ਗੱਲ ਪਤਾ ਲੱਗ ਗਈ ਓਦਣ ਹੀ ਕਿਤਾਬਾਂ ਤੋਂ ਮਨ ਚੁੱਕ ਹੋ ਜਾਣਾ ਹੈ, ਤੂੰ ਹਜੇ ਆਪਣਾ ਮਨ ਕਿਤਾਬਾਂ ਵਿੱਚ ਲਾ ਕੇ ਰੱਖ, ਸੱਸੀ ਨੇ ਤੈਨੂੰ ਕੁਝ ਨਹੀਂ ਦੇਣਾ।"

ਮਨਪ੍ਰੀਤ ਆਪਣੇ ਛੋਟੇ ਭਰਾ ਨੂੰ ਸਮਝਾ ਰਿਹਾ ਸੀ।

"ਤੈਨੂੰ ਕੀ ਦਿੰਦੀ ਹੈ?"

ਹਰਜੀਤ, ਡਰਦਾ ਡਰਦਾ ਪੁੱਛ ਗਿਆ ਸੀ ਆਪਣੇ ਵੱਡੇ ਭਰਾ ਤੋਂ।

"ਜਿੱਦਣ ਮਿਲੂਗਾ, ਤੈਨੂੰ ਵੀ ਦਿਸ ਪੈਣਾ ਹੈ, ਪਰ ਤੂੰ ਹੁਣ ਆਪਣੀ ਕਿਤਾਬ ਵੱਲ ਧਿਆਨ ਦੇ, ਤੇਰੇ ਹਿੱਸੇ ਦਾ ਮੈਂ ਆਪੇ ਸੋਚ ਲੈਣਾ ਹੈ ਸੱਸੀ ਵਾਰੇ, ਤੂੰ ਨਾ ਐਵੇਂ ਸੱਸੀ ਦੀਆਂ ਸੋਚਾਂ ਵਿੱਚ ਪਿਆ ਰਹੀਂ।"

ਮਨਪ੍ਰੀਤ, ਆਪਣੇ ਛੋਟੇ ਭਰਾ ਹਰਜੀਤ ਨੂੰ ਕਹਿ ਰਿਹਾ ਸੀ।

"ਓ ਕੇ, ਓ ਕੇ ਭਾਜੀ।"

ਹਰਜੀਤ ਨੇ ਜ਼ਵਾਬ ਵਿੱਚ ਕਿਹਾ ਸੀ।

'ਮੇਰੇ ਦਿਲ ਦੇ ਬਾਗ਼ ਦਾ ਮਾੱਲੀ,
ਓਹ ਯਾਰ ਮੇਰਾ ਰੱਬ ਵਰਗਾ।
ਸਾਰੀ ਦੁਨੀਆਂ ਯਾਰ ਬਿਨ ਖਾੱਲੀ,
ਓਹ ਯਾਰ ਮੇਰਾ ਰੱਬ ਵਰਗਾ।'

ਪੀਰਾਂ ਦੀ ਦਰਗ਼ਾਹ ਤੇ ਵੱਜਦੇ ਲਾਉਡਸਪੀਕਰ ਤੇ ਜੋਗੀ ਹੁਣਾਂ ਦੀ ਲਿਖੀ ਹੋਈ ਕਬਾੱਲੀ ਦੇ ਬੋਲ ਕਿਸੇ ਕਬਾਲ ਦੀ ਅਵਾਜ਼ ਵਿੱਚ ਵਾਤਾਵਰਨ ਦਾ ਮਿਜ਼ਾਜ਼ ਹੀ ਬਦਲ ਰਹੇ ਸਨ, ਹਰ ਪਾਸੇ ਹਨੇਰੇ ਵਿੱਚ ਜਿਵੇਂ ਪੀਰਾਂ ਦੀ ਮਹਿਫ਼ਲ ਮੌਜ਼ੂਦ ਹੋਣ ਲੱਗੀ ਹੋਵੇ, ਮਨਪ੍ਰੀਤ ਪੀਰਾਂ ਦੀ ਦਰਗ਼ਾਹ ਤੇ ਸਜਦਾ ਕਰਨ ਤੋਂ ਉਪਰੰਤ ਹੀ ਓਹ ਇਸ਼ਕ ਦੀ ਨਿਮਾਜ਼ ਅਦਾ ਕਰਨ ਮਸਾਣਾਂ ਦੇ ਰਾਹ ਪੈ ਗਿਆ ਸੀ ਨਹਿਰ ਦੀ ਪਟੜ੍ਹੀ ਪਟੜ੍ਹੀ, ਇਸ਼ਕ ਚੰਦਰੇ ਦਾ ਝਟਕਾ ਸੀ ਸ਼ਾਇਦ, ਜਹਿੜਾ ਓਹ ਮੜ੍ਹੀਆਂ ਵੱਲ ਖਿੱਚਿਆ ਜਾ ਰਿਹਾ ਸੀ ਕਿਸੇ ਬੰਦੀ ਦੀ ਤਰਾਂ, ਠੀਕ ਉਸੇ ਤਰਾਂ ਹੀ ਜਿਵੇਂ ਮੌਤ ਤੋਂ ਬਾਅਦ ਜੀਵ ਆਤਮਾਂ ਨੂੰ ਪਹਿਰੇ ਹੇਠ ਯਮ, ਧਰਮ ਰਾਜ ਕੋਲ ਲਿਜਾਂਦੇ ਨੇ।

*

"ਖ਼ੁਦਾ ਖ਼ੈਰ ਕਰੇ ਧੀਏ, ਮੈਨੂੰ ਲੱਗਦੈ, ਤੂੰ ਮੇਰੇ ਕੋਲੋਂ ਕੁਝ ਛੁਪਾਇਆ ਹੋਇਆ ਏ।"

ਮੁਹੰਮਦ ਨੇ ਨਸ਼ੇ ਦੀ ਮਦਹੋਸ਼ੀ ਜਹੀ ਵਿੱਚ ਆਪਣੀ ਧੀ ਨੂਰਾਂ ਤੋਂ ਪੁੱਛਿਆ ਸੀ।

"ਤੂੰ ਅੱਬੂ ਜਾਨ ਕੀ ਕਰਨ ਲੱਗਿਆਂ ਏਂ ਹੁਣ?"

ਨੂਰਾਂ ਪੁੱਛ ਰਹੀ ਸੀ ਆਪਣੇ ਅੱਬੂ ਤੋਂ

"ਨਮਾਜ਼ ਅਦਾ ਕਰਨ ਲੱਗਾਂ।"

ਅੱਬੂ ਨੇ ਕਿਹਾ ਸੀ।

"ਅੱਬੂ, ਇਹ ਗੁਨਾਹ ਨਾ ਕਰ........., ਜਿਥੇ ਸ਼ਰਾਬ ਓਥੇ ਨਮਾਜ਼ ਨਹੀਂ ਅੱਬੂ ਜਾਨ, ਓਥੇ ਤਬਾਹੀ ਹੁੰਦੀ ਹੈ, ਤੂੰ ਸ਼ਰਾਬ ਨਹੀਂ ਸੀ ਪੀਣੀ ਅੱਬੂ ਜਾਨ, ਤੂੰ ਸ਼ਰਾਬ ਨਹੀਂ ਸੀ ਪੀਣੀ।"

ਨੂਰਾਂ, ਮੰਜ਼ੇ ਤੇ ਪਈ ਖ਼ੇਸੀ ਵਿੱਚ ਆਪਣਾ ਮੂੰਹ ਛੁਪਾਈ ਕਹਿ ਰਹੀ ਸੀ,

ਮੁੰਹਮਦ ਖ਼ਾਨ ਨਮਾਜ਼ ਅਦਾ ਕਰਨ ਤੋਂ ਰੁਕ ਕੇ ਆਪਣੇ ਬਿਸਤਰੇ ਵਿੱਚ ਸਿੱਧਾ ਹੋਣ ਦੀ ਤਿਆਰੀ ਕਰਨ ਲੱਗਿਆ ਸੀ, ਉਸਦੀ ਅੱਖ, ਨਮਾਜ਼ ਅਤੇ ਧੀ ਦਾ ਮੋਹ ਭੁੱਲ ਕੇ ਦਰਵਾਜ਼ੇ ਵੱਲ ਉੱਡਣ ਲੱਗੀ ਸੀ ਪਹਿਲੀ ਮਰਤਬਾ, ਜਿਸ ਚੁਗਾਠ ਵਿੱਚੋਂ ਦੀ ਓਹ ਅਨੋਖ਼ਾ ਜਿਹਾ ਸਰੂਰ ਮਹਿਸੂਸ ਕਰਦਾ ਹੋਇਆ ਲੰਘ ਕੇ ਅੰਦਰ ਆਇਆ ਸੀ, ਸ਼ਾਇਦ ਖ਼ਾਨ ਨੂੰ ਸ਼ਰਾਬ ਦੇ ਤੇਂਦੂਏ ਦੀ ਛੋਹ ਹੋ ਗਈ ਸੀ, ਦਿੱਲ ਨੂੰ ਸਿਕੰਦਰ ਵਰਗਾ ਜ਼ੁਆਈ, ਸੋਹਣਾ ਸੋਹਣਾ ਲੱਗਣ ਲੱਗਿਆ ਸੀ, ਜ਼ਿੰਦਗੀ ਪਿਆਰੀ ਪਿਆਰੀ ਜਾਪਣ ਲੱਗੀ ਸੀ, ਪ੍ਰੰਤੂ, ਪਿਆਰੀ ਧੀ, ਇਸ ਜ਼ਿੰਦਗੀ ਦੇ ਪਹਿਲੇ ਦੌਰ ਤੇ ਹੀ ਖ਼ਫ਼ਾ ਹੋ ਉੱਠੀ ਸੀ।

"ਤੂੰ, ਮੈਨੂੰ ਦੱਸਿਆ ਨਹੀਂ ਤਵੀਜ਼ ਵਾਰੇ?"

ਖ਼ਾਨ ਪੁੱਛ ਰਿਹਾ ਸੀ ਆਪਣੀ ਧੀ ਨੂਰਾਂ ਤੋਂ।

"ਨਿਕਾਹ ਵਾਰੇ ਤਾਂ ਅੱਬੂ ਜਾਨ ਤੂੰ ਵੀ ਨਹੀਂ ਕੁਝ ਦੱਸਿਆ, ਹੋ ਚੁੱਕਾ ਜਾਂ ਹੋਣਾ ਹੈ?"

ਨੂਰਾਂ ਨੇ ਮੁੜ੍ਹ ਕੇ ਪੁੱਛਿਆ ਸੀ ਅੱਬੂ ਤੋਂ।

"ਤੂੰ ਤਵੀਜ਼ ਪਾਣ ਲਈ ਤਿਆਰ ਹੋ ਸਿਕੰਦਰ ਦੇ, ਹੁਣੇ ਅਵਾਜ਼ ਮਾਰਾਂ?"

ਖ਼ਾਨ, ਜ਼ਮੀਰ ਤੋਂ ਗਿਰਨ ਲੱਗਿਆ ਸੀ, ਨਾਲੇ ਸ਼ਰਾਬ ਪੀਣ ਵਾਲਿਆਂ ਦੀਆਂ ਕਿਸੇ ਵੀ ਕਿਸਮ ਦੇ ਨਸ਼ੇ ਕਰਨ ਵਾਲਿਆਂ ਦੀਆਂ ਜ਼ਮੀਰਾਂ ਕਹਿੜਾ ਜੀਂਉਦੀਆਂ ਹਨ, ਮਰ ਜਾਂਦੀਆਂ ਨੇ, ਗਿਰ ਜਾਂਦੀਆਂ ਨੇ ਆਪਣੇ ਆਪ ਤੋਂ;

"ਪਿਆਰੇ ਪਾਠਕੋ! ਕਿਧਰੇ ਤੁਸੀਂ ਵੀ ਨਸ਼ੇ ਦਾ ਇਸਤੇਮਾਲ ਤੇ ਨਹੀਂ ਕਰਦੇ? ਜੇ ਕਰਦੇ ਹੋ ਤਾਂ ਛੱਡ ਦਿਓ ਇਹਨਾ ਇਲਾਮਤਾਂ ਨੂੰ ਇਹ ਸਿਰਫ਼ ਤੇ ਸਿਰਫ਼ ਬਰਬਾਦੀ ਹੀ ਕਰਦੇ ਨੇ"।

"ਅੱਬੂ ਜਾਨ, ਮੈਂ ਇਹ ਤਵੀਜ਼ ਸਿਕੰਦਰ ਦੇ ਗਲ੍ਹ ਪਾ ਦੇਵਾਂ?"

ਨੂਰਾਂ ਨੇ ਪੁੱਛਿਆ ਸੀ।

"ਮਾਲਿਕ ਦਾ ਨਾਂ ਨਹੀਂ ਲਈਦਾ ਹੁੰਦਾ।"

ਮੁਹੰਮਦ ਖ਼ਾਨ ਨੇ ਆਪਣੀ ਧੀ ਨੂੰ ਸਮਝਾਉਂਦੇ ਹੋਏ ਕਿਹਾ ਸੀ।

"ਸਿਕੰਦਰ ਮੇਰਾ ਮਾਲਿਕ ਨਹੀਂ ਹੈ।"

ਨੂਰਾਂ ਨੇ ਇਕ ਟੁੱਕ ਜ਼ਵਾਬ ਦੇ ਦਿੱਤਾ ਸੀ ਆਪਣੇ ਅੱਬੂ ਨੂੰ।

"ਤੇਰਾ ਦਿਮਾਗ਼ ਤੇ ਸਹੀ ਹੈ?"

ਖ਼ਾਨ, ਮੰਜ਼ੇ ਤੋਂ ਉੱਠ ਬੈਠਾ ਸੀ।

"ਮੈਂ, ਅੱਬੂ ਜਾਨ ਸ਼ਰਾਬ ਨਹੀਂ ਪੀਤੀ ਹੋਈ ਤੁਹਾਡੇ ਵਾਂਗੂ।"

ਨੂਰਾਂ ਨੇ ਕਿਹਾ ਸੀ।

"ਹੱਦ ਤੋਂ ਵਧ ਰਹੀ ਏਂ ਤੂੰ ਧੀਏ, ਅਗਰ ਸਿਕੰਦਰ ਤੇਰਾ ਮਾਲਿਕ ਨਹੀਂ ਤਾਂ ਫਿਰ ਕੌਣ ਹੈ?"

ਖ਼ਾਨ, ਗੁੱਸੇ ਵਿੱਚ ਪੁੱਛ ਰਿਹਾ ਸੀ।

"ਮੇਰਾ ਮਾਲਿਕ, ਤੂੰ ਏਂ ਅੱਬੂ ਜਾਨ।"

ਨੂਰਾਂ ਨੇ ਕਿਹਾ ਸੀ।

"ਧੀਏ, ਸਿਕੰਦਰ ਮੈਨੂੰ ਪਸੰਦ ਹੈ।"

ਮੁਹੰਮਦ ਖ਼ਾਨ ਨੇ ਆਪਣੀ ਧੀ ਨੂੰ ਦੱਸਿਆ ਸੀ।

"ਪਰ ਮੈਨੂੰ ਨਹੀਂ ਪਸੰਦ ਓਹੋ।"

ਨੂਰਾਂ ਨੇ ਸਾਫ਼ ਕਹਿ ਦਿੱਤਾ ਸੀ।

"ਓਹਨੇ ਤੇਰੀ ਖ਼ਾਤਰ..............., ਧੀਏ ਐਸ ਯੁੱਗ ਵਿੱਚ ਕੌਣ ਕਿਸੇ ਲਈ ਉਮਰ ਭਰ ਉਡੀਕ ਕਰਦਾ, ਵਿਚਾਰਾ..............., ਜੇ ਅੱਲ੍ਹਾ ਨੇ ਤੇਰੀ ਸੁਣ ਹੀ ਲਈ ਏ ਤਾਂ ਤੂੰ ਝੱਲੀ ਨਾ ਬਣ ਹੁਣ।"

ਅੱਬੂ ਆਪਣੀ ਧੀ ਨੂੰ ਸਮਝਾ ਰਿਹਾ ਸੀ।

"ਮੈਂ ਤੇ ਝੱਲੀ ਹੋ ਚੁੱਕੀ ਹਾਂ ਅੱਬੂ ਜਾਨ, ਜਿਵੇਂ ਤੂੰ ਹੋ ਚੁੱਕਾ ਏਂ।"

ਨੂਰਾਂ, ਦਿੱਲ ਦੀ ਦਿੱਲ ਵਿੱਚ ਹੀ ਛੁਪਾ ਗਈ ਸੀ।

"ਧੀਏ, ਮੈਂ ਤੈਨੂੰ ਰੁਲ੍ਹਦੀ ਨਹੀਂ ਦੇਖ ਸਕਾਂਗਾ, ਹੋਰ ਜੋ ਮਰਜ਼ੀ ਕਰ ਪਰ ਮੇਰੀਆਂ ਅੱਖਾਂ ਸਾਹਮਣੇ ਰਹੀਂ, ਤੂੰ ਮੇਰਾ ਆਖ਼ਰੀ ਨੂਰ ਏਂ।"

ਖ਼ਾਨ ਦੀ ਪੀਤੀ ਹੋਈ ਉਤਰਦੀ ਜਾ ਰਹੀ ਸੀ।

"ਅੱਬੂ ਜਾਨ! ਮੈਂ ਮਰਨਾ ਚਾਹੁੰਦੀ ਹਾਂ, ਮੈਂ ਜੀਣਾ ਨਹੀਂ ਚਾਹੁਦੀ।"

ਨੂਰਾਂ, ਮਾਨਸਿਕ ਤੌਰ ਤੇ ਕਮਜ਼ੋਰ ਹੋਣ ਲੱਗੀ ਸੀ, ਭਾਵੁਕ ਹੋ ਗਈ ਸੀ ਭੱਵਿਖ਼ ਦੀ

ਕਲਪਣਾ ਕਰਕੇ, ਕੋਈ ਕਿਸੇ ਨੂੰ ਕਿਸੇ ਦੀ ਬੁਕਲ੍ਹ ਵਿੱਚੋਂ ਧੂਹ ਰਿਹਾ ਸੀ, ਤੇ ਓਹ ਕੁਰਲਾ ਰਹੀ ਸੀ ਰਜ਼ਾਈ ਵਿੱਚ ਮੂੰਹ ਦੇ ਕੇ ਡਾਰੋਂ ਵਿਛੜੀ ਕੂੰਜ਼ ਵਾਂਗ, ਮੂੰਹ, ਰਜ਼ਾਈ ਚੋਂ' ਬਾਹਰ ਕੱਢਦੀ ਸੀ ਤਾਂ ਅੱਬੂ ਜਾਨ ਦੇ ਸਾਹਾਂ ਵਿੱਚੋਂ ਮੋਹ ਦੀ ਥਾਂ ਸ਼ਰਾਬ ਦੀ ਗੰਧ ਭੈੜੀ ਭੈੜੀ ਲੱਗਦੀ ਸੀ, ਮਨ ਚਿੜਦਾ ਸੀ ਨੂਰਾਂ ਦਾ ਆਪਣੇ ਅੱਬੂ ਜਾਨ ਤੋਂ, ਚੰਗੇ ਭਲੇ ਅੱਬੂ ਜਾਨ ਦਾ ਅੰਦਾਜ਼ ਹੀ ਕੁਝ ਅਲੱਗ ਨਜ਼ਰ ਆ ਰਿਹਾ ਸੀ ਕੁਝ ਪਰਾਇਆ ਪਰਾਇਆ ਜਿਹਾ।

"ਅੱਬੂ ਜਾਨ, ਜ਼ੁਆਨ ਧੀ ਦੇ ਬਾਪ ਨੂੰ ਇਸ ਤਰਾਂ ਬੇਗਾਨਿਆਂ ਨਾਲ ਬੈਠ ਕੇ ਸ਼ਰਾਬ ਨਹੀਂ ਪੀਣੀ ਚਾਹੀਦੀ।"

ਨੂਰਾਂ ਨਾ ਚਾਹੁੰਦੀ ਹੋਈ ਵੀ ਆਪਣੇ ਅੱਬੂ ਨੂੰ ਸ਼ਰਾਬ ਪੀਣ ਤੋਂ ਬਰਜ਼ ਰਹੀ ਸੀ।

"ਸਿਕੰਦਰ ਬੇਗਾਨਾ ਨਹੀਂ ਹੈ।"

ਖ਼ਾਨ ਬਰੂਦ ਵਾਂਗ ਫਟਿਆ ਸੀ ਨੂਰਾਂ ਦੇ ਕਹਿਣ ਤੇ।

"ਤੇ ਓਹ ਮੇਰਾ ਆਪਣਾ ਵੀ ਨਹੀਂ ਹੈ।"

ਨੂਰਾਂ ਨੇ ਕਿਹਾ ਸੀ, ਸ਼ਾਇਦ ਉਹ ਵੀ ਬਗਾਵਤ ਤੇ ਉਤਰ ਆਈ ਸੀ।

"ਮੈਂ, ਸਿਕੰਦਰ ਨੂੰ ਆਪਣਾ ਜ਼ੁਆਈ ਮੰਨ ਬੈਠਾਂ ਹਾਂ।"

ਮੁਹੰਮਦ ਖ਼ਾਨ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

"ਪਰ, ਤੂੰ ਤੇ ਅੱਬੂ ਜਾਨ ਹਾਲੇ ਨਿਕਾਹ ਕਰਾਉਣਾ ਮੇਰਾ।"

ਨੂਰਾਂ ਨੇ ਆਪਣੇ ਅੱਬੂ ਨੂੰ ਉਸ ਦੇ ਕਹੇ ਹੋਏ ਬੋਲ ਜਾਦ ਕਰਵਾਉਂਦੀ ਹੋਈ ਨੇ ਕਿਹਾ ਸੀ।

"ਤੇਰਾ ਨਿਕਾਹ, ਹੋ ਚੁੱਕਾ ਹੈ।"

ਖ਼ਾਨ ਗੁੱਸੇ ਵਿੱਚ ਬੋਲਿਆ ਸੀ।

"ਨਹੀਂ, ਮੇਰਾ ਨਿਕਾਹ? ਮੇਰਾ ਨਿਕਾਹ ਤਾਂ ਹਾਲੇ ਹੋਣਾ ਹੈ।"

ਨੂਰਾਂ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

"ਤੂੰ..............., ਤੂੰ ਮੇਰਾ ਲਹੂ ਪੀਂਵੇਂਗੀ?"

ਖ਼ਾਨ ਰੋਣ ਹਾੱਕਾ ਹੋ ਗਿਆ ਸੀ।

"ਨਹੀਂ, ਉਸੇ ਤਰਾਂ ਹੀ ਹੋਵੇਗਾ ਅੱਬੂ ਜਾਨ, ਜਿਵੇਂ ਤੂੰ ਕਿਹਾ ਸੀ ਤੇ ਜਿਵੇਂ ਤੂੰ ਕਹੇਂਗਾ, ਪਰ, ਸ਼ਰਾਬ ਨੂੰ ਮੁੜਕੇ ਹੱਥ ਨਾ ਲਾਵੀਂ।"

ਨੂਰਾਂ ਕਹਿ ਰਹੀ ਸੀ, ਉਸ ਦੀ ਅਵਾਜ਼ ਵਿੱਚ ਜਿਵੇਂ ਸ਼ਿਸ਼ਰਿਤ ਹੋਵੇ ਬੇਬਸੀ ਦੀ।

"ਤੇ ਤੂੰ ਧੀਏ, ਸਿਕੰਦਰ ਨੂੰ ਕਬੂਲ ਕਰ, ਮੇਰੀਆਂ ਅੱਖਾਂ ਮੂਹਰੇ ਹੱਸਦੀ ਖੇਡਦੀ ਰਹਿ, ਮੇਰੀ ਵੀ ਬੰਦਗੀ ਹੋ ਜਾਵੇ।"

ਖ਼ਾਨ ਨੇ ਤਰਲਾ ਕੀਤਾ ਸੀ ਆਪਣੀ ਧੀ ਦਾ।

"ਹਾਂ, ਅੱਬੂ ਜਾਨ, ਇੰਜ਼ ਹੀ ਹੋਵੇਗਾ, ਪਰ, ਤੂੰ ਸ਼ਰਾਬ ਪੀ ਕੇ ਬੰਦਗੀ ਕਰ ਨਹੀਂ ਸਕੇਂਗਾ, ਇਹ ਕੰਮ ਨਾ ਕਰੀਂ ਅੱਬੂ ਜਾਨ, ਪਤਾ ਨਹੀਂ ਕਿਉਂ, ਮੈਨੂੰ ਇਸ ਦੀ ਵਾਸ਼ਨਾ ਨਾਲ ਨਫ਼ਰਤ ਹੁੰਦੀ ਹੈ।"

ਨੂਰਾਂ, ਆਪਣੇ ਬਾਬੁਲ ਨੂੰ ਕੁਝ ਕਹੀ ਜਾ ਰਹੀ ਸੀ, ਪਰ ਬਾਬੁਲ ਤਾਂ ਜਿਵੇਂ ਸੁਣ ਹੀ ਨਾ ਰਿਹਾ ਹੋਵੇ, ਉਸ ਦੇ ਕੰਨੀ ਤਾਂ ਵੈਲੀ ਚਾਚੇ ਦੀ ਅਵਾਜ਼ ਪੈ ਰਹੀ ਸੀ ਕਿ ਜਿੰਨੀ ਦੇਰ ਤੱਕ ਮੁੱਕਦੀ ਨਹੀਂ, ਸੌਣਾ ਨਹੀਂ ਪੁੱਤਰਾ ਭਾਵੇਂ ਤੜ੍ਹਕਾ ਹੋ ਜਾਵੇ, ਭਾਗਾਂ ਵਾਲੀ ਰਾਤ ਰੋਜ਼ ਰੋਜ਼ ਨਹੀਂ ਆਉਣੀ......, ਖ਼ਾਨ ਸਦਕਾ ਮੈਂ ਵੀ ਬੁੱਡਾ ਠੇਰਾ, ਨੋਹਾਂ ਪੁੱਤਾਂ ਵਾਲਾ ਹੋ ਗਿਆ, ਜੁਆਕਾਂ ਨਾਲ ਕਲੋਲ ਕੀਤਿਆਂ ਮੁੱਦਤਾਂ ਹੀ ਹੋ ਗਈਆਂ, ਵਾਹ ਓਹ ਸਾਈਆਂ ਤੈਨੂੰ ਵੀ ਵਧਾਈਆਂ, ਖ਼ਾਨ ਦੀ ਨਜ਼ਰ ਧੀ ਵੱਲ ਉੱਠੀ ਸੀ ਤੇ ਫਿਰ ਜਿਵੇਂ ਨਿਸਚਿੰਤ ਹੋ ਕੇ ਦਰਵਾਜ਼ੇ ਵੱਲ ਚਲੀ ਜਾ ਰਹੀ ਹੋਵੇ ਉਸ ਦਾ ਵਜੂਦ ਨੱਪੀ, ਖ਼ਾਨ ਨੇ ਮਲਕੜ੍ਹੇ ਜਿਹੇ ਮਸਜ਼ਿਦ ਦਾ ਬੂਹਾ ਖੋਲਿਆ ਸੀ ਤੇ ਮਹਿਕਦੇ ਦੇ ਬੂਹੇ ਨੂੰ ਹੱਥ ਪਾ ਲਿਆ ਸੀ ਬਾਹਰ ਜਾਣ ਲਈ।

*

"ਆਜਾ, ਆਜਾ ਕੁੜਮਾ, ਪਾ ਪੁੱਤਰਾ ਚਾਰ ਹੋਰ ਸੋਟੀਆਂ ਭੰਨ ਕੇ ਅੱਗ ਉੱਤੇ, ਜ਼ਰਾ ਸੇਕ ਤਾਂ ਲੱਗੇ।"

ਵੈਲੀ ਚਾਚਾ ਬੁਝਦੀ ਅੱਗ ਵੱਲ ਇਸ਼ਾਰਾ ਕਰਕੇ ਸਿਕੰਦਰ ਨੂੰ ਕਹਿ ਰਿਹਾ ਸੀ।

"ਠੰਡ ਲੱਗਦੀ ਏ ਤਾਂ ਪਾਵਾਂ ਘੁੱਟ?"

ਗਿਲਾਸ ਵਿੱਚ ਸ਼ਰਾਬ ਪਾਉਂਦਾ ਹੋਇਆ ਵੈਲੀ ਚਾਚਾ ਪੁੱਛ ਰਿਹਾ ਸੀ ਖ਼ਾਨ ਨੂੰ, ਤੁਰਲੀ ਵਾਲੀ ਮਾਂਡੀ ਦਿੱਤੀ ਪੱਗ ਤੇ ਕਲਗੀ ਘੁੰਮ ਰਹੀ ਸੀ, ਅੱਡੀ ਨੱਚ ਰਹੀ ਸੀ ਬੈਠੇ ਬੈਠੇ ਅਮਲੀ ਚਾਚੇ ਦੀ।

"ਪਾ ਦੇ ਪਾ ਦੇ ਚਾਚਾ, ਸੌਹਰਾ ਵੀ ਤਾਂ ਦੂਜਾ ਪਿਓ ਹੁੰਦਾ।"

ਸਿਕੰਦਰ ਕੰਡਿਆਂ ਤੋਂ ਬਚਦਾ ਬਚਦਾ ਬਾਲਣ ਭੰਨਦਾ ਹੋਇਆ ਕਹਿ ਰਿਹਾ ਸੀ ਪਰ ਕੰਡੇ ਫਿਰ ਵੀ ਅਨਜਾਣੇ ਵਿੱਚ ਚੁੱਭ ਹੀ ਜਾਂਦੇ ਸਨ।

"ਪਿਛਲੇ ਕਰਮਾਂ ਦਾ ਤੇਰਾ ਲੇਖਾ ਜੋਖਾ ਹੈ ਪੁੱਤਰਾ, ਜਿਹੜੇ ਤੈਨੂੰ ਦੋ ਦੋ ਪਿਓ ਮਿਲ ਗਏ ਹਨ, ਬਾਹਰਲੇ ਮੁਲਕਾਂ ਵਿੱਚ ਤਾਂ ਕਹਿੰਦੇ ਨੇ ਨਿਆਣਿਆਂ ਨੂੰ ਆਪਣੇ ਪਿਓ ਦਾ ਹੀ ਪਤਾ ਨਹੀਂ ਹੁੰਦਾ।"

ਵੈਲੀ ਚਾਚਾ ਖ਼ਚਰਾ ਜਿਹਾ ਹਾਸਾ ਹੱਸਦਾ ਹੋਇਆ ਸਾਕੀ ਬਣ ਗਿਆ ਸੀ ਮੁਹੰਮਦ

ਖ਼ਾਨ ਦਾ, ਸਿਕੰਦਰ ਨੇ ਅੱਗ ਉੱਤੇ ਹੋਰ ਬਾਲਣ ਪਾ ਦਿੱਤਾ ਸੀ ਅਤੇ ਅੱਗ ਦੇ ਭਾਂਬੜ ਮਚ ਉੱਠੇ ਸਨ, ਮਹਿਕਦੇ ਵਿੱਚ ਹਿਲ ਜੁਲ ਕੀਤੀ ਸੀ ਅੱਗ ਦੀ ਗਰਮਾਇਸ਼ ਨੇ।

"ਵੇਖੀਂ, ਕਿਤੇ ਅੱਗ ਹੀ ਨਾ ਲਾ ਦੇਵੀਂ ਛੱਪਰ ਨੂੰ?"

ਵੈਲੀ ਚਾਚਾ ਆਪਣਾ ਆਸਣ ਅੱਗ ਤੋਂ ਪਿੱਛੇ ਖਿੱਚਦਾ ਹੋਇਆ ਸਿਕੰਦਰ ਨੂੰ ਕਹਿ ਰਿਹਾ ਸੀ, ਖ਼ਾਨ ਚੁੱਪ ਸੀ, ਨੂਰਾਂ ਦੀਆਂ ਗੱਲਾਂ ਨੂੰ ਸ਼ਰਾਬ ਢਕਦੀ ਜਾ ਰਹੀ ਸੀ, ਕਸ਼ਮਕਸ਼ ਸ਼ਾਂਤ ਹੋਣ ਲੱਗੀ ਸੀ ਖ਼ਾਨ ਦੇ ਮਨ ਦੀ।

"ਤੈਨੂੰ ਚਾਚਾ ਪੰਜਾਹ ਵਾਰੀ ਕਿਹਾ ਕਿ ਬਦ ਦੁਆਵਾਂ ਨਾ ਦਿਆ ਕਰ।"

ਸਿਕੰਦਰ ਖਿਝ ਕੇ ਪਿਆ ਸੀ ਚਾਚੇ ਵੈਲੀ ਨੂੰ।

"ਐਵੇਂ ਵਹਿਮਾਂ ਵਿੱਚ ਨਹੀਂ ਪਈਦਾ ਹੁੰਦਾ, ਓਹ ਤਾਂ ਜੋ ਉਪਰ ਵਾਲੇ ਲਿਖ ਦਿੱਤਾ ਓਹੀ ਹੋਣਾ ਹੈ, ਜੇ ਏਥੇ ਜਲ੍ਹ ਕੇ ਹੀ ਮਰਨਾ ਲਿਖਿਆ ਹੋਊ ਤਾਂ, ਜਲ੍ਹ ਕੇ ਮਰਨਾ ਪਊ, ਪਰ ਜੇ ਹੁਣ ਆਪਾਂ, ਆਪੇ ਹੀ ਅੱਗ ਲਾ ਲਈਏ ਤਾਂ ਰੱਬ ਦਾ ਕੀ ਕਸੂਰ?"

ਵੈਲੀ ਚਾਚਾ ਪ੍ਰਚਾਰਕ ਬਣਿਆ ਕਹਿ ਰਿਹਾ ਸੀ।

"ਵੈਲੀ ਠੀਕ ਹੀ ਕਹਿੰਦਾ ਹੈ ਗੁੱਜ਼ਰੋ! ਜੇ ਹੁਣ ਆਪਾਂ ਆਪੇ ਅੱਗ ਲਾ ਲਈਏ ਤਾਂ ਰੱਬ ਦਾ ਕੀ ਕਸੂਰ?"

ਜੱਗੀ ਨੇ ਗੁੱਜ਼ਰਾਂ ਵੱਲ ਆਉਂਦੇ ਹੋਏ ਨੇ ਕਿਹਾ ਸੀ।

"ਓਏ, ਤੂੰ ਕਹਿੜਾਂ ਐਸ ਵੇਲੇ?"

ਵੈਲੀ ਚਾਚੇ ਦੀ ਨਜ਼ਰ, ਖੁੱਲੇ ਦਰਵਾਜ਼ੇ ਵੱਲ ਉੱਠੀ ਸੀ, ਤੇ ਸਾਹਮਣੇ ਜੱਗੀ ਖੜ੍ਹਾ ਸੀ ਖ਼ੇਸ ਦੀ ਬੁੱਕਲ੍ਹ ਮਾਰੀ, ਅੱਖ ਗਹਿਰੀ ਦੇਖ ਵੈਲੀ ਚਾਚੇ ਦੀ ਖ਼ੁਸ਼ੀ ਦੇ ਰੰਗ ਵਿੱਚ ਭੰਗ ਪੈ ਗਈ ਸੀ, ਜੱਗੀ ਨੇ ਇਕ ਬਾਰ, ਨਾਈਆਂ ਦੇ ਵਿਆਹ ਵਿੱਚ ਦਾਰੂ ਪੀ ਕੇ ਵੈਲੀ ਦੇ ਕੁੱਬ ਉੱਤੇ ਲੱਤ ਮਾਰ ਦਿੱਤੀ ਸੀ ਚਾਮਲ੍ਹੇ ਹੋਏ ਨੇ, ਤੇ ਕੁੱਬ, ਨਿਕਲਦਾ ਨਿਕਲਦਾ ਮਸਾਂ ਹੀ ਬਚਿਆ ਸੀ, ਜੱਗੀ ਨੂੰ ਵੇਖ ਕੇ ਵੈਲੀ ਨੂੰ ਪੁਰਾਣੀ ਘਟਨਾ ਯਾਦ ਆ ਗਈ ਸੀ, ਸ਼ਰਾਬ ਪੀ ਕੇ ਚਾਮਲ੍ਹਨਾ ਜੱਗੀ ਦੀ ਫ਼ਿਤਰਿਤ ਸੀ ਅਤੇ ਵੈਲੀ, ਉਸ ਦੀ ਫ਼ਿਤਰਿਤ ਤੋਂ ਬਚਣਾ ਚਾਹੁੰਦਾ ਸੀ।

"ਇਕ ਡੰਗ ਮਖਣੀ ਖ਼ਾਹ ਕੇ ਮੈਨੂੰ ਵੀ ਭੁੱਲ ਗਿਆਂ ਏਂ ਵੈਲੀਆ, ਜਾਣਾ ਨਹੀਂ ਪਿੰਡ ਨੂੰ?"

ਜੱਗੀ ਪੁੱਛ ਰਿਹਾ ਸੀ ਵੈਲੀ ਤੋਂ, ਤੇ ਗੁੱਜ਼ਰ, ਜਾਣੇ ਪਹਿਚਾਣੇ ਚੇਹਰੇ ਵੱਲ ਤੱਕ ਰਹੇ ਸਨ।

"ਤੂੰ, ਤੂੰ ਕਿੱਥੋਂ ਆਇਆਂ ਐਸ ਵੇਲੇ?"

ਵੈਲੀ ਪੁੱਛ ਰਿਹਾ ਸੀ।

"ਤੈਨੂੰ ਪਤਾ ਹੀ ਹੈ ਚਾਚਾ ਫ਼ੱਕਰਾਂ ਦੇ ਅੱਡਿਆਂ ਦਾ, ਜ਼ੈਲਦਾਰ ਦਾ ਬੜਾ ਮੁੰਡਾ ਬੋਤਲ ਲਿਆਇਆ ਸੀ ਅੰਗਰੇਜ਼ੀ ਦੀ, ਨਾ, ਤੁਸੀਂ ਕਹਿੜੀ ਪੀਂਦੇ ਹੋ?"

ਜੱਗੀ, ਅੰਦਰ ਲੰਘ ਆਇਆ ਸੀ ਤੇ ਬੂਹਾ ਭੇੜ੍ਹ ਕੇ ਪੁੱਛਦਾ ਪੁੱਛਦਾ ਅੱਗ ਕੋਲ ਜਾ ਬੈਠਾ ਸੀ।

"ਨਾ..., ਤੂੰ ਹੋਰ ਪੀਣੀ ਹੈ ਜਾਂ...........?"

ਵੈਲੀ ਨੇ ਜੱਗੀ ਨੂੰ ਪੁੱਛਿਆ ਸੀ।

"ਜੇ ਹੈਗੀ ਤਾਂ ਪਾ ਦੇ, ਮੈਂ ਓਦਣ ਦਾ ਭੂਤਰਨਾ ਛੱਡ ਦਿੱਤਾ ਚਾਚਾ, ਜਿਦਣ ਦਾ ਮੈਨੂੰ ਪਤਾ ਲੱਗਾ ਹੈ ਕਿ ਤੂੰ ਪਿੰਡ ਦੇ ਸਕੇ ਪੁੱਤ ਛੱਡ ਕੇ ਬਾਹਰਲਿਆਂ ਨੂੰ ਪੁੱਤ ਬਨਾਣ ਲੱਗ ਪਿਆ ਏਂ।"

ਜੱਗੀ, ਸੰਭਲਦਾ ਹੋਇਆ ਵੈਲੀ ਦੇ ਗੋਡੇ ਮੁੱਢ ਬੈਠ ਗਿਆ ਸੀ, ਚਾਚੇ ਦਾ ਮੋਹ ਸੀ ਜਾਂ ਚਾਚੇ ਦੇ ਹੱਥ ਵਿੱਚ ਫੜ੍ਹੀ ਬੋਤਲ ਦੀ ਕਸ਼ਿਸ਼, ਜਿਸਨੇ ਜੱਗੀ ਨੂੰ ਮੇਮਣਾ ਜਿਹਾ ਬਣਾ ਦਿੱਤਾ ਸੀ।

"ਮੈਨੂੰ ਪਤਾ ਸੀ, ਤੂੰ ਇਕ ਨਾ ਇਕ ਦਿਨ ਜਰੂਰ ਮੇਰਾ ਦੂਜਾ ਪੁੱਤ ਬਣੇਂਗਾ।"

ਵੈਲੀ ਨੇ ਕਿਹਾ ਸੀ।

"ਅੱਜ ਤੋਂ ਬਣ ਗਿਆ ਸਮਝ, ਜੇ ਤੂੰ ਮੇਰਾ ਇਕ ਕੰਮ ਕਰ ਦੇਵੇਂ।"

ਜੱਗੀ ਨੇ ਜ਼ਾਮ ਪਕੜ ਲਿਆ ਸੀ ਵੈਲੀ ਦੇ ਹੱਥੋਂ।

"ਦੱਸ, ਕੀ ਕੰਮ ਹੈ?"

ਵੈਲੀ ਚਾਚੇ ਨੇ ਜੱਗੀ ਦੇ ਮੂੰਹ ਕੋਲ ਆਪਣਾ ਮੂੰਹ ਕਰਦੇ ਹੋਏ ਨੇ ਪੁੱਛਿਆ ਸੀ।

"ਕੰਨ ਕਰ ਉਰੇ।"

ਵੈਲੀ ਦੇ ਕੰਨ ਵਿੱਚ ਕਿਹਾ ਸੀ ਕੁਝ ਜੱਗੀ ਨੇ।

"ਓਏ ਓਹੋ? ਪਿੰਡ ਨੂੰ ਰਾਹੇ ਜਾਂਦਾ ਦੱਸੂੰਗਾ।"

ਵੈਲੀ, ਪੂਰਾ ਛਟਿਆ ਹੋਇਆ ਬੰਦਾ ਸੀ, ਓਹ ਜੱਗੀ ਦੇ ਸਵਾਲ ਦਾ ਜ਼ਵਾਬ ਠੀਕ ਤਰਾਂ ਨਹੀਂ ਸੀ ਦੇ ਰਿਹਾ, ਸਗੋਂ ਟਾਲ ਰਿਹਾ ਸੀ।

"ਸਾਨੂੰ ਵੀ ਦੱਸੋ ਕੁਝ, ਕੰਨਾਂ ਵਿੱਚ ਈ ਗੱਲਾਂ ਕਰੀ ਜਾਨੈ ਬੰਦਿਆ?"

ਸਿਕੰਦਰ ਨੇ ਅੱਕ ਕੇ ਕਿਹਾ ਸੀ।

"ਕੋਈ ਆਪਣੀ ਘਰੇਲੂ ਗੱਲ ਸੀ ਪਿਓ ਪੁੱਤ ਦੀ।"

ਜੱਗੀ ਨੇ ਸਿਕੰਦਰ ਵੱਲ ਨੂੰ ਮੁਖ਼ਾਤਬ ਹੋ ਕੇ ਮਿੰਨਾ ਜਿਹਾ ਹਾੱਸਾ ਹੱਸਦੇ ਹੋਏ ਕਿਹਾ ਸੀ, ਅਤੇ ਜ਼ਾਮ-ਏ-ਦੌਰ ਉਸੀ ਤਰਾਂ ਸ਼ੁਰੂ ਸੀ।

"ਚੱਲੀਏ ਚਾਚਾ?"

ਜੱਗੀ ਨੇ ਬੋਤਲ ਖਾੱਲੀ ਹੋਈ ਦੇਖ ਕੇ ਕਿਹਾ ਸੀ।

"ਬਹਿ ਜਾ ਯਾਰ, ਪੀਣੀ ਹੈ ਤਾਂ ਬੋਤਲਾਂ ਬੜੀਆਂ।"

ਸਿਕੰਦਰ ਕਹਿ ਰਿਹਾ ਸੀ।

"ਮਸੀਂ ਸਬੱਬੀਂ ਚਾਰ ਰੂਹਾਂ ਜੁੜੀਆਂ, ਉੱਤੋਂ ਸਗਨਾਂ ਵਾਲੀ ਰਾਤ, ਕਿਉਂ ਖ਼ਾਨ ਮੌਲਾਂ......ਹੈ ਕੇ ਨਹੀਂ? ਘੜੀ ਬੈਠੋ, ਗੱਲਾਂ ਬਾੱਤਾਂ ਕਰੋ, ਸਾਡੇ ਭਾਣੇ ਆਪੇ ਵਿਆਹ ਹੋ ਗਿਆ।"

ਵੈਲੀ ਚਾਚਾ ਬੋਤਲ ਚੁੱਕ ਉੱਠਿਆ ਸੀ।

"ਕਿਹਦਾ ਵਿਆਹ ਹੋ ਗਿਆ?"

ਜੱਗੀ ਪੁੱਛ ਰਿਹਾ ਸੀ।

"ਮੇਰੇ ਪੁੱਤ ਦਾ, ਆਪਣੇ ਖ਼ਾਨ ਮੀਆਂ ਦੀ ਧੀ ਨਾਲ।"

ਵੈਲੀ ਚਾਚੇ ਦੇ ਇਕ ਹੱਥ ਬੋਤਲ ਤੇ ਦੂਜਾ ਹੱਥ ਖ਼ਾਨ ਦੇ ਮੋਢਿਆਂ ਉੱਤੇ ਰੱਖ ਕੇ ਬੈਠਦੇ ਹੋਏ ਨੇ ਕਿਹਾ ਸੀ।

"ਕਿੰਨੀਆਂ ਕੁੜੀਆਂ ਨੇ ਖ਼ਾਨ ਮੀਆਂ ਦੀਆਂ?"

ਚਾਚੇ ਵੱਲ ਨੂੰ ਮੂੰਹ ਕਰਕੇ ਪੁੱਛ ਰਿਹਾ ਸੀ ਜੱਗੀ।

"ਤੈਂ ਕੀ ਲੈਣਾ ਦੇਣਾ ਘਰੇਲੂ ਗੱਲਾਂ ਤੋਂ? ਤੂੰ ਪੈਗ ਮਾਰ ਤੇ ਖ਼ੁਸ਼ੀ ਮਨਾ ਵਿਆਹ ਦੀ।"

ਕਹਿੰਦੇ ਕਹਿੰਦੇ ਵੈਲੀ ਨੇ ਬੋਤਲ ਦਾ ਡੱਟ ਪੁੱਟ ਦਿੱਤਾ ਸੀ।

"ਖ਼ੁਸ਼ੀ ਏਹਨੇ ਸੁਆਹ ਮਨਾਉਣੀ ਏਂ, ਇਹ ਤਾਂ ਹੋਰ ਹੀ ਪੰਗੇ ਵਿੱਚ ਪਿਆ ਲੱਗਦਾ ਮੈਨੂੰ ਤਾਂ।"

ਸਿਕੰਦਰ ਨੇ ਕਿਹਾ ਸੀ।

"ਖ਼ਾਨ ਦੇ ਇਕੋ ਹੀ ਕੁੜੀ ਹੈ, ਜਿਸ ਦਾ ਬਚਪਨ ਵਿੱਚ ਹੀ ਸਿਕੰਦਰ ਨਾਲ ਨਿਕਾਹ ਹੋ ਚੁੱਕਾ ਹੈ, ਹੁਣ ਤਾਂ ਵੱਸ ਮੁਕਲਾਵਾ ਹੋਣਾ ਬਾਕੀ ਹੈ, ਹੁਣ ਸਮਝ ਗਿਆ ਏਂ ਕੇ ਨਹੀਂ? ਹੁਣ ਤਾਂ ਅੱਧੀ ਬੋਤਲ ਤੇਰੇ ਅੰਦਰ ਵੀ ਏਸੇ ਖ਼ੁਸ਼ੀ ਵਿੱਚ ਜਾ ਚੁੱਕੀ ਹੈ, ਪਰ, ਤੂੰ ਖ਼ੁਸ਼ ਜਿਹਾ ਫੇਰ ਵੀ ਨਹੀਂ ਲੱਗਦਾ, ਕੀ ਗੱਲ ਹੈ?"

ਵੈਲੀ ਚਾਚਾ ਜੱਗੀ ਨੂੰ ਗੱਲੀਂ ਬਾੱਤੀ ਹੋਰ ਅੱਗ ਲਾ ਰਿਹਾ ਸੀ ਜਾਣੇ ਅਣਜਾਣੇ ਵਿੱਚ।

ਜੱਗੀ ਪੱਥਰ ਦੀ ਮੂਰਤ ਬਣਿਆ ਇਕ ਟੱਕ ਸਿਕੰਦਰ ਵੱਲ ਵੱਢ ਖ਼ਾਹ ਜਾਣ ਵਾਲੀਆਂ ਨਜ਼ਰਾਂ ਨਾਲ ਤੱਕ ਰਿਹਾ ਸੀ, ਸਾਹਮਣੇ ਕੰਧ ਨਾਲ ਢਾਸਣਾ ਲਾਈ ਬੈਠਾ ਸਿਕੰਦਰ, ਵੈਰੀ

ਲੱਗ ਰਿਹਾ ਸੀ ਵਿਆਂਦੜ੍ਹ ਨਹੀਂ, ਪਰ ਜੱਗੀ ਤਾਂ ਜਿਵੇਂ ਬੇਬੱਸ ਹੀ ਹੋ ਗਿਆ ਜਾਪਦਾ ਸੀ, ਕੰਨ ਵੱਜ ਰਹੇ ਸਨ ਓਹਦੇ, ਖ਼ਿਆਲਾਂ ਵਿੱਚ ਗੁਜ਼ਰੀ ਦਾ ਪ੍ਰਛਾਵਾਂ ਤੇ ਮਨਪ੍ਰੀਤ ਦਾ ਚੇਹਰਾ ਸੀ।

"ਮਨਾ, ਸਬਰ ਕਰ, ਭੁਤਰਨਾ ਨਹੀਂ, ਓਹਦੇ ਘਰ ਦੇਰ ਹੈ ਅੰਧੇਰ ਨਹੀਂ, ਮਿਲੂਗਾ ਸਾਰਾ ਕੁਝ ਹੀ........., ਪਰ ਪਹਿਲੋਂ ਕੰਡੇ ਕੱਢਣੇ ਪੈਣਗੇ"

ਜੱਗੀ ਦਾ ਦਿਮਾਗ਼ ਤਾਜ਼ੇ ਹਾਲਾਤ ਤੇ ਵਿਚਾਰ ਕਰ ਰਿਹਾ ਸੀ।

"ਕਿੱਦਾਂ ਘਸੁੰਨ ਬੱਟਾ ਜਿਹਾ ਬਣੀ ਬੈਠਾਂ? ਹੱਥ ਮਿਲਾ ਵਿਆਂਦੜ ਨਾਲ, ਵਧਾਈ ਦੇ ਮੁਕਲਾਵੇ ਦੀ, ਦਾਰੂ ਤਾਂ ਓਹਦੀ ਡੱਫੀ ਜਾਨੈ, ਦਾਰੂ ਦਾ ਮੁੱਲ ਵੀ ਮੋੜ, ਮੁਬਾਰਕਾਂ ਦੇ ਕੇ।"

ਵੈਲੀ ਚਾਚੇ ਨੇ ਜੱਗੀ ਨੂੰ ਕਹਿੰਦੇ ਕਹਿੰਦੇ ਆਪਣੇ ਹੱਥ ਵਿੱਚ ਫ਼ੜਿਆ ਹੋਇਆ ਜ਼ਾਮ ਦਾ ਗਿਲਾਸ ਮੁਹੰਮਦ ਖ਼ਾਨ ਵੱਲ ਵਧਾ ਦਿੱਤਾ ਸੀ, ਅਤੇ ਖ਼ਾਨ ਨੇ ਬਿਨਾ ਨਾਹ ਨੁੱਕਰ ਕੀਤੇ ਪਕੜ ਲਿਆ ਸੀ, ਅਤੇ ਨੂਰਾਂ ਅੰਦਰ ਬੈਠੀ ਦੀ ਨਜ਼ਰ ਦਰਵਾਜ਼ੇ ਦੇ ਵੇਹਲ ਵਿੱਚੋਂ ਲੰਘ ਓਹਨਾ ਨੂੰ ਤੱਕ ਰਹੀ ਸੀ, ਅਕਾਸ਼ ਤੇ ਚੰਦਰਮਾ ਸੀ ਨਾ ਚਾਂਦਨੀ, ਗਹਿਰਾ ਹਨੇਰਾ ਤੇ ਡੂੰਗੀ ਖ਼ਾਮੋਸ਼ੀ ਵਾਂਗ ਹੀ ਰੋਹੀ ਚੁੱਪ ਸੀ।

*

ਮਨਪ੍ਰੀਤ, ਮਸਾਣਾ ਦੀ ਹੱਧ ਤੇ ਖੜ੍ਹਾ ਮਜ਼ਾਰਾਂ ਵਿੱਚ ਮਚਦੀ ਅੱਗ ਵੱਲ ਤੱਕ ਰਿਹਾ ਸੀ ਅਚੰਭੇ ਵਿੱਚ ਪਿਆ ਹੋਇਆ, ਧੂਣੇ ਕੋਲ ਕੋਈ ਫ਼ੱਕਰ ਅੰਤਰ ਧਿਆਨ ਹੋਇਆ ਬੈਠਾ ਸੀ ਭਗਤੀ ਵਿੱਚ ਲੀਨ, ਮਨਪ੍ਰੀਤ, ਪੋਲੇ ਪੋਲੇ ਪੈਰੀਂ ਧੂਣੇ ਦੇ ਕੋਲ ਪਹੁੰਚ ਗਿਆ ਸੀ।

"ਜੈ ਹੋ ਸੰਤਾਂ ਦੀ!"

ਮਨਪ੍ਰੀਤ ਨੇ ਝੁਕ ਕੇ ਫ਼ੱਕਰ ਨੂੰ ਸਜਦਾ ਕੀਤਾ ਸੀ।

"ਤਥਾ ਅਸਤੂ"

ਫ਼ੱਕਰ ਨੇ ਅਸੀਸ ਦਿੱਤੀ ਸੀ ਤੇ ਅੱਖਾਂ ਖੋਲ ਭਗਤ ਦਾ ਚੇਹਰਾ ਤੱਕ ਰਿਹਾ ਸੀ, ਅਤੇ ਮਨਪ੍ਰੀਤ ਧੂਣੇ ਕੋਲ ਬੈਠਾ, ਸਾਧੂ ਨੂੰ ਅਤੇ ਸਾਧੂ ਦੇ ਕਰੀਬ ਪਏ ਕਮੰਡਲ, ਬ਼ਗ਼ਲੀ ਆਦਿ ਨੂੰ ਵੇਖ ਰਿਹਾ ਸੀ, ਓਹ ਹੈਰਾਨ ਵੀ ਸੀ ਫ਼ੱਕਰ ਤੇ।

"ਕਿਵੇਂ ਆਉਣੇ ਹੋਏ ਭਗਤਾ?"

ਫ਼ੱਕਰ ਨੇ ਪੁੱਛਿਆ ਸੀ।

"ਏਹੋ ਤਾਂ, ਮੈਂ ਆਪ ਜੀ ਨੂੰ ਪੁੱਛਣਾ ਚਾਹੁੰਦਾ ਹਾਂ।"

ਮਨਪ੍ਰੀਤ ਨੇ ਕਿਹਾ ਸੀ।

"ਮੇਰੇ ਵਿੱਚ, ਮੇਰਾ ਕੁਝ ਨਹੀਂ, ਇਹ ਤਨ, ਮਨ ਸਭ ਕੁਝ ਸਤਿਗੁਰ ਦਾ ਹੈ, ਪਰ ਤੂੰ ਦੱਸ, ਤੂੰ ਕਿਵੇਂ ਜਿਊਂਦੇ ਜੀਅ ਕਬਰਾਂ ਵਿੱਚ ਭਟਕਦਾ ਫਿਰਦਾ ਏਂ?"

ਫ਼ੱਕਰ ਨੇ ਪੁੱਛਿਆ ਸੀ।

"ਮੇਰੇ ਵਿੱਚ ਵੀ, ਮੇਰਾ ਕੁਝ ਨਹੀਂ, ਤਨ, ਮਨ ਸਭ ਕੁਝ ਮਾਲਿਕ ਦੇ ਹੀ ਇਸ਼ਕ ਦਾ ਹੈ।"

ਮਨਪ੍ਰੀਤ ਨੇ ਜ਼ਵਾਬ ਦਿੱਤਾ ਸੀ।

"ਤਾਂ ਤਾਂ ਤੂੰ, ਤੂੰ ਆਸ਼ਿਕ ਏਂ?"

ਫ਼ੱਕਰ ਨੇ ਪੁੱਛਿਆ ਸੀ।

"ਹਾਂ ਬਾਬਾ ਜੀ! ਇਹ ਮੇਰਾ ਮਾਲਿਕ ਹੈ , ਤੇ ਮੈਂ ਇਹ ਦੀ ਮਹਿਬੂਬਾ ਹਾਂ।"

ਨੂਰਾਂ ਨੇ, ਫ਼ੱਕਰ ਨੂੰ ਸਜਦਾ ਕਰਦੀ ਹੋਈ ਨੇ ਕਿਹਾ ਸੀ, ਫ਼ੱਕਰ ਦੀ ਮੌਜ਼ੂਦਗੀ ਉਸ ਨੂੰ ਅਜ਼ੀਬ ਨਹੀਂ ਸੀ ਲੱਗੀ, ਸਗੋਂ...............।

"ਸਦਾ ਸੱਚ ਰਹੇਂ ਤੂੰ।"

ਫ਼ੱਕਰ ਨੇ ਸ਼ਬਦਾਂ ਰਾਹੀਂ ਅਸ਼ੀਰਵਾਦ ਦਿੱਤਾ ਸੀ, ਅਤੇ ਅਗਲੇ ਹੀ ਪਲ, ਓਹ ਦੋਵੇਂ ਰੂਹਾਂ, ਉਸ ਅੱਧ ਬੁੱਢੇ ਬਸੰਤੀ ਚੋਲ੍ਹੇ ਵਿੱਚ ਸਜੇ ਫ਼ੱਕਰ ਦੇ ਸਾਹਮਣੇ ਸਿਰ ਝੁਕਾਈ ਇੰਝ ਬੈਠੀਆਂ ਸਨ ਜਿਵੇਂ ਮੁਕਤੀ ਲਈ ਫ਼ਰਿਆਦ ਕਰ ਰਹੀਆਂ ਹੋਣ।

"ਏਥੇ ਨਾਗ਼ ਦਾ ਵਾੱਸਾ ਹੈ।"

ਫ਼ੱਕਰ ਓਹਨਾ ਨੂੰ ਖ਼ਬਰਦਾਰ ਕਰ ਰਿਹਾ ਸੀ।

"ਹੋ ਸਕਦਾ ਹੈ, ਪਰ ਕਦੇ ਦਰਸ਼ਣ ਨਹੀਂ ਹੋਏ।"

ਮਨਪ੍ਰੀਤ ਨੇ ਕਿਹਾ ਸੀ।

ਨੂਰਾਂ ਦਾ ਬੁੱਤ ਤਾਂ ਬੈਠਾ ਸੀ ਆਪਣੇ ਮਹਿਬੂਬ ਦੇ ਨਾਲ ਉਸ ਫ਼ੱਕਰ ਦੀ ਹਜੂਰੀ ਵਿੱਚ, ਪਰ ਉਸਦੀ ਰੂਹ ਹਾਲੇ ਵੀ ਬਾਬੁਲ ਦੇ ਘਰ ਦੇ ਅੰਦਰ ਝਾਕ ਰਹੀ ਸੀ, ਜਿੱਥੇ, ਜ਼ਸ਼ਨ ਦਰ ਜ਼ਸ਼ਨ ਤੇ ਉਛਲ੍ਹਦੇ ਜ਼ਹਿਰੀਲੇ ਜ਼ਾਮ, ਸੂਲ੍ਹਾਂ ਨਾਲੋਂ ਤਿੱਖਾ ਹਾੱਸਾ ਤੇ ਆਧਰਮ ਦੀ ਅਧਾਰ ਸਿਲਾ ਰੱਖ ਦਿੱਤੀ ਸੀ ਖ਼ਾਨ ਨੇ ਹੋਸ਼ ਗੁਆ ਕੇ, ਬੇ ਹੋਸ਼ ਖ਼ਾਨ ਭੁਆਟਣੀ ਖਾ ਕੇ ਆਪਣੇ ਹੀ ਘਰ ਦੇ ਅੰਦਰ ਮਿੱਟੀ ਤੇ ਸਿਲ੍ਹ ਵਾਂਗ ਡਿਗ ਪਿਆ ਸੀ।

"ਸਕਾਲਫ਼ ਕੀਤਾ?"

ਫ਼ੱਕਰ ਵਲੋਂ ਇਸ ਤਰਾਂ ਪੁੱਛਣ ਨਾਲ ਨੂਰਾਂ ਅਤੇ ਮਨਪ੍ਰੀਤ ਨਜ਼ਰਾਂ ਉਠਾ ਕੇ ਫ਼ੱਕਰ ਵੱਲ ਇੰਝ ਵੇਖਣ ਲੱਗੇ ਸਨ ਜਿਵੇਂ ਉਹ ਦੁਨੀਆਂ ਤੋਂ ਬਾਹਰੀ ਕੋਈ ਗੱਲ ਕਰ ਰਿਹਾ ਹੋਵੇ, ਜਹਿੜੀ, ਪਹਿਲਾਂ ਕਦੇ ਸੁਣੀ ਹੀ ਨਹੀਂ ਸੀ, ਦੋਹਾਂ ਦੇ ਸਿਰ ਨਾਂਹ ਵਿੱਚ ਹਿਲੇ ਸਨ।

"ਸਕਾਲਫ਼ ਹੀ ਤਾਂ ਇਸ਼ਕ ਦੀ ਮੰਜ਼ਲ ਹੈ, ਚਲੋ ਕਰੋ ਗੁਰੂ ਨੂੰ ਸਕਾਲਫ਼।"

ਫ਼ੱਕਰ ਨੇ ਇਕ ਕਿਸਮ ਨਾਲ ਹੁਕਮ ਦਿੱਤਾ ਸੀ।

"ਸਾਡਾ ਗੁਰੂ ਕੌਣ ਹੈ?"

ਨੂਰਾਂ ਨੇ ਪੁੱਛਿਆ ਸੀ।

"ਮੈਂ, ਮੈਂ ਹੀ ਤੁਹਾਡਾ ਗੁਰੂ ਹਾਂ, ਮੈਨੂੰ ਕਰੋ ਆਪਣਾ ਸਕਾਲਫ਼, ਨਹੀਂ ਤੇ ਯੂਨੀਆਂ ਵਿੱਚ ਏਸੇ ਤਰਾਂ ਹੀ ਭਟਕਦੇ ਫਿਰੋਗੇ, ਮਿਲਦੇ ਰਹੋਗੇ, ਵਿਛੜਦੇ ਰਹੋਗੇ, ਪਰ ਸਕਾਲਫ਼ ਤੋਂ ਬਿਨਾ ਮੁਕਤੀ ਨਹੀਂ ਹੋਵੇਗੀ, ਸਕਾਲਫ਼ ਹੀ ਮੁਕਤੀ ਦਾ ਸਾਧਨ ਹੈ।"

ਫ਼ੱਕਰ ਨੇ ਦੋਹਾਂ ਨੂੰ ਆਖਿਆ ਸੀ।

"ਅਸੀਂ, ਜਨਮ ਜਨਮ ਦੇ ਗੇੜ੍ਹਾਂ ਵਿੱਚੋਂ ਮੁਕਤ ਹੋਣਾ ਚਾਹੁੰਦੇ ਹਾਂ।"

ਮਨਪ੍ਰੀਤ ਨੇ ਕਿਹਾ ਸੀ।

"ਚਲੋ ਫਿਰ, ਭਰੋ ਚੂਲ੍ਹੀਆਂ, ਤੇ ਕਰੋ ਸਕਾਲਫ਼।"

ਫ਼ੱਕਰ ਨੇ ਆਪਣਾ ਪਾਣੀ ਵਾਲਾ ਕਮੰਡਲ੍ਹ ਚੁੱਕ ਕੇ ਦੋਹਾਂ ਦੀਆਂ ਚੂਲ੍ਹੀਆਂ ਖ਼ਵਾਜ਼ੇ ਨਾਲ ਭਰ ਦਿੱਤੀਆਂ ਸਨ।

"ਕਹੋ, ਤਨ ਗੁਰੂ ਦਾ, ਸਕਾਲਫ਼।"

ਫ਼ੱਕਰ ਨੇ ਦੋਹਾਂ ਨੂੰ ਬੋਲਣ ਲਈ ਕਿਹਾ ਸੀ।

"ਤਨ ਗੁਰੂ ਦਾ, ਸਕਾਲਫ਼।"

ਦੋਹਾਂ ਨੇ ਇਕ ਸਾਥ ਕਿਹਾ ਸੀ।

"ਚੂਲ੍ਹੀ ਡੋਲ ਦਿਓ, ਫਿਰ ਭਰੋ।"

ਫ਼ਕਰ ਨੇ ਕਿਹਾ ਸੀ।

"ਕਹੋ, ਮਨ ਗੁਰੂ ਦਾ, ਸਕਾਲਫ਼"

"ਕਹੋ, ਧਨ ਗੁਰੂ ਦਾ, ਸਕਾਲਫ਼"

ਫ਼ੱਕਰ ਦੇ ਹੁਕਮ ਦੀ ਤਾਲੀਮ ਦੇ ਮੁਤਾਬਕ ਸਕਾਲਫ਼ ਹੋ ਗਿਆ ਸੀ।

"ਤਨ, ਮਨ, ਧਨ ਤੇ ਤੁਸੀਂ ਆਪਣੇ ਗੁਰੂ ਨੂੰ ਅਰਪਣ ਕਰ ਦਿੱਤਾ ਹੈ, ਹੁਣ ਤੁਹਾਡੇ ਕੋਲ ਬਾਕੀ ਕੀ ਰਿਹਾ?"

ਫ਼ੱਕਰ, ਦੋਹਾਂ ਵੱਲ ਮੁਖ਼ਾਤਬ ਹੋ ਕੇ ਪੁੱਛ ਰਿਹਾ ਸੀ, ਅਤੇ ਓਹ ਦੋਵੇਂ ਖ਼ਾਮੋਸ਼ ਹੋਏ ਸੋਚ ਰਹੇ ਸਨ ਕਿ ਉਹਨਾ ਕੋਲ ਤੇ ਕੁਝ ਵੀ ਬਾਕੀ ਨਹੀਂ ਬਚਿਆ ਸੀ ਜਿਸਨੂੰ ਓਹ ਦੋਵੇਂ ਆਪਣਾ ਕਹਿ ਸਕਦੇ, ਆਪਣਾ ਤਾਂ ਸਭ ਕੁਝ ਆਪੇ ਹੀ ਉਹ ਗੁਰੂ ਨੂੰ ਸੌਂਪ ਚੁੱਕੇ ਸਨ, ਇਹ ਬੈਠਿਆਂ ਬੈਠਿਆਂ ਉਹ ਕੀ ਕਰ ਬੈਠੇ ਸਨ? ਖ਼ੁਦ ਤੋਂ ਹੀ ਹੱਥ ਧੋ ਬੈਠੇ ਸਨ, ਹਊਮੇ ਦੀ ਗੁੰਜਾਇਸ਼ ਹੀ

ਨਹੀਂ ਸੀ ਰਹੀ ਉਹਨਾ ਵਿੱਚ।

"ਕੁਝ ਨਹੀਂ ਰਿਹਾ ਹੁਣ ਤੁਹਾਡੇ ਕੋਲ, ਸਭ ਕੁਝ ਗੁਰੁ ਦਾ, ਜਾਣੀ ਮਾਲਿਕ ਦਾ ਹੋ ਗਿਆ ਹੈ, ਹੁਣ ਤੁਹਾਡੇ ਕੋਲ ਸਿਰਫ਼, ਗੁਰੁ ਦਾ ਦਿੱਤਾ ਮੰਤਰ ਹੀ ਰਹੇਗਾ, ਸਕਾਲਫ਼ ਤੇ ਮੰਤਰ ਨੂੰ ਕਦੇ ਭੁਲਾਣਾ ਨਹੀਂ, ਸਦਾ ਯਾਦ ਰੱਖਣਾ ਹੈ।"

ਫ਼ੱਕਰ, ਉਹਨਾ ਦੋਹਾਂ ਰੂਹਾਂ ਨੂੰ ਸੰਬੋਧਨ ਕਰਕੇ, ਆਪ ਅੱਖਾਂ ਮੀਟ ਫਿਰ ਭਗਤੀ ਵਿੱਚ ਲੀਨ ਹੋ ਗਿਆ ਸੀ।

*

"ਮਹਿਸੂਸ ਕੀਤਾ ਕੁਝ ਨੂਰਾਂ?"

ਨਹਿਰ ਦੀ ਪਟੜ੍ਹੀ ਤੇ ਨੂਰਾਂ ਦੇ ਕਰੀਬ ਖੜ੍ਹਾ ਪੁੱਛ ਰਿਹਾ ਸੀ ਮਨਪ੍ਰੀਤ।

"ਬਹੁਤ ਕੁਝ।"

ਨੂਰਾਂ ਨੇ ਉਤਰ ਦਿੱਤਾ ਸੀ।

"ਤੇ ਹੁਣ?"

ਮਨਪ੍ਰੀਤ ਨੇ ਪੁੱਛਿਆ ਸੀ।

"ਹੁਣ ਕੁਛ ਨਹੀਂ।"

ਨੂਰਾਂ ਨੇ ਉਤਰ ਦਿੱਤਾ ਸੀ।

ਓਹ ਦੋਵੇਂ ਫੁੱਲਾਂ ਵਾਂਗ ਖ਼ੁਦ ਨੂੰ ਹਲਕਾ ਹਲਕਾ ਮਹਿਸੂਸ ਕਰ ਰਹੇ ਸਨ ਠੰਡੀ ਵਗਦੀ ਪੌਣ ਵਿੱਚ।

"ਧਰਮਸ਼ਾਲਾ ਵਿੱਚ ਹੁੰਦੇ ਧਾੜਵੀ,
ਠਾਕਰ ਦੁਆਰੇ ਵਿੱਚ ਠੱਗ।
ਵਿੱਚ ਮਸੀਤਾਂ ਰਹਿਣ ਕੁਸੱਤੀਏ,
ਤੇ ਆਸ਼ਕ ਰਹਿਣ ਅਲੱਗ।"

ਕਿਸੇ ਕਬਾਲ ਦੇ ਮੂੰਹੋਂ ਸੁਣੇ ਬੰਦ, ਸੁੰਨੇ ਰਾਹ ਦੇ ਰਾਹੀ ਬਣੇ ਮਨਪ੍ਰੀਤ ਨੂੰ ਯਾਦ ਆ ਰਹੇ ਸਨ, ਕੋਈ ਕਮਲ੍ਹਾ ਕਵੀ, ਕਿੰਨੀ ਹਕੀਕਤ ਦੱਸ ਰਿਹਾ ਸੀ।

*

"ਕਿੱਥੋਂ ਆਇਆਂ ਹੁਣ?"

ਮਾਂ, ਵੇਹੜੇ ਵਿੱਚ ਖੜ੍ਹੀ, ਗੇਟ ਵਿੱਚੋਂ ਲੰਘ ਕੇ ਅੰਦਰ ਆ ਰਹੇ ਮਨਪ੍ਰੀਤ ਤੋਂ ਪੁੱਛ ਰਹੀ

ਸੀ।

“ਗੁਰੂ ਘਰ ਤੋਂ।”

ਪੁੱਤ ਨੇ ਜਵਾਬ ਦਿੱਤਾ ਸੀ।

“ਗੁਰਦੁਆਰੇ ਗਿਆ ਸੀ ਤੂੰ?”

ਮਾਂ ਨੇ ਪੁੱਛਿਆ ਸੀ।

“ਹਾਂ ਮਾਂ।”

ਪੁੱਤ ਨੇ ਕਿਹਾ ਸੀ।

“ਹੋਰ ਕੌਣ ਕੌਣ ਸਨ ਓਥੇ?”

ਮਾਂ, ਪੂਰੀ ਤਹਿਕੀਕਾਤ ਕਰਨਾ ਚਾਹੁੰਦੀ ਸੀ।

“ਇਕ ਗੁਰੂ, ਇਕ ਮੈਂ ਤੇ ਇਕ ਓਹ।”

ਪੁੱਤ ਇੰਝ ਕਹਿੰਦਾ ਹੋਇਆ ਅਗਾਂਹ ਲੰਘ ਗਿਆ ਸੀ ਪਰ ਮਾਂ ਓਥੇ ਹੀ ਖੜ੍ਹੀ, ਇਕ ਓਹ, ਦੀ ਬੁਝਾਰਤ ਬੁੱਝਣ ਦੀ ਕੋਸ਼ਿਸ਼ ਕਰ ਰਹੀ ਸੀ, ਵੇਖ ਰਹੀ ਸੀ, ਪਰ ਪੁੱਤ ਆਪਣੇ ਕਮਰੇ ਅੰਦਰ ਜਾ ਵੜਿਆ ਸੀ ਅਤੇ ਬੂਹਾ ਅੰਦਰੋਂ ਬੰਦ ਹੋ ਗਿਆ ਸੀ, ਸਾਰਾ ਆਲਮ ਉੱਠ ਰਿਹਾ ਸੀ ਨੀਂਦ ਰਾਣੀ ਤੋਂ ਛੁੱਟੀ ਲੈ ਕੇ, ਪਰ ਮਨਪ੍ਰੀਤ, ਨੀਂਦ ਰਾਣੀ ਨੂੰ ਕੁਲ੍ਹਾਵਾ ਭਰ, ਜਾ ਡਿੱਗਾ ਸੀ ਆਪਣੇ ਬਿਸਤਰ ਵਿੱਚ।

“ਭਾਜੀ ਉੱਠੋ, ਤੇ ਚਾਹ ਪੀ ਲਓ, ਨਾਲੇ ਟਰੱਾਲੀ ਪਾ ਦਿਓ ਟਰੈਕਟਰ ਮਗਰ।”

ਹਰਜੀਤ, ਹੱਥ ਵਿੱਚ ਚਾਹ ਵਾਲੀ ਗਲਾਸੀ ਫ਼ੜੀ ਮੰਜੇ ਕੋਲ ਖ਼ੜ੍ਹਾ ਕਹਿ ਰਿਹਾ ਸੀ ਮਨਪ੍ਰੀਤ ਨੂੰ।

“ਰੱਖਦੇ ਏਥੇ, ਤੂੰ ਚੱਲ ਤੇ ਮੈਂ ਵੀ ਆਉਨਾ.........।”

ਨਾਂ ਚਾਹੁੰਦੇ ਹੋਏ ਵੀ ਮਨਪ੍ਰੀਤ ਨੇ ਕਹਿ ਦਿੱਤਾ ਸੀ।

“ਭਾਜੀ! ਤੂੰ ਕਿੱਥੇ ਜਗਰਾਤਾ ਦੇਖਦਾ ਰਹਿੰਨਾ ਏਂ ਸਾਰੀ ਸਾਰੀ ਰਾਤ? ਹੁਣ ਹਰ ਰੋਜ਼ ਹੀ ਤੂੰ ਮੈਥੋਂ ਬਾਅਦ ਵਿੱਚ ਉੱਠਣ ਲੱਗ ਪਿਆ ਏਂ।”

ਚਾਹ ਵਾਲੀ ਗਲਾਸੀ ਮੇਜ਼ ਉੱਤੇ ਰੱਖ ਤੁਰਦਾ ਬਣਿਆ ਸੀ ਹਰਜੀਤ।

“ਛੋਟਾ ਭਾਈ ਖ਼ਬਰੇ ਠੀਕ ਹੀ ਕਹਿੰਦਾ ਹੈ।”

ਕਹਿੰਦਾ ਕਹਿੰਦਾ, ਨਾ ਚਾਹੁੰਦੇ ਹੋਏ ਵੀ ਉੱਠ ਖੜੋਇਆ ਸੀ ਮਨਪ੍ਰੀਤ।

*

“ਨੂਰਾਂ ਧੀਏ ਉੱਠ, ਉੱਠ ਕੇ ਧਾਰਾਂ ਕੱਢ ਲੈ ਤੇ ਨਾਲੇ ਚਾਹ ਧਰਦੇ ਚੌਂਹ ਬੰਦਿਆਂ

ਲਈ।"

ਖ਼ਾਨ ਆਪਣੀ ਧੀ ਨੂਰਾਂ ਦੇ ਮੰਜੇ ਕੋਲ ਖ਼ੜ੍ਹਾ ਕਹਿ ਰਿਹਾ ਸੀ।

ਨੂਰਾਂ ਸੋਚ ਰਹੀ ਸੀ ਕਿ ਓਹ ਅੱਬੂ ਜਾਨ ਤੋਂ ਪੁੱਛ ਹੀ ਲਵੇ ਕਿ ਇਹ ਚਾਰ ਬੰਦੇ ਕਿਸ ਦੀ ਅਰਥੀ ਢੋਹ ਕੇ ਆਏ ਹਨ? ਜਾਂ ਫਿਰ ਇਹ ਕਿਸੇ ਡੋਲ੍ਹੀ ਦੇ ਕੁਹਾਰ ਨੇ? ਪਰ, ਨੂਰਾਂ ਚੁੱਪ ਹੀ ਧਾਰ ਗਈ ਸੀ, ਮਾੜ੍ਹੀ ਸ਼ਰਾਬ ਨੇ ਖ਼ਾਨ ਦੇ ਸਿਰ ਪੀੜ ਕਰਨੀ ਸ਼ੁਰੂ ਕਰ ਦਿੱਤੀ ਸੀ, ਸੁਸਤੀ ਪੈਂਦੀ ਜਾ ਰਹੀ ਸੀ, ਸਵੇਰੇ ਸਵੇਰੇ ਨਿਰਣੇ ਕਾਲਜ਼ੇ ਉਬਾਸੀਆਂ ਆਉਣ ਲੱਗੀਆਂ ਸਨ।

"ਹੇ ਅੱਲ੍ਹਾ! ਗੁਜ਼ਰਾਂ ਦੇ ਧੀ ਨਾ ਜਣੀਂ।"

ਅੱਲ੍ਹਾ-ਤਾਲਾ ਨਾਲ ਗ਼ੁਫ਼ਤ-ਗੂਹ ਜਹੀ ਕਰਦੀ ਹੋਈ ਉੱਠੀ ਸੀ ਨੂਰਾਂ।

"ਸੁੱਖ ਬੋਲ ਕੁੜੀਏ, ਮੇਰੇ ਪੁੱਤ ਦੀਏ ਬੇਗ਼ਮੇ ਜੇ ਗੁੱਜ਼ਰਾਂ ਦੇ ਘਰ ਧੀ ਨਾ ਹੁੰਦੀ ਤਾਂ ਮੈਂ ਆਪਣੀ ਨੂੰਹ ਦਾ ਮੂੰਹ ਕਿਵੇਂ ਵੇਖਦਾ?"

ਵੈਲੀ ਚਾਚਾ, ਬੂਹੇ ਵਿੱਚ ਖੜ੍ਹਾ ਅੰਦਰ ਵੱਲ ਵੇਖਦਾ ਹੋਇਆ ਕਹਿ ਰਿਹਾ ਸੀ।

"ਅੱਬੂ ਜਾਨ! ਇਹ ਬੰਦਾ ਤੇਰਾ ਕੀ ਲੱਗਦਾ?"

ਨੂਰਾਂ ਆਪਣੇ ਬਾਬੁਲ ਤੋਂ ਪੁੱਛ ਰਹੀ ਸੀ।

"ਖ਼ਾਨ ਮੀਆਂ! ਇਸ ਨੂੰ ਪੁੱਛ, ਸਾਡੇ ਪਿੰਡ ਦੇ ਜ਼ੈਲਦਾਰਾਂ ਦਾ ਮੁੰਡਾ ਏਹਦਾ ਕੀ ਲੱਗਦਾ?"

ਵੈਲੀ ਚਾਚਾ, ਖ਼ਾਨ ਵੱਲ ਵੇਖਦਾ ਹੋਇਆ ਕਹਿ ਰਿਹਾ ਸੀ।

"ਨਹੀਂ ਤੇ ਮੈਂ ਦੱਸਦਾਂ, ਓਹ ਇਹਦਾ ਕੀ ਲੱਗਦਾ? ਪੂਰਾ ਪਿੰਡ ਦੱਸ ਸਕਦਾ ਹੈ ਕਿ ਓਹ ਇਹਦਾ ਕੀ ਲੱਗਦਾ, ਜੋ ਕੁਝ ਕੁੜੀਏ ਓਹ ਤੇਰਾ ਲੱਗਦਾ ਹੈ, ਓਹੀ ਕੁਝ ਮੈਂ ਤੇਰੇ ਬਾਪੂ ਦਾ ਲੱਗਨਾ ਹਾਂ।"

ਵੈਲੀ ਚਾਚਾ ਲਾਲ ਪੀਲਾ ਜਿਹਾ ਹੋ ਕੇ ਰੋਅਬ ਛਾਂਟ ਰਿਹਾ ਸੀ, ਪੀਤੀ ਹੋਈ ਹਲਾਲ ਕਰ ਕੇ ਰੱਖ ਦਿੱਤੀ ਸੀ ਕੁੜੀ ਨੇ ਸਵੇਰੇ ਸਵੇਰੇ, ਅਤੇ ਬੁੜ੍ਹ ਬੁੜ੍ਹ ਕਰਦਾ ਅਮਲੀ ਬੂਹੇ ਤੋਂ ਬਾਹਰ ਆ ਗਿਆ ਸੀ।

"ਕੀ ਲੱਗਦਾ ਤੇਰਾ, ਓਹ ਜ਼ੈਲਦਾਰਾਂ ਦਾ ਮੁੰਡਾ, ਕੀ ਤੂੰ ਇੰਨੀ ਹੀ ਗ਼ਿਰ ਗਈ ਏਂ ਕਮਜ਼ਾਤੇ, ਕੀ ਤੈਨੂੰ ਇਸਲਾਮ ਧਰਮ ਦੇ ਅਧਿਕਾਰ ਵੀ ਭੁੱਲ ਗਏ, ਬੇ ਹਯਾ ਲੜਕੀ?"

ਖ਼ਾਨ ਪੁੱਛ ਰਿਹਾ ਸੀ ਆਪਣੀ ਧੀ ਤੋਂ।

"ਮੈਂ, ਕਿਸੇ ਧਰਮ ਦਾ ਠੇਕਾ ਨਹੀਂ ਲਿਆ ਹੋਇਆ, ਜਿਵੇਂ ਤੂੰ, ਸ਼ਰਾਬ ਨਹੀਂ ਹੁਣ ਛੱਡ ਸਕਦਾ ਤੇ ਮੈਂ ਉਸ ਨੂੰ ਨਹੀਂ ਛੱਡ ਸਕਦੀ।"

ਧੀ, ਆਪਣੇ ਬਾਪ ਦੇ ਬਰਾਬਰ ਖੜੀ ਸਿਰ ਤੇ ਕਾਲੇ ਸ਼ਾਲ ਦੀ ਗੰਢ ਦੇ ਰਹੀ ਸੀ ਚਿੱਟੇ ਕਫ਼ਣ ਵਾਂਗ, ਨੂਰਾਂ ਨੂੰ ਆਪਣਾ ਹੀ ਬਾਪ, ਸ਼ਰੀਕ ਜਾਪਣ ਲੱਗਾ ਸੀ।

"ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਖ਼ਾਨ ਮੀਆਂ, ਬੰਦਿਆਂ ਵਾਲੇ ਕੰਮ ਕਰੋ, ਜੇ ਵਸਣਾ ਏਥੇ, ਜੇ ਕੱਲ ਨੂੰ ਕੁੜੀ ਦੀ ਹੋਏ ਹੋਏ ਹੋ ਗਈ ਤਾਂ ਪਤਾ ਜਾਣਾ ਲੱਗ, ਹੁਣ ਅਗਲਾ ਚੱਲ ਕੇ ਆਇਆ, ਕਦਰ ਕਰਦਾ ਏ, ਨਹੀਂ ਤੇ ਭਲ੍ਹਕ ਨੂੰ ਕੋਈ ਬੁੱਢਾ-ਠੇਰਾ ਭਾਲ੍ਹਦੇ ਫਿਰੋਂਗੇ ਮੇਰੇ ਵਰਗਾ, ਫਿਰ ਓਹ ਗੱਲ ਨਹੀਂ ਜੇ ਬਣਦੀ ਹੁੰਦੀ, ਬਈ, ਜ਼ੈਲਦਾਰਨੀ ਤਾਂ, ਮੈਨੂੰ ਨਹੀਂ ਚੌਂਕੇ ਚੜ੍ਹਨ ਦਿੰਦੀ, ਨਾਲੇ ਮੈਂ ਤਾਂ ਜੱਟ ਹੀ ਹਾਂ, ਕਹਿ ਦਿੰਦੀ ਹੈ ਕਿ ਤੂੰ ਅਖੇ ਸਿਗਰਟਾਂ ਪੀਂਦਾ ਏਂ; ਭਲਾ ਮੇਰੀਆਂ ਸਿਗਰਟਾਂ ਓਹਦੇ ਚੂੰਡੀਆਂ ਵੱਢਦੀਆਂ? ਮੁਸਲਮਾਨਾ ਦੀ ਕੁੜੀ ਨੂੰ ਨਹੀਂ ਓਹ ਵੇਹੜੇ ਵੜਨ ਦੇ ਸਕਦੀ, ਜਿਥੋਂ ਕੁਝ ਮਿਲਦਾ ਨਾ ਦਿਸੇ, ਉਸ ਪਾਸੇ ਨਹੀਂ ਜਾਈਦਾ ਹੁੰਦਾ, ਸਿਆਣੇ ਬਣੋ।"

ਵੇਲੀ ਚਾਚਾ ਕਹਿੰਦਾ ਕਹਿੰਦਾ ਪਤੀਲੀ ਚੁੱਕ ਨਲ੍ਹਕੇ ਵੱਲ ਨੂੰ ਹੋ ਤੁਰਿਆ ਸੀ, ਨੂਰਾਂ ਵੀ ਝੱਲ ਚੋਂ ਬਾਹਰ ਨਿਕਲ ਗਈ ਸੀ ਤੇ ਉਸ ਦੇ ਪਿੱਛੇ ਪਿੱਛੇ ਖ਼ਾਨ ਵੀ ਤੁਰ ਗਿਆ ਸੀ ਰੇਲ ਦੀ ਪਟੜ੍ਹੀ ਵੱਲ।

'ਮੁੱਦਤਾਂ ਬਾਅਦ ਘਰ ਵਿੱਚ ਰੌਣਕ ਹੋਈ ਸੀ, ਇਸ ਕੁੜੀ ਨੇ ਜੀਣਾ ਹਰਾਮ ਕਰ ਦਿੱਤਾ' ਦੁਖਦਾ ਸਿਰ ਸੋਚ ਰਿਹਾ ਸੀ ਰੇਲ ਦੀ ਪਟੜ੍ਹੀ ਤੇ ਖੜ੍ਹੇ ਖ਼ਾਨ ਦਾ।

*

"ਵਧਾਈਆਂ ਦੇ ਕੇ ਤੂੰ ਤਾਂ ਅੱਖ ਹੀ ਨਹੀਂ ਪੁੱਟੀ ਭਾਊ, ਹੋਰ ਦੇਵਾਂ ਇਕ ਪੈਗ ਵਧਾਈਆਂ ਦਾ ਜੇ ਕੋਈ ਕਮੀ ਰਹਿ ਗਈ ਏ ਤਾਂ?"

ਸਿਕੰਦਰ, ਸੁੱਤੇ ਪਏ ਜੱਗੀ ਦਾ ਮੋਢਾ ਹਲੂਣ ਰਿਹਾ ਸੀ, ਉਹ ਨੂੰ ਬੁਲਾ ਰਿਹਾ ਸੀ ਜਗਾ ਰਿਹਾ ਸੀ।

"ਹਾਂ, ਹਾਂ, ਵਧਾਈਆਂ ਵਿੱਚ ਕਮੀ ਰਹਿ ਗਈ ਏ।"

ਜੱਗੀ, ਡੈਂਬਰਿਆਂ ਵਾਂਗ ਬੁਝੇ ਧੂਣੇ ਦੀ ਸੁਆਹ ਤੇ ਉਜੜ੍ਹੀ ਮਹਿਫ਼ਲ ਤੱਕ ਰਿਹਾ ਸੀ, ਜੂਠੇ ਬਰਤਨ ਅਤੇ ਸਜ਼ੀ ਮਹਿਫ਼ਲ ਦੇ ਨਿਸ਼ਾਨ ਬਾਕੀ ਸਨ।

"ਲੈ ਫ਼ੜ, ਰਾਤੀਂ ਵੈਲੀ ਨੇ ਮੈਨੂੰ ਪਾ ਕੇ ਦਿੱਤੀ ਸੀ, ਪਰ ਮੇਰੀ ਅੱਖ ਲੱਗਣ ਕਰਕੇ ਇਹ ਪੈਗ ਪਿਆ ਹੀ ਰਹਿ ਗਿਆ।"

ਸਿਕੰਦਰ ਨੇ ਸਟੀਲ ਦਾ ਗਿਲਾਸ ਜੱਗੀ ਦੇ ਹੱਥ ਫੜਾ ਦਿੱਤਾ ਸੀ, ਗਿਲਾਸ ਵਿੱਚੋਂ ਸ਼ਰਾਬ ਦੀ ਗੰਧ ਉੱਠ ਰਹੀ ਸੀ, ਪ੍ਰੰਤੂ ਸ਼ਰਾਬ ਦੀ ਪਮਾਇਸ਼ ਨਜ਼ਰ ਨਹੀਂ ਸੀ ਆ ਰਹੀ।

"ਹੁਣ ਦੱਸਦਾਂ ਮੈਂ ਤੈਨੂੰ ਵਿਆਹ ਦੀ ਗੱਲ, ਵਿਆਹ ਤਾਂ ਤੂੰ ਕਹਿਨਾ ਏਂ ਕਿ ਤੇਰਾ ਨੂਰਾਂ ਨਾਲ ਹੋ ਚੁੱਕਾ, ਤੇ ਫਿਰ ਉਹ ਮਨਪ੍ਰੀਤ ਕੋਲ ਕੀ ਕਰਨ ਲਈ ਜਾਂਦੀ ਹੈ? ਨਹੀਂ, ਓਏ ਭੋਲ੍ਹਿਆ ਗੁੱਜ਼ਰਾ, ਹਜੇ ਤੇਰਾ ਵਿਆਹ ਨਹੀਂ ਹੋਇਆ, ਤੂੰ ਐਂਵੇਂ ਨਾ ਸ਼ਰਾਬ ਨਾਲ ਲੋਕਾਂ ਦੇ ਢਿੱਡ ਭਰੀ ਜਾਵੀਂ, ਪਹਿਲਾਂ ਗੁਜ਼ਰੀ ਨੂੰ ਮਨਪ੍ਰੀਤ ਤੋਂ ਅੱਲਗ ਕਰ, ਤੇ ਫਿਰ ਸੋਚੀਂ ਵਧਾਈਆਂ ਦੀ ਗੱਲ, ਹੋਰ ਨਾ ਵਧਾਈਆਂ ਤੂੰ ਦਿੰਦਾ ਰਹੇਂ ਤੇ ਤੇਰੀ ਬਹੂ ਦੇ ਮੁੰਡੇ ਦਾ ਬਾਪ............।"

ਜੱਗੀ ਨੇ ਸਿਕੰਦਰ ਨੂੰ ਫ਼ੀਤਾ ਲਾ ਦਿੱਤਾ ਸੀ।

"ਨਹੀਂ ਓਏ ਚੌਰਿਆ, ਮੇਰੀ ਜ਼ੋਰੂ ਏਦਾਂ ਨਹੀਂ ਕਰ ਸਕਦੀ, ਓਹ ਮੇਰੀ ਹੈ ਸਿਰਫ਼ ਮੇਰੀ, ਮੈਂ ਹੀ ਉਸਦਾ ਖ਼ਸਮ ਹਾਂ।"

ਸਿਕੰਦਰ, ਬੜੇ ਗਰੂਰ ਭਰੇ ਅੰਦਾਜ਼ ਵਿੱਚ ਜੱਗੀ ਨੂੰ ਕਹਿ ਰਿਹਾ ਸੀ।

"ਮੈਂ ਵੀ ਕਿਸੇ ਵੇਲੇ ਏਹੀ ਸੋਚਦਾ ਸੀ ਚੜ੍ਹਦੀ ਜ਼ਵਾਨੀ ਦੇ ਦਿਨਾ ਵਿੱਚ, ਕਿ ਜਿਸ ਨੂੰ ਮੈਂ ਚਾਹੁੰਦਾ ਹਾਂ ਓਹ ਮੇਰੀ ਹੀ ਮਾਸ਼ੂਕ ਹੈ, ਕਿਸੇ ਹੋਰ ਦੀ ਨਹੀਂ, ਪਰ......................।"

ਕਹਿੰਦਾ ਕਹਿੰਦਾ ਜੱਗੀ ਚੁੱਪ ਹੋ ਗਿਆ ਸੀ।

"ਪਰ ਫਿਰ ਕੀ ਹੋਇਆ ਸੀ?"

ਸਿਕੰਦਰ ਨੇ ਉਤਾਬਲੇ ਜਿਹੇ ਹੁੰਦੇ ਹੋਏ ਪੁੱਛਿਆ ਸੀ।

"ਤੇਰੇ ਵਾਂਗ ਹੀ ਮੇਰੀ ਮਾਸ਼ੂਕਾ ਵੀ ਕਿਸੇ ਹੋਰ ਦੀ ਮਹਿਬੂਬਾ ਨਿਕਲੀ ਸੀ, ਸੱਜਣਾ ਜੇ ਕੁਝ ਕਰ ਸਕਦਾ ਏਂ ਤੇ ਕਰ ਲੈ, ਨਹੀਂ ਤੇ ਮੇਰੇ ਵਾਂਗ ਹੀ ਬਾਕੀ ਦੀ ਉਮਰ ਅੰਦਰੋ ਅੰਦਰੀ ਸੜ੍ਹ ਭੁੱਜ ਕੇ ਹੀ ਬਿਤਾਉਣੀ ਪਊ, ਕੁੜੀਆਂ ਦਾ ਇਤਬਾਰ ਨਹੀਂ ਹੁੰਦਾ, ਇਹ ਕਹਿੰਦੀਆਂ ਕੁਝ ਨੇ ਤੇ ਕਰਦੀਆਂ ਕੁਝ ਨੇ, ਵਿਆਹ ਤੇਰੇ ਨਾਲ ਤੇ ਸੁਹਾਗ ਰਾਤ .........।"

ਜੱਗੀ, ਜੋ ਮੂੰਹ ਆਇਆ ਬਕੀ ਜਾ ਰਿਹਾ ਸੀ।

"ਵੱਸ ਕਰ ਸੱਜਣਾ, ਵੱਸ ਕਰ, ਤੂੰ ਤੇ ਮੇਰੀਆਂ ਅੱਖਾਂ ਖੋਲ ਦਿੱਤੀਆਂ, ਸ਼ਕਲ ਮੋਮਨਾ ਵਾਲੀ ਤੇ ਕਰਤੂਤਾਂ ਕਾਫ਼ਰਾਂ ਵਾਲੀਆਂ? ਮੈਂ ਤੇ ਛਾਂਗ ਦਊਂ ਗਿੱਟੇ ਸਾਲ੍ਹੀ ਦੇ।"

ਸਿਕੰਦਰ ਨੇ ਤਹਿਸ ਖਾਦਾ ਸੀ, ਜ਼ੁਆਨੀ ਦੇ ਜ਼ੋਸ਼ ਨੇ ਉਬਾਲਾ ਮਾਰਿਆ ਸੀ।

"ਠਰਮੇਂ ਤੋਂ ਕੰਮ ਲੈ ਪੁੱਤਰਾ, ਇਹ ਛਾਂਗ ਛੰਗਾਈ ਬੰਦ ਕਰ ਸਵੇਰੇ ਸਵੇਰੇ, ਓਏ ਤੂੰ ਟਲ੍ਹਿਆ ਨਹੀਂ ਜੱਗੀ ਦੇ ਬੱਚੇ? ਸਾੱਨਾਂ ਦੇ ਭੇੜ ਫ਼ਸਾ ਕੇ ਹੀ ਹਟਿਆ, ਹੁਣ ਚੰਗਾ ਅਰਾਮ ਆਉਂਦਾ ਏ?"

ਵੈਲੀ ਚਾਚਾ ਅੰਦਰ ਜਾ ਜੱਗੀ ਵੱਲ ਕੌੜਾ ਕੌੜਾ ਝਾਕ ਰਿਹਾ ਸੀ।

"ਰਾਮ ਆਵੇ ਜਾਂ ਲਛਮਣ, ਮੈਂ ਜੋ ਕਰਨਾ ਓਹੀ ਕਰਨਾ।"

ਜੱਗੀ ਨੂੰ ਸ਼ਰਾਬ ਦਾ ਸਰੂਰ ਸੀ।

"ਚੰਗਾ, ਮੈਂ ਚੱਲਦਾਂ ਹੁਣ ਚਾਚਾ, ਤੂੰ ਜਾਣਾ ਜਾਂ ਅਟਕਣਾ ਹਾਲੇ?"

ਖ਼ੇਸ ਦੀ ਬੁੱਕਲ੍ਹ ਮਾਰਦਾ ਹੋਇਆ ਜੱਗੀ ਉੱਠ ਖੜ੍ਹਾ ਸੀ।

"ਤੂੰ ਚੱਲ, ਮੈਂ ਹਜੇ ਅਟਕ ਕੇ ਆਵਾਂਗਾ।"

ਚਾਚੇ ਵੈਲੀ ਨੂੰ ਜੱਗੀ ਤੋਂ ਖ਼ਹਿੜਾ ਛਡਾਉਣ ਦੀ ਜਲਦੀ ਸੀ।

"ਚੰਗਾ, ਮੈਂ ਅੱਜ ਜ਼ੈਲਦਾਰਾਂ ਦਾ ਕੰਮ ਕਰਨਾ ਮੰਡੀ ਦਾ।"

ਜੱਗੀ ਵੀ ਬਹਾਨਾ ਜਿਹਾ ਮਾਰਦਾ ਉੱਠ ਕੇ ਤੁਰ ਪਿਆ ਸੀ।

"ਕੀ ਮਨਪ੍ਰੀਤ ਹੈ ਨਹੀਂ ਏਥੇ?"

ਚਾਚੇ ਵੈਲੀ ਨੇ ਜੱਗੀ ਤੋਂ ਪੁੱਛਿਆ ਸੀ।

"ਹੈਗਾ ਤਾਂ ਏਥੇ ਹੀ, ਪਰ ਓਹਦਾ ਆਸ਼ਕੀ ਵਿੱਚੋਂ ਵੇਹਲ ਨਹੀਂ।"

ਜੱਗੀ ਤੁਰ ਪਿਆ ਸੀ ਨਜ਼ਰਾਂ ਨਾਲ ਗੁਜ਼ਰੀ ਨੂੰ ਤਾੜਦਾ ਹੋਇਆ, ਮੱਝਾਂ ਦੇ ਝੁੰਡ ਵਿੱਚੋਂ ਧਾਰਾਂ ਚੋਣ ਦੀ ਅਵਾਜ਼ ਤਾਂ ਆ ਰਹੀ ਸੀ, ਪਰ ਗੁਜ਼ਰੀ ਖ਼ੁਦ ਨਜ਼ਰ ਨਹੀਂ ਸੀ ਆ ਰਹੀ।

"ਪਹਿਲੋਂ ਇੱਕ ਸੀ, ਹੁਣ ਦੋ ਹੋ ਗਏ ਦੁਸ਼ਮਣ, ਇਹ ਸਾਲ੍ਹਾ ਮੇਰਾ ਓਹਦਾ ਸੱਜ਼ਰਾ ਖ਼ਸਮ ਬਣ ਕੇ ਕਿੱਥੋਂ ਆ ਟਪਕਿਆ? ਕੋਈ ਗੱਲ ਨਹੀਂ ਏਹਦਾ ਕੰਡਾ ਤਾਂ ਮੈ ਬਾਏਂ ਹੱਥ ਨਾਲ ਹੀ ਕੱਢ ਦਊਂ, ਪਹਿਲਾਂ ਮਨਪ੍ਰੀਤ ਮਗਰੋਂ ਲੱਥੇ, ਕੋਈ ਗੱਲ ਨਹੀਂ, ਤੂੰ ਅੰਬਰੋਂ ਤਾਰਾ ਲਾਉਣ ਵਾਲਾ ਬਣ, ਬੰਦਾ ਕਰਨ ਵਾਲਾ ਹੋਣਾ ਚਾਹੀਦਾ ਹੈ, ਕੀ ਨਹੀਂ ਹੋ ਸਕਦਾ?"

ਜੱਗੀ, ਰੇਲ ਦੀ ਪਟੜ੍ਹੀ ਤੇ ਤੁਰਿਆ ਜਾਂਦਾ ਮਨ ਹੀ ਮਨ ਸੋਚ ਕੇ ਖ਼ੁਦ ਨੂੰ ਹੌਸਲਾ ਦੇ ਦੇ ਕੇ ਖ਼ੁਦਾ ਬਣ ਰਿਹਾ ਸੀ।

*

"ਚਾਚਾ ਤੂੰ ਵੀ ਕੋਈ ਗੱਲ ਨਹੀਂ ਦੱਸੀ?"

ਦੁੱਧ ਦਾ ਗੜ੍ਹਵਾ ਭਰੀ ਖੜ੍ਹੇ ਵੈਲੀ ਨੂੰ ਸਿਕੰਦਰ ਪੁੱਛ ਰਿਹਾ ਸੀ।

"ਮੇਰੇ ਹੱਥ ਗ਼ੋਰਖ਼ ਹੈ ਪੁੱਤਰਾ, ਮੈਨੂੰ ਕਿਸੇ ਗੱਲ ਦਾ ਪਤਾ ਹੁੰਦਾ ਤਾਂ ਹੀ ਦੱਸਦਾ, ਕੀ ਗੱਲ ਹੋਈ?"

ਵੈਲੀ ਨੇ ਅਨਜਾਣ ਬਣਦੇ ਹੋਏ ਕਿਹਾ ਪੁੱਛਿਆ ਸੀ।

"ਤੈਨੂੰ ਹਜੇ ਗੱਲ ਦਾ ਹੀ ਪਤਾ ਨਹੀਂ, ਓਏ ਮੇਰੀ ਜ਼ੋਰੂ ਨਾਲ ਤੇਰੇ ਪਿੰਡ ਦਾ ਮੁੰਡਾ ਜ਼ਬਰਦਸਤੀ ਕਰੇ ਔਰ ਤੈਨੂੰ ਪਤਾ ਹੀ ਨਾ ਹੋਵੇ?"

ਸਿਕੰਦਰ ਪੂਰਾ ਖ਼ਪਿਆ ਹੋਇਆ ਪੁੱਛ ਰਿਹਾ ਸੀ ਵੈਲੀ ਤੋਂ।

"ਬਿਨਾ ਪਾਣੀ ਦੇ ਮੌਜੇ ਖੋਲੀ ਫਿਰਦੈਂ ਤੂੰ ਤੇ ਪੁੱਤਰਾ, ਧੀਰਜ਼ ਰੱਖ, ਜੇ ਮੇਰੇ ਪਿੰਡ ਦਾ ਕੋਈ ਮੁੰਡਾ ਤੇਰੇ ਵੱਲ ਉਂਗਲ ਵੀ ਕਰੂ ਤਾਂ ਮੈਂ ਓਹਦੀ ਉਂਗਲ ਨਾ ਵੱਢ ਕੇ ਰੱਖ ਦਊਂਗਾ, ਤੂੰ ਕਿੱਥੇ ਭੁੱਲਿਆ ਫਿਰਦੈਂ?"

ਅਮਲੀ ਨੇ ਬੜ੍ਹਕ ਮਾਰੀ ਸੀ।

"ਤੂੰ ਚਾਚਾ ਉਂਗਲੀ ਦੀ ਗੱਲ ਕਰਦੈਂ? ਮੈਂ ਸਿਰ ਵੱਢਣ ਨੂੰ ਫਿਰਦਾਂ।"

ਸਿਕੰਦਰ ਨੇ ਗੰਡਾਸੀ ਨੂੰ ਹੱਥ ਪਾ ਲਿਆ ਸੀ।

"ਕਾਹਲ੍ਹੀ ਅੱਗੇ ਹਮੇਸ਼ਾਂ ਟੋਏ ਹੁੰਦੇ ਨੇ ਪੁੱਤਰਾ, ਪਹਿਲਾਂ ਆਪਣੇ ਸਹੁਰੇ ਨੂੰ ਭੇਜ ਜ਼ੈਲਦਾਰ ਦੇ ਘਰੇ ਉਲ੍ਹਾਂਬਾ ਦੇਵੇ, ਜਾਂ ਤੂੰ ਆਪ ਜਾ......, ਜੋਸ਼ ਦਾ ਕੰਮ ਨਹੀਂ, ਹੋਸ਼ ਦਾ ਕੰਮ ਹੁੰਦਾ ਹੈ ਨਾਰੀਆਂ ਨੂੰ ਹਾਸਲ ਕਰਨਾ, ਦਰੋਪਤੀ ਦੀ ਖ਼ਾਤਰ ਮਹਾਂ ਭਾਰਤ ਹੋਈ ਸੀ, ਲੱਖਾਂ ਸਿਰ ਵੱਢੇ ਗਏ ਸਨ ਪਰ ਦਰੋਪਤੀ ਦਾ ਵਾਲ ਵਿੰਗਾ ਨਹੀਂ ਸੀ ਹੋਇਆ, ਸੀਤਾ ਖ਼ਾਤਰ ਕਿਤੇ ਥੋੜੇ ਪੁਆੜੇ ਪਏ ਸਨ, ਲੰਕਾ ਭਸਮ ਹੋ ਗਈ ਸੀ ਸੋਨੇ ਦੀ, ਤੇ ਸੀਤਾ, ਫਿਰ ਸੀਤਾ ਦੀ ਸੀਤਾ, ਚਾਹ ਪੀ ਲੈਣ ਦੇ ਤੇ ਬਣਾਉਨੇ ਆਂ ਕੋਈ ਨਾ ਕੋਈ ਸਕੀਮ, ਤੂੰ ਬੱਲਿਆ, ਗੰਡਾਸੀ ਰੱਖਦੇ ਤੇ ਮੂੰਹ ਮੱਥਾ ਧੋ, ਸਵੇਰੇ ਸਵੇਰੇ ਪੁੱਠੇ ਹੀ ਕੰਮ, ਓਹੀ ਹੋ ਨਿਕਲੇ ਪਹਾੜ੍ਹਾਂ ਦੇ ਪਹਾੜ੍ਹੀਏ।"

ਵੈਲੀ ਕਹਿੰਦਾ ਹੋਇਆ ਚੌਂਕੇ ਵੱਲ ਨੂੰ ਹੋ ਤੁਰਿਆ ਸੀ।

ਮੂੰਹ ਤੇ ਠੰਡੇ ਪਾਣੀ ਦੇ ਛਿੱਟੇ ਪਏ ਤਾਂ ਹੋਸ਼ ਆਉਣ ਲੱਗੀ ਸੀ ਸਿਕੰਦਰ ਨੂੰ, ਉਬਲਦਾ ਜ਼ੁਆਨੀ ਦਾ ਜੋਸ਼ ਠਰਨ ਲੱਗਿਆ ਸੀ ਸਰਦ ਹਵਾ ਦੇ ਝੌਂਕੇ ਵਿੱਚ।

ਚਾਰ ਚੁਫੇਰੇ ਧੁੰਦ ਜਹੀ ਛਾਈ ਹੋਈ ਸੀ, ਨੂਰਾਂ ਚੁੱਲੇ ਮੂਹਰੇ ਬੈਠੀ ਚਾਹ ਵਿੱਚ ਦੁੱਧ ਪਾ ਰਹੀ ਸੀ, ਪਰ ਰੂਹ ਤੰਗ ਸੀ ਦੁਖੀ ਸੀ।

"ਤੂੰ ਏਥੇ ਕੀ ਕਰਨ ਆਉਨੈ?"

ਓਹ ਵੈਲੀ ਚਾਚੇ ਨੂੰ ਪੁੱਛ ਰਹੀ ਸੀ ਜਹਿੜਾ ਚੁੱਲੇ ਮੁੱਢ ਨੂੰ ਹੋ ਹੋ ਕੇ ਬੈਠ ਰਿਹਾ ਸੀ।

"ਤੇਰੇ ਸੰਯੋਗ ਮਿਲਾਣ ਲਈ।"

ਵੈਲੀ ਨੇ ਕਿਹਾ ਸੀ।

"ਤੇਰੇ ਆਪਣੇ ਤਾਂ ਮਿਲੇ ਨਾ, ਤੇਰੀ ਉਮਰ ਗੁਜ਼ਰ ਗਈ ਏ, ਤੇ ਮੇਰੇ ਤੂੰ ਭਲਾ ਕਿਵੇਂ ਸੰਯੋਗ ਮਿਲਾ ਦੇਵੇਂਗਾ? ਜੇ ਚੰਗੀ ਚਾਹੁਨੈ ਤਾਂ ਦੂਰ ਹੀ ਰਹਿ ਗੁੱਜ਼ਰਾਂ ਦੇ ਡੇਰੇ ਤੋਂ।"

ਨੂਰਾਂ, ਚੁੱਲੇ ਮੂਹਰੇ ਬੈਠੀ ਚਾਹ ਨੂੰ ਫ਼ੈਂਟਦੀ ਹੋਈ ਵੈਲੀ ਨੂੰ ਖ਼ਬਰਦਾਰ ਕਰ ਰਹੀ ਸੀ।

"ਮੈਂ ਚਾਹੁਨਾ ਤੇਰਾ ਘਰ ਵਸ ਜਾਵੇ, ਹੋਰ ਮੈਂ ਕੀ ਕੱਢਣਾ ਪਾਉਣਾ ਗੁੱਜ਼ਰਾਂ ਦੇ ਗੋਹੇ ਵਿੱਚੋਂ?"

ਵੈਲੀ ਚਾਚੇ ਨੇ ਚਾਹ ਦੇ ਗਿਲਾਸ ਨੂੰ ਹੱਥ ਪਾ ਲਿਆ ਸੀ, ਚਾਹ ਗਰਮ ਸੀ ਪਰ ਉਸ ਬੇ ਪਰਵਾਹ ਨੇ ਫਿਰ ਵੀ ਚੁੱਕ ਲਿਆ ਸੀ ਗਿਲਾਸ।

"ਚੱਲ ਉੱਠ, ਹੁਣ ਤੁਰਦਾ ਬਣ ਚੌਂਕੇ ਵਿੱਚੋਂ, ਤੇਰਾ ਏਥੇ ਕੋਈ ਕੰਮ ਨਹੀਂ।"

ਨੂਰਾਂ ਨੇ ਹੁਣ ਵੈਲੀ ਨੂੰ ਦੁਰਕਾਰ ਹੀ ਤਾਂ ਦਿੱਤਾ ਸੀ।

"ਮੇਰਾ ਹੀ ਤਾਂ ਸਾਰਾ ਕੰਮ ਹੈ, ਮੈਂ ਨਾ ਹੋਵਾਂ ਤਾਂ ਉੱਜੜੇ ਬਾਗ਼ਾਂ ਦੇ ਗਾਲੜ੍ਹ, ਪਟਵਾਰੀ ਬਣ ਬੈਠਣਗੇ।"

ਵੈਲੀ ਬੇ ਸ਼ਰਮ ਸੀ ਰੱਜ ਕੇ।

"ਤੁੰਮੇ ਮਿੱਠੇ ਹੁੰਦੇ ਤਾਂ ਗਿੱਦੜਾਂ ਹੀ ਖਾਹ ਲੈਣੇ ਸੀ ਬੇ ਘਰਿਆ"

ਨੂਰਾਂ ਨੇ ਵੈਲੀ ਚਾਚੇ ਨੂੰ ਠੋਕਰ ਜਹੀ ਮਾਰੀ ਸੀ।

"ਸ਼ੇਰ ਖਾਊ ਹੁਣ ਤੁੰਮੇ"

ਸਿਕੰਦਰ ਦੇ ਅੰਦਰ ਆ ਜਾਣ ਤੇ ਵੈਲੀ ਉੱਠ ਕੇ ਬਾਹਰ ਵੱਲ ਤੁਰ ਪਿਆ ਸੀ।

"ਬੁੜਿਆ, ਸ਼ੇਰ ਤੁੰਮੇ ਨਹੀਂ ਖਾਂਦੇ ਹੁੰਦੇ, ਸੰਯੋਗ ਤੂੰ ਮੇਰੇ ਸੁਆਹ ਮਿਲਾਉਣੇ ਨੇ? ਜਦੋਂ ਤੈਨੂੰ ਹਜੇ ਇਨਾ ਹੀ ਨਹੀਂ ਪਤਾ।"

ਨੂਰਾਂ ਬੇਬਸੀ ਦੀ ਖਿਝ ਕੱਢ ਰਹੀ ਸੀ ਵੈਲੀ ਉਤੇ।

"ਪੁੱਤ ਸਵੇਰੇ ਜੱਟ ਦੇ ਗਿੱਟੇ ਛਾਂਗਦਾ ਸੀ, ਤੇ ਨੂੰਹ, ਸਿਰ ਸੁਆਹ ਪਾਈ ਜਾਂਦੀ ਹੈ, ਭਲਮਾਣਸੀ ਨੂੰ ਕੋਈ ਪੁੱਛਦਾ ਹੀ ਨਹੀਂ, ਹੇ ਰੱਬਾ! ਮੇਰੇ ਜਿਹਾ ਸਾਊ ਹੋਰ ਨਾ ਜੰਮੀਂ, ਇਕ ਦਾ ਟਿਕਣਾ ਹੀ ਭਾਰੂ ਹੋਇਆ ਪਿਆ।"

ਵੈਲੀ ਚਾਚਾ, ਗੁੱਜ਼ਰਾਂ ਦੀ ਚਾਹ ਦੀਆਂ ਬੜਾ ਸੁਆਦ ਲੈ ਲੈ ਕੇ ਚੁਸਕੀਆਂ ਭਰਦਾ ਹੋਇਆ ਕਹਿ ਰਿਹਾ ਸੀ।

"ਬੜਾ ਵਧੀਆ ਟਿਕ ਕੇ ਤਾਂ ਤੂੰ ਖੜ੍ਹਾ ਏਂ, ਹੋਰ ਕਿੱਦਾਂ ਟਿਕਣਾ ਚਾਚਾ?"

ਸਿਕੰਦਰ, ਪਰਨੇ ਨਾਲ ਹੱਥ ਸਾਫ਼ ਕਰਦਾ ਹੋਇਆ ਵੈਲੀ ਚਾਚੇ ਵੱਲ ਨੂੰ ਮੁਖ਼ਾਤਬ ਹੋ ਕੇ ਕਹਿੰਦਾ ਹੋਇਆ ਖੁਸ਼ ਨਜ਼ਰ ਆ ਰਿਹਾ ਸੀ, ਆਵੇ ਵੀ ਕਿਉਂ ਨਾ? ਬਹੂ ਦੇ ਗੋਡੇ ਮੁੱਢ ਬੈਠਣ ਦੀ ਜਿਉਂ ਧਾਰ ਲਈ ਸੀ ਨਲ੍ਹਕੇ ਤੇ ਮੂੰਹ ਧੋਂਦੇ ਨੇ।

"ਆਹ ਟਿਕਣਾ ਵੀ ਕੋਈ ਟਿਕਣਾ ਹੈ, ਜਦੋਂ ਟਿਕੂੰ ਫਿਰ ਤੈਨੂੰ ਦਸੂੰਗਾ, ਅਜੇ ਤਾਂ ਐਵੇਂ ਖ਼ੱਜਲ਼ ਖ਼ੁਆਰੀ ਆ, ਅਗਾਂਹ ਹੋ ਕੇ ਫ਼ੜ੍ਹ ਲੈ ਤੂੰ ਵੀ ਗਿਲਾਸ ਚਾਹ ਦਾ, ਅੱਬਲ ਤਾਂ ਚੁੱਲੇ ਮੂਹਰੇ ਹੀ ਬੈਠ ਕੇ ਪੀ ਲੈ, ਨਾਲੇ ਅੱਗ ਕੋਲ ਬੈਠਿਆਂ ਠੰਡ ਠੁੰਡ ਉਤਰ ਜਾਊਗੀ।"

ਵੈਲੀ ਚਾਚਾ, ਨੂਰਾਂ ਵੱਲ ਦੇਖ ਅੱਖਾਂ ਵਿੱਚੋਂ ਹੱਸਦਾ ਹੋਇਆ, ਅੱਖਾਂ ਦੇ ਜ਼ਰੀਏ ਸਿਕੰਦਰ ਨੂੰ ਅਗਾਂਹ ਵਧਣ ਦੀ ਸੈਨਤ ਮਾਰ ਰਿਹਾ ਸੀ, ਤੇ ਨੂਰਾਂ, ਸਹਿਜ ਸੁਬਾਉ ਬੈਠੀ ਮਨ

ਹੀ ਮਨ ਸ਼ਾਇਦ ਮੂਰਖਾਂ ਨੂੰ ਵੇਖ ਹੱਸ ਪਈ ਸੀ, ਲੋਕ ਕਿੰਨੇ ਗਿਰ ਗਏ ਨੇ ਮਨੁੱਖਤਾ ਤੋਂ।

"ਤੂੰ ਨਰਾਜ਼ ਏਂ ਮੇਰੇ ਨਾਲ?"

ਚੁੱਲੇ ਕੋਲ ਆ ਕੇ ਬੈਠਦੇ ਹੋਏ ਨੂਰਾਂ ਵੱਲ ਵੇਖਦੇ ਹੋਏ ਪੁੱਛਿਆ ਸੀ ਸਿਕੰਦਰ ਨੇ।

"ਤੈਨੂੰ ਕੌਣ ਕਹਿੰਦਾ?"

ਨੂਰਾਂ ਨੇ ਬਿਨਾ ਉਸ ਵੱਲ ਤੱਕਿਆਂ ਹੀ ਪੁੱਛਿਆ ਸੀ।

"ਕਹਿੰਦਾ ਤਾਂ ਕੋਈ ਨਹੀਂ।"

ਸਿਕੰਦਰ ਠਿਠਕ ਗਿਆ ਸੀ, ਉਸ ਦਾ ਹੱਥ ਨੂਰਾਂ ਨੂੰ ਛੂਹੰਦਾ ਛੂਹੰਦਾ ਚਾਹ ਦੇ ਗਿਲਾਸ ਵਿੱਚ ਜਾ ਵੜਿਆ ਸੀ, ਗਿਲਾਸ ਚੋਂ ਤੱਤੀ ਤੱਤੀ ਚਾਹ ਸਿਕੰਦਰ ਦੇ ਪੈਰਾਂ ਉੱਤੇ ਪੈ ਗਈ ਸੀ ਜਿਸ ਕਰਕੇ ਉਹ ਝੱਟ ਉੱਠ ਖੜੋਤਾ ਸੀ ਆਪਣੇ ਚਾਦਰੇ ਨੂੰ ਝਾੜ੍ਹਦਾ ਹੋਇਆ।

"ਅਕਲ ਤੈਨੂੰ ਭੋਰਾ ਵੀ ਨਹੀਂ, ਹਜੇ ਵਿਆਹ ਤੂੰ ਮੇਰੇ ਨਾਲ ਕਰਾਉਣਾ ਚਾਹੁੰਦਾ ਹੈਂ।"

ਨੂਰਾਂ, ਉੱਠ ਕੇ ਜਾਂਦੀ ਜਾਂਦੀ ਸਿਕੰਦਰ ਤੇ ਜਿਵੇਂ ਹੈਂਡ ਗਰਨੇਡ ਸੁੱਟ ਗਈ ਹੋਵੇ, ਸਿਕੰਦਰ ਦੀ ਕੀਤੀ ਕਰਾਈ ਜਿਵੇਂ ਮਾਰੂ ਵਾਲੇ ਧੌਲ੍ਹੇ ਖੂਹ ਵਿੱਚ ਜਾ ਪਈ ਹੋਵੇ।

"ਕਰਾਉਣਾ ਨਹੀਂ ਰਕਾਨੇ, ਵਿਆਹ ਹੋ ਚੁੱਕਾ ਹੈ ਮੇਰੇ ਨਾਲ ਤੇਰਾ, ਤੇ ਵਿਆਹ ਇਕ ਵਾਰ ਹੁੰਦਾ ਹੈ, ਵਾਰ ਵਾਰ ਨਹੀਂ।"

ਸਿਕੰਦਰ, ਗਰਜ਼ ਰਿਹਾ ਸੀ ਸਾਉਣ ਦੇ ਬੱਦਲ੍ਹ ਵਾਂਗ ਬਿਰਹੋਂ ਦੀ ਸੂਲ੍ਹੀ ਚੜਿਆ, ਇੰਤਜ਼ਾਰ ਦੀ ਜ਼ਵਾਲਾ ਫ਼ਟਣ ਲੱਗੀ ਸੀ, ਉਹ ਆਪਣੇ ਮੂੰਹ ਵਿੱਚ ਦੀ ਸਾਰਾ ਲਾਵਾ ਉਗਲ੍ਹ ਦੇਣਾ ਚਾਹੁੰਦਾ ਸੀ।

"ਵਿਆਹ, ਮੇਰਾ ਤਾਂ ਹਾਲੇ ਹੋਣਾ ਹੈ, ਜੇ ਤੇਰਾ ਹੋ ਚੁੱਕਾ ਤਾਂ ਮੈਂ ਕੀ ਕਰਾਂ?"

ਨੂਰਾਂ ਕਹਿ ਰਹੀ ਸੀ।

"ਤੇਰਾ ਨਿਕਾਹ ਹੋ ਚੁੱਕਾ ਹੈ ਮੇਰੇ ਨਾਲ"

ਸਿਕੰਦਰ ਨੇ ਨੂਰਾਂ ਨੂੰ ਜਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ।

"ਜੇ ਹੋ ਚੁੱਕਾ ਹੈ ਤਾਂ ਮੈਨੂੰ ਯਾਦ ਕਿਉਂ ਨਹੀਂ?"

ਨੂਰਾਂ ਨੇ ਕਿਹਾ ਸੀ।

"ਪਰ ਮੈਨੂੰ ਯਾਦ ਹੈ"

ਸਿਕੰਦਰ ਕਹਿ ਰਿਹਾ ਸੀ।

"ਤਾਂ ਵੀ, ਮੈਂ ਕੀ ਕਰਾਂ?"

ਨੂਰਾਂ ਨੇ ਕਿਹਾ ਸੀ।

"ਤੂੰ, ਮੇਰੀ ਹੋਜਾ"

ਸਿਕੰਦਰ ਨੇ ਨੂਰਾਂ ਨੂੰ ਕਿਹਾ ਸੀ।

"ਮੈਂ, ਤੇਰੀ ਹੋਵਾਂ?"

ਨੂਰਾਂ ਹੱਸ ਪਈ ਸੀ ਸਿਕੰਦਰ ਤੇ, ਅਤੇ ਅੰਦਰੋ ਅੰਦਰੀ ਕਹਿ ਗਈ ਸੀ "ਕਮਲਿਆ, ਮੈਂ ਤਾਂ ਹੁਣ ਆਪਣੀ ਵੀ ਨਹੀਂ ਰਹੀ, ਤੇਰੀ ਕਿਵੇਂ ਹੋ ਜਾਵਾਂ?"

ਨੂਰਾਂ ਨੂੰ ਆਪਣੇ ਗੁਰੂ ਨਾਲ ਕੀਤਾ ਹੋਇਆ ਸਕਾਲਫ਼ ਯਾਦ ਸੀ।

"ਤੂੰ ਮੇਰੇ ਨਾਲ ਬਹੁਤੀਆਂ ਬਾੱਤਾਂ ਨਾ ਕਰ, ਮੈਨੂੰ ਇਕ ਟੁੱਕ ਜਵਾਬ ਦੇ ਕਿ ਤੂੰ ਕਿਵੇਂ ਮੰਨਣਾ, ਪਿਆਰ ਨਾਲ ਜਾਂ ਹਥਿਆਰ ਨਾਲ?"

ਸਿਕੰਦਰ ਬੁੜਕਿਆ ਸੀ।

"ਮੈਂ ਤੇਰੀ ਗ਼ੁਲਾਮ ਨਹੀਂ ਹਾਂ ਗੁੱਜ਼ਰਾ, ਅਗਾਂਹ ਤੂੰ ਖ਼ੁਦ ਅਕਲ ਕਰੀਂ, ਫਿਰ ਨਾ ਕਹੀਂ ਕਿ ਘਰ ਆਏ ਦੀ ਪੱਤ ਲਾਹ ਦਿੱਤੀ, ਇਹ ਨੂਰਾਂ ਦਾ ਘਰ ਹੈ, ਕਿਸੇ ਰੰਡੀ ਦਾ ਨਹੀਂ, ਮੇਰੇ ਰੋਮ ਰੋਮ ਤੇ ਤਾਂ ਹੁਣ ਮਨਪ੍ਰੀਤ ਦਾ ਨਾਮ ਲਿਖਿਆ ਗਿਆ ਹੈ, ਤੂੰ ਕਿਵੇਂ ਮਿਟਾ ਦੇਵੇਂਗਾ? ਜੇ ਖ਼ੈਰ ਚਾਹੁਨਾ ਤਾਂ ਨਜ਼ਰਾਂ ਨੀਵੀਂਆਂ ਕਰ ਕੇ ਗੱਲ ਕਰ, ਇਹ ਪਹਾੜ੍ਹ ਨਹੀਂ, ਇਹ ਪੰਜਾਬ ਹੈ, ਤੇਰੇ ਕੀਰਨੇ ਪਾਉਣ ਵਾਲਾ ਵੀ ਏਥੇ ਕੋਈ ਨਹੀਂ।"

ਨੂਰਾਂ, ਜ਼ਖ਼ਮੀ ਨਾਗ਼ਿਨ ਵਾਂਗ ਵਿਸ਼ ਘੋਲ ਰਹੀ ਸੀ, ਫ਼ੰਨ ਚੁੱਕੀ ਖੜ੍ਹੀ ਸੀ, ਅਤੇ ਸਿਕੰਦਰ, ਵਕਤ ਦੀ ਨਿਜ਼ਾਕਤ ਵੇਖ ਕੇ ਜ਼ਰਕ ਗਿਆ ਸੀ।

"ਮੈਂ ਤੇ ਤੇਰੇ ਤੋਂ ਜੁਦ੍ਹਾ ਨਹੀਂ ਰਹਿ ਸਕਦਾ, ਮਰਨਾ ਮਨਜ਼ੂਰ ਹੈ ਹੀਰੇ, ਇੰਤਜ਼ਾਰ ਦੀ ਹੱਦ ਹੋ ਗਈ ਏ, ਹੁਣ ਹੋਰ ਇੰਤਜ਼ਾਰ ਨਹੀਂ ਹੋਣਾ ਮੇਰੇ ਕੋਲੋਂ।"

ਸਿਕੰਦਰ, ਤੜ੍ਹਫ਼ ਰਿਹਾ ਸੀ।

"ਝੱਲੀਏ, ਨੂੰਹਾਂ ਧੀਆਂ ਵਾਲੇ ਕੰਮ ਕਰ, ਕਿਉਂ ਪਿਓ ਦੀ ਦਾੜ੍ਹੀ...।"

ਵੈਲੀ ਚਾਚਾ ਦੂਰ ਖੜ੍ਹਾ ਆਪਣੀ ਮੱਤ ਉਛਾਲਣ ਲੱਗਿਆ ਸੀ।

"ਤੂੰ, ਚੁੱਪ ਕਰਕੇ ਤੁਰਦਾ ਬਣ ਬੁੜ੍ਹਿਆ, ਤੇਰਾ ਏਥੇ ਕੀ ਰੱਖਿਆ ਹੈ?"

ਨੂਰਾਂ, ਵੈਲੀ ਨੂੰ ਝਈ ਲੈ ਕੇ ਪਈ ਸੀ।

"ਤੇਰਾ ਜ਼ੈਲਦਾਰ ਦੇ ਮੁੰਡੇ ਕੋਲ ਕੀ ਰੱਖਿਆ ਏ?"

ਵੈਲੀ ਵੀ ਪੁੱਛ ਗਿਆ ਸੀ।

"ਤੂੰ ਕੌਣ ਹੁੰਦਾਂ ਪੁੱਛਣ ਵਾਲਾ?"

ਨੂਰਾਂ ਨੇ ਵੈਲੀ ਚਾਚੇ ਵੱਲ ਨੂੰ ਅੱਖਾਂ ਕੱਢਦੀ ਨੇ ਕਿਹਾ ਸੀ।

"ਤੇਰਾ ਸਹੁਰਾ ਲੱਗਦਾਂ, ਪੁੱਛ ਆਪਣੇ ਖ਼ਸਮ ਤੋਂ।"

ਵੈਲੀ ਚਾਚਾ ਆਸਤੀਨ ਦਾ ਸੱਪ ਸੀ।

"ਜ਼ੈਲਦਾਰ ਦਾ ਮੁੰਡਾ? ਪਹਿਲਾਂ ਓਹਦੀ ਹੀ ਐਹੀ ਤੈਹੀ ਚਾੜ੍ਹਦਾਂ, ਤੈਨੂੰ ਫੇਰ ਹੀ ਦੇਖਾਂਗਾ।"

ਸਿਕੰਦਰ ਨੇ ਅੰਦਰੋਂ ਗੰਡਾਸੀ ਚੁੱਕ ਲਈ ਸੀ।

ਖ਼ਾਨ, ਰੌਲਾ ਰੱਪਾ ਸੁਣ ਕੇ ਆਪਣਾ ਕੰਮ ਅਧੂਰਾ ਛੱਡ ਕੇ ਆ ਗਿਆ ਸੀ।

"ਇਹ ਕੀ ਹੋ ਰਿਹਾ"

ਖ਼ਾਨ, ਅੱਖਾਂ ਪਾੜ੍ਹ ਪਾੜ੍ਹ ਸਿਕੰਦਰ ਹੱਥ ਫ਼ੜ੍ਹੀ ਗੰਡਾਸੀ ਨੂੰ ਦੇਖ ਰਿਹਾ ਸੀ।

"ਓਹੀ ਜੋ ਹੋਣਾ ਚਾਹੀਦਾ, ਪਹਿਲਾਂ ਤਾਂ ਬਾਰਾਂ ਸਾਲ ਜ਼ੋਰੂ ਦਾ ਇੰਤਜ਼ਾਰ ਕੀਤਾ, ਤੇ ਹੁਣ ਮੈਨੂੰ, ਜ਼ੋਰੂ ਦੀ ਖ਼ਾਤਰ ਜੰਗ ਲੜਨੀ ਪਊ ਤੇਰੇ ਹੁੰਦਿਆਂ?"

ਸਿਕੰਦਰ, ਸ਼ਾਸਤਰ ਚੁੱਕੀ ਸ਼ੇਰ ਬਣਿਆ ਖੜ੍ਹਾ ਸੀ।

"ਜੰਗ ਦਾ ਨਾਮ ਨਹੀਂ ਲੈਣਾ ਏਥੇ, ਨਾਲੇ ਏਥੇ ਗੰਡਾਸੀਆਂ ਦੇ ਜ਼ਮਾਨੇ ਨਹੀਂ ਰਹੇ, ਹੁਣ ਤੇ ਘੋੜੇ ਦੱਬੇ ਜਾਂਦੇ ਆ ਘੋੜੇ, ਇਹ ਕੰਮ ਨਾ ਕਰੀਂ, ਜੁਆਈਆਂ ਭਾਈਆਂ ਵਾਲੇ ਕੰਮ ਕਰ, ਜਾ ਸ਼ਹਿਰ ਵੱਲ ਗੇੜਾ ਕੱਢ ਆ, ਮੇਰੇ ਲਈ ਸ਼ਹਿਰੋਂ ਦੁਆਈ ਲੈ ਕੇ ਆ, ਮੇਰਾ ਦਿੱਲ ਪੱਟ ਹੁੰਦਾ ਹੈ।"

ਕਹਿੰਦਾ ਕਹਿੰਦਾ ਖ਼ਾਨ, ਚਾਰ ਪਾਈ ਉੱਤੇ ਬੈਠ ਗਿਆ ਸੀ ਕੁੜੀ ਦੱਬ ਕੇ ਆਇਆਂ ਵਾਂਗ।

"ਸਹੁਰਾ ਤੇਰਾ ਠੀਕ ਕਹਿੰਦਾ ਹੈ ਪੁੱਤਰਾ, ਗੰਡਾਸੀਆਂ ਨੂੰ ਏਥੇ ਨਹੀਂ ਕੋਈ ਪੁੱਛਦਾ, ਬੰਬਾਂ ਗੋਲ੍ਹੀਆਂ ਦਾ ਜ਼ਮਾਨਾ ਆ ਗਿਆ ਹੈ, ਜੰਮਦੇ ਦਬੂਕਾਂ ਚੁੱਕੀ ਫਿਰਦੇ ਆ ਏਥੇ, ਤੇ ਆਹ ਸੋਟੀ ਜਹੀ ਨੂੰ ਚੱਪੇ ਕੁ ਦਾ ਲੋਹਾ ਲਾ ਕੇ ਕਪਤਾਨ ਬਣੀ ਫਿਰਦੈਂ? ਚੱਲ, ਦੁਆਈ ਲਿਆਈਏ ਕੁੜਮ ਲਈ, ਸਾਰਾ ਕੁਝ ਏਥੇ ਹੀ ਰਹਿਣਾ ਹੈ, ਦੌੜਨ ਨਹੀਂ ਲੱਗਾ।"

ਵੈਲੀ ਵੀ ਸਿਕੰਦਰ ਨੂੰ ਸਮਝਾ ਰਿਹਾ ਸੀ।

"ਇਹ ਰਹਿਣ ਦੇ ਤੂੰ ਚਾਚਾ, ਪਿਛਲੇ ਪਿੰਡ ਬੰਦੇ ਗੱਲਾਂ ਕਰਦੇ ਸੀ ਕਿ ਇਕ ਭਈਆ, ਜੱਟਾਂ ਦੀ ਕੁੜੀ ਲੈ ਕੇ ਦੌੜ ਗਿਆ ਹੈ ਕਿਤੇ, ਹਜੇ ਤੱਕ ਨਹੀਂ ਪਤਾ ਲੱਗਾ ਕੁੜੀ ਦਾ, ਤੂੰ ਕਹਿਨਾ ਏਂ ਦੌੜ ਨਹੀਂ ਚੱਲਿਆ?"

ਸਿਕੰਦਰ, ਗੰਡਾਸੀ ਸੁੱਟ ਸ਼ਹਿਰ ਦੇ ਰਾਹ ਪੈ ਗਿਆ ਸੀ ਝੋਲ੍ਹੀ ਚੁੱਕ ਵੈਲੀ ਨੂੰ ਨਾਲ ਲੈ।

*

"ਗੁੱਜ਼ਰਾਂ ਦੇ ਫ਼ੱਟੇ ਚੁੱਕ ਦਿਓ ਮਿੱਤਰਾ, ਇਹ ਵੀ ਕੀ ਕਹਿਣਗੇ ਕਿ ਨੰਗਾਂ ਨਾਲ ਪੰਗਾ ਪਾ ਕੇ ਸੁੱਕੇ ਬਚ ਗਏ? ਕੱਲ, ਵੈਲੀ ਏਧਰੋਂ ਤੁਰਿਆ ਆਉਂਦਾ ਸੀ ਤੇ ਅੱਜ ਤੂੰ..........., ਰਾਤ ਨੂੰ ਕੀ ਗੁੱਜ਼ਰਾਂ ਦੇ ਚੌਲ ਚੁਗਦੇ ਰਹਿੰਦੇ ਹੋ?

ਕੁਲਦੀਪ, ਰਾਹੇ ਆਉਂਦੇ ਜੱਗੀ ਨੂੰ ਠੱਠਾ ਮਜ਼ਾਕ ਕਰ ਰਿਹਾ ਸੀ।

"ਚੌਲ ਤਾਂ ਗੁਜ਼ੱਰਾਂ ਦੇ ਚੁਗ ਲਵਾਂ, ਪਰ ਕਾਂ-ਗਿਆਰੀਆਂ ਨਹੀਂ ਮਗਰੋਂ ਲੱਥਦੀਆਂ ਦੀਂਹਦੀਆਂ, ਪਹਿਲਾਂ ਚੌਲ ਚੁਗਣ ਲੱਗਾ ਸੀ ਤਾਂ ਤੇਰਾ ਬੰਦਾ ਚੌਲ ਹੀ ਚੁੱਕ ਕੇ ਲੈ ਗਿਆ, ਮੈਨੂੰ ਪਤਾ ਵੀ ਨਹੀਂ ਲੱਗਣ ਦਿੱਤਾ, ਮੈਂ ਉਪਰੋਂ ਕਾਂ ਹੀ ਉਡਾਉਂਦਾ ਰਿਹਾ, ਹੇਠਾਂ ਮੂਸਾ ਕੰਮ ਕਰਕੇ ਰਾਹ ਪਿਆ।"

ਜੱਗੀ, ਰੋਸਾ ਜਿਹਾ ਕਰ ਰਿਹਾ ਸੀ ਕੁਲਦੀਪ ਕੋਲ।

"ਤਾਹੀਓਂ ਤਾਂ ਤੂੰ ਰਾਹਾਂ ਵਿੱਚ ਰੁਲ਼ਦਾ ਫਿਰਦੈਂ।"

ਕੁਲਦੀਪ ਨੇ ਹੋਰ ਛੇੜ ਦਿੱਤਾ ਸੀ।

"ਰੱਬ ਲਾਗੇ ਹੁੰਦਾ ਤਾਂ ਧੌਣੋਂ ਫ਼ੜਕੇ ਮੈਂ ਕੋਡਾ ਕਰ ਲੈਣਾ ਸੀ, ਬਈ ਸਹੁਰੀ ਦਿਆ, ਮੈਂ ਕੀ ਵਿਗਾੜ ਦਿੱਤਾ ਤੇਰਾ, ਜਹਿੜਾ ਤੂੰ ਮੇਰੇ ਲੇਖਾਂ ਵਿੱਚ ਰਾਹਾਂ ਚ' ਰੁਲਣਾ ਲਿਖ ਦਿੱਤਾ?"

ਰੇਲ ਅਤੇ ਨਹਿਰ ਦੇ ਪੁਲ਼ ਤੇ ਖੜ੍ਹਾ ਜੱਗੀ ਕਹਿ ਰਿਹਾ ਸੀ।

"ਮੈਂ ਤਾਂ ਅਨਪੜ੍ਹ ਹਾਂ ਬੜੇ ਵੀਰਾ, ਪਰ ਤੂੰ ਤਾਂ ਪੜ੍ਹਿਆ ਲਿਖਿਆ ਏਂ, ਤੂੰ ਹੀ ਮੇਰੇ ਲੇਖਾਂ ਨੂੰ ਬਦਲ ਕੇ ਲਿਖਦੇ।"

ਜੱਗੀ, ਹਾੜੇ ਕੱਢ ਰਿਹਾ ਸੀ ਕੁਲਦੀਪ ਦੇ, ਚੜ੍ਹਦੇ ਸੂਰਜ ਨੂੰ ਹੰਝੂਆਂ ਦਾ ਅਰਗ ਦੇ ਰਿਹਾ ਸੀ।

"ਕੀ ਲਿਖਾਂ ਤੇਰੇ ਲੇਖਾਂ ਵਿੱਚ?"

ਕੁਲਦੀਪ, ਗੰਭੀਰ ਜਿਹਾ ਹੋ ਕੇ ਪੁੱਛ ਰਿਹਾ ਸੀ।

"ਲਿਖਦੇ, ਗੁਜ਼ਰੀ ਦਾ ਨਾਂ, ਮੇਰੇ ਲੇਖਾਂ ਦੀ ਕਿਤਾਬ ਦੇ ਹਰ ਪਨੇ ਉਤੇ, ਨੂਰਾਂ ਨੂਰਾਂ ਨੂਰਾਂ"

ਜੱਗੀ, ਰੜ੍ਹੇ ਮੈਦਾਨ ਖੜ੍ਹਾ ਮਜ਼ਨੂ ਵਾਂਗ ਲੈਲਾਂ ਲੈਲਾਂ ਦੀ ਦੁਹਾਈ ਦੇ ਰਿਹਾ ਸੀ ਨੀਮ ਪਾਗ਼ਲ ਜਿਹਾ ਹੋਇਆ।

"ਮੁਲ਼ੋਂ ਹੀ ਤਰਸ ਗਿਆ ਲੱਗਦੈਂ?"

ਕੁਲਦੀਪ ਨੇ ਕਿਹਾ ਸੀ।

"ਤਰਸਣ ਨੂੰ ਛੱਡ ਬੜੇ ਵੀਰਾ, ਇਕ ਹੋਰ ਹੀ ਪੰਗਾ ਆ ਪਿਆ, ਗੁਜ਼ਰੀ ਦਾ ਨਿੱਕੀ ਹੁੰਦੀ ਦਾ ਵਿਆਹ ਹੋ ਚੁੱਕਾ ਹੈ ਕਿਤੇ, ਓਹਨੂੰ ਤਾਂ ਬਾਅਦ ਵਿੱਚ ਆਪੇ ਨਜਿੱਠ ਲਊਂਗਾ, ਤੂੰ ਆਪਣੇ ਬੰਦੇ ਨੂੰ ਮਿੰਨਤ ਨਾਲ ਕੱਢਦੇ, ਘਰ ਵਾਲਾ ਗੁਜ਼ਰੀ ਦੇ ਨੱਕ ਹੇਠਾਂ ਨਹੀਂ ਹੈ, ਵੈਸੇ ਵੀ ਮੈਂ ਓਧਰ ਰੰਗ ਵਿੱਚ ਭੰਗ ਪਾ ਆਇਆ ਹਾਂ, ਜ਼ਸ਼ਨਾ ਵਿੱਚ ਜੂਤ-ਪਤਾਂਗ ਦਾ ਰੌਲ਼ਾ ਪਾ ਆਇਆ ਹਾਂ, ਤੂੰ ਹੁਣ ਕੰਮ ਦੱਸ, ਕੀ ਕਰਨਾ ਹੈ ਬੜੇ ਵੀਰਾ?"

ਜੱਗੀ, ਆਪਣੀ ਕਥਾ ਸੁਣਾਉਂਦਾ ਹੋਇਆ ਕੁਲਦੀਪ ਤੋਂ ਪੁੱਛ ਰਿਹਾ ਸੀ।

"ਮੰਡੀ ਵਿੱਚ ਬੈਠਣਾ ਪੈਣਾ ਹੈ।"

ਕੁਲਦੀਪ ਨੇ ਕਿਹਾ ਸੀ।

"ਰਾਤ ਵੀ ਮੰਡੀ ਵਿੱਚ?"

ਜੱਗੀ ਨੇ ਪੁੱਛਿਆ ਸੀ।

"ਤੇਰੀ ਕਹਿੜੀ ਪਿੱਛੇ ਚੂੜੇ ਵਾਲੀ ਉਡੀਕਦੀ ਹੈ? ਰਾਤ ਮੰਡੀ ਵਿੱਚ ਰਹਿਣ ਤੋਂ ਕਿਵੇਂ ਡਰਦਾ ਸਾਲ਼ਾ, ਰਾਤ ਦੀ ਬੋਤਲ ਮਿਲੂਗੀ ਤੇ ਬਾਕੀ.........।"

ਕੁਲਦੀਪ ਨੇ ਕਿਹਾ ਸੀ।

"ਬਾਕੀ ਤਾਂ ਹੋਇਆ, ਪਰ ਤੂੰ ਰਾਂਝੇ ਦੀਆਂ ਭਰਜ਼ਾਈਆਂ ਵਾਲੇ ਤਾਹਨੇ ਤਾਂ ਨਾ ਮਾਰ ਬੜੇ ਵੀਰਾ, ਹੋਰ ਜੋ ਮਰਜ਼ੀ ਕਹਿ ਲਾ।"

ਜੱਗੀ ਨੇ ਅਰਜ਼ ਕੀਤੀ ਸੀ।

"ਬਾਕੀ ਕੰਮ ਤੇਰਾ ਹੋ ਜਾਊਗਾ, ਤੂੰ ਫਿਕਰ...।"

ਕੁਲਦੀਪ ਨੇ ਜੱਗੀ ਨੂੰ ਭਰੋਸਾ ਜਿਹਾ ਦਿੰਦੇ ਹੋਏ ਕਿਹਾ ਸੀ।

"ਹੋਊ ਹੋਊ ਨਾ ਹੁੰਦੀ ਰਹਿ ਜਾਵੇ, ਮੈਂ ਚੱਕੀ ਦੇ ਦੋਂਹ ਪੁੜ੍ਹਾਂ ਵਿੱਚ ਨਾ ਪਿਸ ਜਾਵਾਂ, ਬੜੇ ਵੀਰਾ ਕੁਝ ਕਰ"।

ਜੱਗੀ ਤਰਲੇ ਜਹੇ ਕਰ ਰਿਹਾ ਸੀ ਕੁਲਦੀਪ ਅੱਗੇ।

*

"ਜ਼ੈਲਦਾਰਾ, ਆਪਣੀ ਆਪਣੀ ਇੱਜ਼ਤ ਸਭ ਨੂੰ ਪਿਆਰੀ ਹੁੰਦੀ ਹੈ, ਤੂੰ ਵਰਜ਼ ਦੇ ਆਪਣੇ ਖ਼ੂਨ ਨੂੰ, ਓਹ ਸਾਡੀ ਇੱਜ਼ਤ ਨੂੰ ਹੱਥ ਨਾ ਪਾਵੇ, ਜਾਂ ਫਿਰ ਜੱਟਾਂ ਦੇ ਸਿਵਿਆਂ ਵਿੱਚ ਸੁੱਟ ਦੇ ਦੋ ਗੱਡੇ ਬਾਲਣ ਦੇ, ਪਤਾ ਨਹੀਂ ਕਦੋਂ ਅਰਥੀਆਂ ਉੱਠਣ ਲੱਗ ਪੈਣ ਆਸ਼ਕਾਂ ਦੀਆਂ, ਨੂਰਾਂ ਮੇਰੀ ਜ਼ੋਰੂ ਹੈ ਜ਼ੈਲਦਾਰਾ, ਮੈਂ, ਮੁਹੰਮਦ ਖ਼ਾਨ ਦਾ ਜ਼ੁਆਈ ਹਾਂ ਸਿਕੰਦਰ।"

ਸਿਕੰਦਰ, ਜ਼ੈਲਦਾਰ ਦੀ ਕੋਠੀ ਦੇ ਗੇਟ ਅੱਗੇ ਖੜ੍ਹਾ ਲਲਕਾਰ ਰਿਹਾ ਸੀ।

"ਓਏ, ਚੁੱਪ ਕਰ ਓਏ, ਮੈਂ ਤੇਰੇ ਜਹੇ ਬਹੁਤ ਸਿਕੰਦਰ ਵੇਖੇ ਆ, ਜਾਹ, ਚਲਿਆ ਜਾਹ ਓਏ ਗੁੱਜ਼ਰਾ, ਤੂੰ ਮੇਰੇ ਦਰ ਆਇਆਂ ਏਂ ਇਸ ਕਰਕੇ ਤੈਨੂੰ ਬਖ਼ਸ਼ ਦਿੱਤਾ ਮੈਂ, ਫਿਰ ਕਦੇ ਉਲਾਂਬਾ ਲੈ ਕੇ ਮੇਰੇ ਦਰ ਆਇਆ ਤੇ ਤੇਰਾ ਹਸ਼ਰ ਬਹੁਤ ਮਾੜਾ ਹੋਊ......, ਮੈਂ, ਦਰ ਤੇ ਪੁੱਤ ਦੀ ਅਰਥੀ ਤਾਂ ਦੇਖ ਸਕਦਾਂ, ਪਰ ਤੇਰੇ ਜਹੇ ਗੋਬਰ ਦੇ ਕੀੜੇ ਨਹੀਂ ਦੇਖ ਸਕਦਾ, ਜਾਹ ਦਫ਼ਾ ਹੋ ਜਾ, ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ।"

ਜ਼ੈਲਦਾਰ ਨੇ ਕਰੋਧ ਵਿੱਚ ਪੈਰ ਪਟਕਦਿਆਂ ਗੁੱਜ਼ਰ ਨੂੰ ਹਦਾਇਤ ਕੀਤੀ ਸੀ, ਜ਼ੈਲਦਾਰ ਦੀਆਂ ਅੱਖਾਂ ਮੂਹਰੇ ਕੀਲੀ ਤੇ ਟੰਗੀ ਦੁਨਾਲੀ ਦਾ ਅਕਸ ਉਭਰਨ ਲੱਗਿਆ ਸੀ, ਚੇਹਰਾ ਲਾਲ ਸੁਰਖ਼ ਤੇ ਗੂੜ੍ਹਾ ਨੀਲਾ ਹੋ ਰਿਹਾ ਸੀ, ਰੰਗ ਬਦਲ ਰਹੇ ਸਨ, ਭਰਵੀਆਂ ਮੁੱਛਾਂ ਤੇ ਵਧਵੀਂ ਖੁੱਲੀ ਦਾਹੜੀ, ਫੁੱਲਵੀਂ ਪੱਗ ਤੇ ਪੈਰੀਂ ਚੀਕਦੇ ਮੌਜ਼ੇ, ਜ਼ੈਲਦਾਰ ਦੇ ਅਸੂਲਾਂ ਅਤੇ ਸ਼ਾਨ-ਓ-ਸ਼ੌਕਤ ਦੀਆਂ ਧੁੰਮਾਂ ਪੈ ਚੁਕੀਆਂ ਸਨ ਸਾਰੇ ਇਲਾਕੇ ਵਿੱਚ, ਅਫ਼ਸਰਾਂ ਤੱਕ ਨਿਓਂਦੇ ਸਨ ਜ਼ੈਲਦਾਰ ਦੇ ਰੁਤਬੇ ਅੱਗੇ, ਤੇ ਇਹ ਇਕ ਮਾਮੂਲੀ ਗੁੱਜ਼ਰ ਅੱਖਾਂ ਕੱਢ ਕੇ ਧੌਣ ਚੁੱਕ ਕੇ ਧਮਕੀ ਨਹੀਂ ਜਿਵੇਂ ਉਸਦੀ ਸ਼ੋਭਾ ਨੂੰ ਛਲ੍ਹ ਕਹਿ ਗਿਆ ਹੋਵੇ, ਸ਼ਾਨ ਨੂੰ ਵੱਟਾ ਲਾ ਗਿਆ ਹੋਵੇ।

ਵਕਤ ਦੀ ਨਜ਼ਾਕਤ ਤੇ ਇੱਕਠੀ ਹੁੰਦੀ ਮੁਡੀਰ ਵੇਖ ਗੁੱਜ਼ਰ ਨੇ ਜ਼ੈਲਦਾਰ ਦੇ ਬੂਹੇ ਅੱਗਿਓਂ ਖ਼ਿਸਕਣ ਨੂੰ ਤਰਜ਼ੀਹ ਦਿੱਤੀ ਸੀ।

"ਬੜਾ ਔਖਾ ਲੱਗਦਾ ਏਂ ਪੁਰਜ਼ਿਆ, ਕੀ ਗੱਲ ਹੋ ਗਈ ਤੈਨੂੰ, ਜੱਟਾਂ ਦੇ ਮੁਹੱਲੇ ਵਿੱਚ ਹਿੱਕ ਤਾਣੀ ਫਿਰਦੈਂ?"

ਗਲ੍ਹੀ ਵਿੱਚ ਗੁੱਜ਼ਰ ਨੂੰ ਘੇਰੀ ਖੜ੍ਹਾ ਸੁੰਦਰ ਪੁੱਛ ਰਿਹਾ ਸੀ ਉਸ ਤੋਂ।

"ਤੈਨੂੰ ਹਜੇ ਗੱਲ ਦਾ ਨਹੀਂ ਪਤਾ ਲੱਗਾ?"

ਗੁੱਜ਼ਰ ਨੇ ਕਿਹਾ ਸੀ।

"ਤੂੰ ਦੱਸ ਦੇ।"

ਸੁੰਦਰ ਨੇ ਕਿਹਾ ਸੀ।

"ਤੇਰੇ ਮੁਹੱਲੇ ਦੇ ਆਸ਼ਕ ਸੋਧਣੇ ਆਂ ਹੁਣ।"

ਸਿਕੰਦਰ ਨੇ ਕਿਹਾ ਸੀ।

"ਤੂੰ ਸ਼ਰਾਬ ਪੀਤੀ ਹੈ ਗੁੱਜ਼ਰਾ?"

ਸੁੰਦਰ ਦਾ ਤੀਬਰ ਦਗ਼ਿਆ ਸੀ।

"ਨਹੀਂ"

ਸਿਕੰਦਰ ਨੇ ਜਵਾਬ ਦਿੱਤਾ ਸੀ।

“ਤਾਂ ਫਿਰ ਜ਼ਬਾਨ ਨੂੰ ਲਗਾਮ ਦੇ ਕੇ ਨਿਕਲਜਾ ਇੱਲਾਂ ਦੇ ਘਰੌਂਦਿਆਂ ਵਿੱਚੋਂ ਜੇ ਹੱਡਾਂ ਉਤੇ ਮਾਸ ਦੇਖਣਾ ਚਾਹੁੰਦਾ ਏਂ, ਜੇ ਫਿਰ ਕਦੇ ਮੇਰੇ ਯਾਰ ਦੇ ਬੂਹੇ ਉੱਚੀ ਅਵਾਜ਼ ਵਿੱਚ ਬੋਲਿਆ ਤਾਂ ਕਰੰਗ ਬਣਾ ਦੇਣਾ ਤੇਰਾ ਮੁਡੀਰ ਨੇ।”

ਸੁੰਦਰ ਨੇ ਗੁੱਜ਼ਰ ਨੂੰ ਸਮਝਾਇਆ ਸੀ।

“ਤੂੰ ਕੀ ਕਰ ਲਏਂਗਾ ਮੈਨੂੰ?”

ਸਿਕੰਦਰ ਨੇ ਸੁੰਦਰ ਨੂੰ ਲਲਕਾਰਿਆ ਸੀ।

“ਕਦੇ ਦੁਬਾਰਾ ਆਇਆ ਤਾਂ ਆਪੇ ਵੇਖ ਲਵੀਂ, ਮੈਂ ਤੈਨੂੰ ਕੀ ਕਰ ਸਕਦਾਂ।”

ਸੁੰਦਰ ਨਹੀਂ ਚਾਹੁੰਦਾ ਕਿ ਮਰਿਆ ਹੋਇਆ ਸੱਪ ਬਿਨਾ ਗੱਲੋਂ ਹੀ ਗਲ੍ਹ ਪੈ ਜਾਵੇ।

“ਜਾਣਦਾਂ, ਜਾਣਦਾਂ ਮੈਂ ਤੈਨੂੰ ਬੜੇ ਹਮਦੈਤੀਏ ਨੂੰ, ਸਾਂਨਾ ਦੇ ਭੇੜ ਵਿੱਚ ਨਾ ਫ਼ਸ, ਸਿੰਗਾਂ ਦੀ ਮਾਰ ਬੁਰੀ।”

ਗੁੱਜ਼ਰ, ਖ਼ੁਰ ਪੰਜੇ ਅੜਾਉਣੇ ਚਾਹੁੰਦਾ ਸੀ।

“ਜਦੋਂ ਦਾ ਮੈਂ ਜੰਮਿਆਂ ਰੋਜ਼ ਸਾਂਨਾ ਦੇ ਸਿੰਗ ਹੀ ਝਾੜਦਾ ਰਿਹਾ ਹਾਂ, ਤੂੰ ਹੁਣ ਜਾਵੇਂਗਾ ਜਾਂ ਮੈਨੂੰ ਵੀ ਹਿੰਸਾ ਬਾਦੀ ਬਣਾਵੇਂਗਾ, ਹੈਂ, ਕੀ ਸੁਲਾਹ ਹੈ ਤੇਰੀ, ਪਿਆਰ ਨਾਲ ਜਾਣਾ ਜਾਂ ਅਰਦਾਸਾ.........?”

ਸੁੰਦਰ, ਕਫ਼ ਝਾੜਨ ਲੱਗਿਆ ਸੀ ਕਮੀਜ਼ ਦੇ ਇਕ ਹੱਥ ਨਾਲ।

“ਦੇਖ ਲਊਂਗਾ ਤੈਨੂੰ ਵੀ।”

ਗੁੱਜ਼ਰ, ਜਾਂਦਾ ਜਾਂਦਾ ਬੇਬਸੀ ਤੇ ਲਾਚਾਰੀ ਦੀ ਧੂੜ ਝਾੜਦਾ ਜਾ ਰਿਹਾ ਸੀ ਕਾਹਲ੍ਹੇ ਕਦਮੀਂ।

“ਭਾਜੀ ਨੂੰ ਦੇਖਣ ਦਾ ਇੰਨਾ ਹੀ ਸ਼ੌਂਕ ਹੈ ਤਾਂ ਕਿਤਾਬ ਦੇਵਾਂ ਤੈਨੂੰ? ਜਦੋਂ ਦਿਲ ਕੀਤਾ ਫੋਟੋ ਦੇਖ ਲਈ।”

ਹਰਜੀਤ ਦੀ ਗੱਲ ਤੇ ਮਹੌਲ ਦਾ ਮਿਜਾਜ਼ ਮਖੌਲੀਆ ਹੋ ਗਿਆ ਸੀ।

“ਸਾਲ੍ਹਾ ਰਵੇਦਾਰੀਆਂ ਦਾ, ਕੱਲ ਦੀ ਭੂਤਨੀ ਤੇ ਸਿਵਿਆਂ ਚ’ ਅੱਧ, ਮੁੜ ਕੇ ਫੇਰ ਆਇਆ ਤਾਂ ਧੌਣ ਮਰੋੜ ਦਿਓ ਕੁੱਕੜ ਵਾਂਗ ਸਾਲ੍ਹੇ ਦੀ।”

ਸੁੰਦਰ ਨੇ ਕਿਹਾ ਸੀ।

“ਹੁਣੇ ਨਹੀਂ ਸੀ ਜਾਣ ਦੇਣਾ ਓਹਨੂੰ।”

ਹਰਜੀਤ ਨੇ ਕਿਹਾ ਸੀ।

“ਪੀਤੀ ਹੋਈ ਸੀ ਸਾਲ੍ਹੇ ਦੀ, ਮੈਨੂੰ ਮੁਸ਼ਕ ਆਇਆ ਸੀ ਓਹਦੇ ਕੋਲੋਂ ਸ਼ਰਾਬ ਦਾ,

ਓਦੋਂ ਹੀ ਡਰਦਾ ਮੁੱਕਰ ਗਿਆ ਸੀ।"

ਸੁੰਦਰ ਨੇ ਹਰਜੀਤ ਨੂੰ ਦੱਸਿਆ ਸੀ।

*

"ਤੂੰ, ਆਪਣੀ ਕਰਨੀ ਹੈ ਜਾਂ ਮੇਰੀ ਮੰਨਣੀ ਹੈ?"

ਖ਼ਾਨ, ਆਪਣੀ ਧੀ ਤੋਂ ਪੁੱਛ ਰਿਹਾ ਸੀ, ਧੀ, ਡੰਗਰਾਂ ਦੇ ਵਾੜੇ ਦਾ ਕਵਾੜ ਬੰਦ ਕਰ ਰਹੀ ਸੀ ਡੰਗਰਾਂ ਨੂੰ ਅੰਦਰ ਵਾੜ ਕੇ।

"ਅੱਬੂ, ਤੂੰ ਮੇਰੀ ਮੰਨੀ ਹੈ?"

ਨੂਰਾਂ ਨੇ ਆਪਣੇ ਅੱਬੂ ਤੋਂ ਪੁੱਛਿਆ ਸੀ।

"ਤੂੰ ਮੇਰੀ ਮੰਨਣੀ ਹੈ ਜਾਂ ਮੈਂ ਤੇਰੀ?"

ਮੁਹੰਮਦ ਖ਼ਾਨ ਆਪਣੀ ਧੀ ਨੂੰ ਆਪਣਾ ਪਿਓ ਹੋਣ ਦਾ ਹੱਕ ਜਿਤਾਉਣ ਲੱਗਾ ਸੀ।

"ਦੌੜਦਿਆਂ ਨੂੰ ਵਾਣ ਇਕੋ ਜਿਹਾ ਹੁੰਦਾ ਹੈ ਅੱਬੂ, ਤੂੰ ਕਲਿਹਣੀ ਮਗਰ ਦੌੜਦਾ ਏਂ ਤੇ ਮੈਂ ਆਪਣੇ ਸੱਚੇ ਪਿਆਰ ਮਗਰ..............।"

ਨੂਰਾਂ ਨੇ ਹੁਣ ਹਿੰਮਤ ਕਰਕੇ ਆਪਣੇ ਅੱਬੂ ਨੂੰ ਦਿੱਲ ਦੀ ਕਹਿ ਦਿੱਤੀ ਸੀ।

"ਪਿਆਰ, ਪਿਆਰ, ਪਿਆਰ, ਤੂੰ ਮਰ ਕਿਓਂ ਨਾ ਗਈ ਜੰਮਦੀ, ਤੂੰ ਮਰ ਜਾਂਦੀ ਤਾਂ ਤੇਰੀ ਮਾਂ ਦੇ ਨਾਲ ਹੀ ਤੇਰਾ ਵੀ ਸਬਰ ਕਰ ਲੈਂਦਾ, ਘੱਟੋ ਘੱਟ ਆਹ ਦਿਨ ਤਾਂ ਨਾ ਦੇਖਦਾ, ਤੂੰ ਭੁੱਲ ਜਾ ਪਿਆਰ ਵਿਆਰ ਨੂੰ ।"

ਮੁਹੰਮਦ ਖ਼ਾਨ ਨੇ ਨੂਰਾਂ ਨੂੰ ਕਿਹਾ ਸੀ।

"ਜਿਵੇਂ ਤੂੰ ਆਪਣੀ ਧੀ ਨੂੰ ਭੁੱਲ ਗਿਓਂ ਏਂ ਅੱਬੂ?"

ਨੂਰਾਂ ਨੇ ਪੁੱਛਿਆ ਸੀ ਆਪਣੇ ਅੱਬੂ ਤੋਂ।

"ਮੈਨੂੰ ਧੀ ਯਾਦ ਹੈ, ਓਹ ਹੀ ਮੈਨੂੰ............, ਮੈਂ ਤੈਨੂੰ ਕੱਚਿਆਂ ਦੁੱਧਾਂ ਨਾਲ ਪਾਲ਼ਿਆ ਤੇ ਕੁੱਤਿਆਂ ਗੁਆਈ.........।"

ਮੁਹੰਮਦ ਖ਼ਾਨ ਗੁੱਸੇ ਵਿੱਚ ਕਹਿ ਰਿਹਾ ਸੀ।

"ਅੱਬੂ! ਮੇਰੇ ਸੱਜਣ ਨੂੰ ਮੰਦਾ ਨਾ ਬੋਲੀਂ, ਉਹ ਮੇਰਾ ਖ਼ੁਦਾ ਹੈ।"

ਨੂਰਾਂ ਨੇ ਆਪਣੇ ਅੱਬੂ ਨੂੰ ਆਪਣੇ ਪਿਆਰ ਦੇ ਵਰਖ਼ਿਲਾਫ਼ ਕੋਈ ਵੀ ਗੱਲ ਕਹਿਣ ਤੋਂ ਰੋਕਿਆ ਸੀ।

"ਕੀ ਓਹ ਤੈਨੂੰ ਘਰ ਵਸਾ ਸਕਦਾ, ਸੁੰਨਤ ਕਰਵਾ ਸਕਦਾ, ਮੇਰਾ ਘਰ ਜੁਆਈ ਬਣ ਸਕਦਾ ਉਹ?"

ਖ਼ਾਨ ਨੇ ਆਪਣੀ ਧੀ ਤੋਂ ਪੁੱਛਿਆ ਸੀ।

"ਨਹੀਂ।"

ਨੂਰਾਂ ਬੋਲੀ ਸੀ।

"ਫਿਰ, ਕੀ ਕਰ ਸਕਦਾ ਓਹੋ?"

ਮੁਹੰਮਦ ਖ਼ਾਨ ਨੇ ਫਿਰ ਪੁੱਛਿਆ ਸੀ ਨੂਰਾਂ ਤੋਂ।

"ਓਹੋ, ਤੇਰੀ ਧੀ ਤੇ ਆਪਣੀ ਜਾਨ ਕੁਰਬਾਨ ਕਰ ਸਕਦਾ, ਹੋਰ ਤੂੰ ਕੀ ਚਾਹੁਨੈ ਅੱਬੂ? ਤੇਰੀ ਧੀ ਦੀਆਂ ਖ਼ੁਸ਼ੀਆਂ ਜੇ ਹੈਨ ਕਿਧਰੇ ਏਸ ਜਹਾਨ ਉੱਤੇ, ਤਾਂ ਓਹ ਸਿਰਫ਼ ਮਨਪ੍ਰੀਤ ਕੋਲ ਨੇ, ਇਹ ਜੋ ਸਿਕੰਦਰ ਹੈ, ਇਹ ਤੇਰਾ ਜੁਆਈ ਨਹੀਂ ਹੈ, ਤੇਰੀ ਧੀ ਦੇ ਜ਼ੋਬਨ ਦੀ ਜ਼ੋਕ ਹੈ, ਮੈਂ ਮੂਰਖ਼ਾਂ ਦੇ ਹੱਥਾਂ ਦੀ ਖੇਡ ਨਹੀਂ ਹਾਂ ਅੱਬੂ, ਮੈਨੂੰ ਵੀ ਅੱਲ੍ਹਾ ਨੇ ਦੁਨੀਆਂ ਤੇ ਜਿਊਣ ਭੇਜਿਆ ਹੈ, ਮੈਨੂੰ ਜਿਊਂਦੀ ਵੇਖਣਾ ਚਾਹੁੰਦਾ ਏਂ ਤਾਂ ਮਨਪ੍ਰੀਤ ਨੂੰ ਜੁਆਈ ਮੰਨ ਲੈ ਮੇਰੇ ਅੱਬਾ, ਮੇਰੀ ਜਿੰਦ ਤਾਂ, ਸੱਜਣ ਦੀ ਜਾਨ ਵਿੱਚ ਸਮਾ ਚੁੱਕੀ ਹੈ, ਆਸ਼ਿਕ ਹੈ ਮੇਰਾ ਓਹੋ, ਓਹ ਮੈਨੂੰ ਇਸ਼ਕ ਕਰਦਾ ਹੈ ਤੇ ਮੈਂ ਸੋਹਣੇ ਸੱਜਣ ਦੀ ਮਹਿਬੂਬਾ ਹੋ ਗਈ ਹਾਂ।"

ਨੂਰਾਂ, ਭਾਵੁਕ ਹੋ ਰਹੀ ਸੀ, ਕੁਰਲਾ ਰਹੀ ਸੀ ਜ਼ਨੌਰ ਦੀ ਤਰਾਂ, ਕੱਟੇ ਪਰ੍ਹਾਂ ਵਾਲੀ ਚੀਨੀ ਕਬੂਤਰੀ ਜਹੀ ਹਾਲਤ ਸੀ ਉਸਦੀ, ਜਹਿੜੀ ਇਸ਼ਕ ਦੇ ਅਸਮਾਨ ਉੱਤੇ ਉਡਾਰੀਆਂ ਮਾਰਨ ਲਈ ਜ਼ਮੀਨ ਤੇ ਤੜਫ਼ ਰਹੀ ਸੀ।

"ਮੱਤ ਲੈ ਆਪਣੀ ਜ਼ੁਬਾਨ ਚੋਂ ਮੇਰਾ ਨਾਂ, ਮੈਂ ਤੇਰਾ ਕੁਝ ਨਹੀਂ ਲੱਗਦਾ, ਮਰ ਗਈ ਤੂੰ ਮੇਰੇ ਲਈ ਕਮਜ਼ਾਤੇ, ਮੈਂ ਕੁਲੱਛਣੀ ਧੀ ਤੋਂ ਬਿਨਾ ਚੰਗਾਂ ਜਿਹਨੇ ਆਪਣੀ ਮਾਂ ਦੇ ਬਚਨਾ ਦੀ ਲਾਜ਼ ਨਾ ਰੱਖੀ।"

ਖ਼ਾਨ ਕਹਿ ਰਿਹਾ ਸੀ।

"ਓਥੇ ਭਲਾ ਮੁਰਦਿਆਂ ਦੀ ਕੀ ਲਾਜ਼, ਜਿੱਥੇ ਜਿਊਂਦੀਆਂ ਲਾਸ਼ਾਂ ਬੇ ਲੱਜ਼ ਹੋ ਜਾਣ ਅੱਬੂ।"

ਨੂਰਾਂ, ਬਲੌਰੀ ਨੈਣਾਂ ਵਿੱਚੋਂ ਕਿਰਦੇ ਮੋਤੀਆਂ ਨੂੰ ਸੂਹੇ ਸ਼ਾਲ ਦੀ ਕੰਨੀ ਨਾਲ ਪੂੰਝਦੀ ਹੋਈ ਆਪਣੇ ਰੋਜ਼ਾਨਾ ਦੇ ਆਹਾਰ ਨਾਲ ਜਾ ਜੁੱਟੀ ਸੀ,

ਖ਼ਾਨ ਦੀ ਨਜ਼ਰ ਵੈਲੀ ਚਾਚੇ ਦੇ ਹੱਥ ਫ਼ੜ੍ਹੇ ਹੋਏ ਝੋਲੇ ਵੱਲ ਘੁੰਮ ਗਈ ਸੀ ਧੀ ਵਲੋਂ ਹਟ ਕੇ, ਨਜ਼ਰ, ਨਹਿਰ ਦੇ ਪੁਲ੍ਹੋਂ ਉਤਰ ਰਹੇ ਵੈਲੀ ਦਾ ਝੋਲਾ ਟੋਹ ਗਈ ਸੀ, ਯੋਗੀ ਦੀ ਪਟਾਰੀ ਖ਼ਾੱਲੀ ਨਹੀਂ ਸੀ,

"ਜੈਸੀ ਸੰਗਤ ਵੈਸੀ ਸੋਹਬਤ"

ਖ਼ਾਨ ਨੂੰ ਝੋਲੇ ਅੰਦਰ ਪਈ ਬੋਤਲ ਵਿੱਚ ਹੀ ਕਾਇਨਾਤ ਮਹਿਸੂਸ ਹੋ ਰਹੀ ਸੀ,

ਹਲ੍ਕ, ਤੁਰੰਤ ਸ਼ਰਾਬ ਵਿੱਚ ਭਿਜਣਾ ਚਾਹੁੰਦਾ ਸੀ।

"ਓਹ ਆਪ ਕਿੱਥੇ ਗਿਆ?"

ਮੁਹੰਮਦ ਖ਼ਾਨ ਨੇ ਵੈਲੀ ਚਾਚੇ ਨੂੰ ਇਕੱਲਾ ਆਉਂਦੇ ਵੇਖ ਕੇ ਪੁੱਛਿਆ ਸੀ।

"ਆ ਜਾਂਦਾ ਹੁਣੇ ਹੀ, ਕੰਮ ਭੇਜਿਆ ਕਿਤੇ, ਤੂੰ ਆ ਇਧਰ, ਆਪਾਂ ਘੜੀ ਸ਼ੁਗਲ ਮੇਲਾ ਕਰਦੇ ਹਾਂ, ਨਿਆਣਿਆਂ ਦੀ ਨਿਆਣੇ ਜਾਨਣ, ਸਿਆਣਿਆਂ ਦੀ ਕੋਈ ਬੁੱਕਤ ਨਹੀਂ ਹੁਣ ਨਿਆਣਿਆਂ ਦੀਆਂ ਖੇਡਾਂ ਵਿੱਚ, ਬੁੱਢੇ ਖਿਡਾਰੀ ਬਲ੍ਹਾ ਰੱਤਾ ਹੀ ਠੀਕ ਰਹਿੰਦੇ ਨੇ ਖ਼ਾਨ ਮੀਆਂ।"

ਵੈਲੀ ਚਾਚੇ ਨੇ ਛੱਪਰ ਅੰਦਰ ਵੜਦੇ ਨੇ ਹੀ ਇਕ ਮੰਜ਼ਾ ਸਿੱਧਾ ਕਰ ਲਿਆ ਸੀ।

*

"ਤੇਰੇ ਚੇਹਰੇ ਪੇ ਬੋਹ ਯਾਦੂ ਹੈ,
ਬਿਨ ਡੋਰ ਖੀਚਾ ਜਾਤਾ ਹੂੰ।
ਮੁਝੇ ਜਾਨਾ ਹੋਤਾ ਔਰ ਕਹੀਂ
ਤੇਰੀ ਔਰ ਚਲਾ ਆਤਾ ਹੂੰ।"

ਸਾਈਕਲ ਤੇ ਸਵਾਰ ਮਨਪ੍ਰੀਤ ਦੇ ਮਸਤਕ ਵਿੱਚ ਸਵਰਗੀਏ ਕਿਸ਼ੋਰ ਕੁਮਾਰ ਦੇ ਸੁਵਰ ਯਾਦ ਆ ਰਹੇ ਸਨ, ਉਸ ਦੀ ਨਜ਼ਰ ਵਾਰ ਵਾਰ ਨਹਿਰੋਂ ਪਰਲੇ ਪਾਸੇ ਨੂੰ ਜਾਂਦੀ ਸੀ, ਹੌਲੀ ਹੌਲੀ 'ਯਾਰ-ਏ-ਦੀਦਾਰ' ਦੀ ਤਮੰਨਾ ਲਈ ਰੇਲ ਦੀ ਪਟੜ੍ਹੀ ਵੱਲ ਨੂੰ ਮਹਿਬੂਬਾ ਦੀ ਖ਼ੋਜ ਵਿੱਚ ਹੋ ਤੁਰਿਆ ਸੀ, ਪੁਲ੍ਹ ਲੰਘਦਿਆਂ ਹੀ ਸਾਹਮਣੇ ਖੜ੍ਹੀ ਸੀ ਕਿਆਮਤ, ਮੱਝਾਂ ਦੇ ਮਗਰ ਪਟੜ੍ਹੀ ਉੱਤੇ, ਬੇ ਕਰਾਰ ਦਿਲ ਨੂੰ ਕਰਾਰ ਜਿਹਾ ਆ ਗਿਆ ਸੀ, ਰਾਤ ਤਾਂ ਸਕਾਲਫ਼ ਹੜਪ ਗਿਆ ਸੀ, ਨੈਣਾਂ ਦੇ ਜ਼ਾਮ ਪੀਣ ਦਾ ਤੇ ਵਕਤ ਹੀ ਨਹੀਂ ਦਿੱਤਾ ਸੀ ਔਗੜ ਪੀਰ ਨੇ, ਪਿਆਸ ਤੇ ਬਾਕੀ ਰਹਿ ਗਈ ਸੀ, ਅਤੇ ਹੁਣ ਪਿਆਸਾ, ਮਧੁਰਾ ਦੀ ਸੁਰਾਹੀ ਕੋਲ ਪਹੁੰਚ ਗਿਆ ਸੀ ਪ੍ਰਵਾਨੇ ਦੀ ਤਰਾਂ।

"ਆ ਗਿਆਂ ਮੇਰੇ ਸੋਹਣੇ ਯਾਰਾ।"

ਨੂਰਾਂ, ਜੱਟ ਨੂੰ ਸੀਨੇ ਨਾਲ ਘੁੱਟਦੀ ਹੋਈ ਮੂੰਹੋਂ ਬੁੜ ਬੁੜਾ ਰਹੀ ਸੀ ਕੁਛ ਨੀਮ ਮਦਹੋਸ਼ੀ ਦੀ ਤਰਾਂ।

"ਤੇਰੀਆਂ ਅੱਖਾਂ ਦੀ ਕਸ਼ਿਸ਼ ਖਿੱਚ ਕੇ ਲੈ ਆਉਂਦੀ ਹੈ, ਵਰਨਾ ਮੈਂ ਤੇ ਖ਼ਬਰੇ ਕਿਧਰੇ ਹੋਰ ਹੀ ਜਾ ਰਿਹਾ ਸੀ।"

ਮਨਪ੍ਰੀਤ ਵੀ ਜਿਵੇਂ ਆਪਣੇ ਨੈਤਿਕ ਜੀਵਨ ਤੋਂ ਹਿੱਲਦਾ ਜਾ ਰਿਹਾ ਹੋਵੇ ਨੂਰਾਂ ਦੀ

ਤਰਾਂ ਹੀ, ਅਵਾਜ਼ ਵਿੱਚ ਪਹਿਲਾਂ ਵਾਲੀ ਕੜਕ ਨਹੀਂ ਰਹੀ ਸੀ, ਬੇ ਬਸੀ ਆ ਗਈ ਸੀ ਜਾਂ ਸ਼ਾਇਦ ਇਸ਼ਕ ਦੀ ਮਿਠਾਸ ਸੀ।

"ਕੋਈ ਹੋਰ ਵੀ ਨਜ਼ਰ ਆਉਂਦਾ ਆਪਣਾ?"

ਨੂਰਾਂ, ਬੰਦ ਅੱਖੀਂ ਸੁੱਕੀ ਨਹਿਰ ਵਿੱਚ ਮੈਲੀ ਜਹੀ ਰੇਤ ਉਪਰ ਯਾਰ ਦੇ ਪੱਟ ਉੱਤੇ ਸਿਰ ਧਰੀ ਪਈ ਪੁੱਛ ਰਹੀ ਸੀ ਮਨਪ੍ਰੀਤ ਤੋਂ, ਤੇ ਮਨਪ੍ਰੀਤ ਨਜ਼ਰਾਂ ਝੁਕਾਈ ਨੂਰਾਂ ਦਾ ਚੇਹਰਾ ਤੱਕ ਰਿਹਾ ਸੀ, ਅੱਖਾਂ ਦੀਆਂ ਪਲਕਾਂ ਉਪਰ ਹੀ ਟਿਕ ਗਈਆਂ ਸਨ, ਜਾਂ ਮਨਪ੍ਰੀਤ ਨੂੰ ਹੀ ਅੱਖਾਂ ਝਮਕਣ ਦਾ ਚੇਤਾ ਭੁੱਲ ਗਿਆ ਸੀ।

"ਅੱਖਾਂ ਖੋਲੇਂਗੀ ਤਾਂ ਵੇਖ ਕੇ ਦੱਸਾਂਗਾ, ਅੱਖਾਂ ਤਾਂ ਤੂੰ ਬੰਦ ਕੀਤੀਆਂ ਨੇ, ਵੇਖ ਕਿਵੇਂ ਲਵਾਂ?"

ਅੱਖਾਂ ਖੁੱਲੀਆਂ ਸਨ ਤਾਂ ਟਿਕਦੀ ਦਪੈਹਿਰ ਦਾ ਸੂਰਜ਼ ਨੂਰਾਂ ਨੂੰ ਨਜ਼ਰ ਨਹੀਂ ਸੀ ਆ ਰਿਹਾ, ਸਗੋਂ ਅਕਾਸ਼ ਵੱਲ ਤੱਕਿਆਂ ਸੂਰਜ਼ ਦੀ ਵਜਾਏ ਦੋਂਹ ਨੈਣਾ ਦੀਆਂ ਜੋਤਾਂ ਹੀ ਨਜ਼ਰ ਆ ਰਹੀਆਂ ਸਨ, 'ਨਿਰਭੌ ਤੇ ਨਿਰਵੈਰ ਅਕਾਲ ਪੁਰਖ਼ ਦੀਆਂ ਦੋ ਕਲਾ ਕਿਰਤੀਆਂ, ਜਿਨ੍ਹਾ ਨੂੰ ਸ਼ਾਇਦ ਉਸਨੇ

ਇਸ਼ਕ ਦੇ ਬਜੂਦ ਵਿੱਚ ਰੂਹ ਫ਼ੂਕਣ ਲਈ ਹੀ ਮਾਤ ਲੋਕ ਭੇਜਿਆ ਸੀ, ਉਹ ਖੁਸ਼ ਸੀ ਆਪਣੇ ਖਿਡਾਉਣੇ ਖੇਡਦੇ ਵੇਖ ਕੇ, ਮਾਹੀ ਖੁਸ਼ ਹੋਣਾ ਚਾਹੀਦਾ, ਜ਼ਮਾਨਾ ਚਾਹੇ ਚੁੱਲੇ ਦੀ ਥਾਂ ਭੱਠੀ ਵਿੱਚ ਪਵੇ, ਹੋਣਾ ਓਹੀ ਹੈ ਜੋ ਉਸ ਨੇ ਕਰਨਾ ਹੈ, ਬਾਕੀ ਤਾਂ ਸਭ ਤਮਾ ਹੀ ਹੈ।।

*

ਪਿੰਡ ਵਲੋਂ ਲੋਕਾਂ ਦੀ ਹੇੜ ਖਿੱਚੀ ਆਉਂਦੀ ਸੀ ਨਹਿਰ ਵੱਲ ਨੂੰ, ਸਭ ਤੋਂ ਮੂਹਰੇ ਸੀ ਜੱਗੀ ਤੇ ਪਿਛੇ ਜ਼ੈਲਦਾਰ ਬਲਜੀਤ ਸਿੰਘ, ਉਹਨਾ ਦੇ ਨਾਲ ਹੋਰ ਆਪਣੇ ਪਰਾਏ ਤੇ ਕੁਝ ਤਮਾਸ਼ ਬੀਨ ਨਹਿਰ ਦੀ ਪਟੜ੍ਹੀ ਤੇ ਆ ਪਹੁੰਚੇ ਸਨ।

"ਔਹ ਬੈਠਾ ਤਾਇਆ ਜੀ ਤੁਹਾਡਾ ਰੋਸ਼ਨ ਚਿਰਾਗ਼, ਮੁਸਲਮਾਨਣੀ ਨੂੰ ਸੀਨੇ ਨਾਲ ਲਾਈ ਨਹਿਰ ਵਿੱਚ।"

ਜੱਗੀ, ਪਟੜ੍ਹੀ ਤੇ ਖੜ੍ਹਾ ਉੱਚੀ ਅਵਾਜ਼ ਵਿੱਚ ਸਾਰੇ ਲੋਕਾਂ ਨੂੰ ਸੁਣਾ ਰਿਹਾ ਸੀ, ਆਸ਼ਕਾਂ ਦੇ ਪਿੜ੍ਹ ਵੱਲ ਅੱਖਾਂ ਫ਼ਾੜ੍ਹ ਫ਼ਾੜ੍ਹ ਚੁਗਲ ਵਾਂਗ ਵੇਹੰਦਾ ਹੋਇਆ, ਮਨਪ੍ਰੀਤ ਨੇ ਜਿਉਂ ਹੀ ਜੱਗੀ ਵੱਲ ਨਜ਼ਰ ਉਠਾਈ ਸੀ ਤਾਂ ਜੱਗੀ ਦੀ ਚੰਡੀ ਲਹਿ ਗਈ ਸੀ, ਅੱਖਾਂ ਦੀ ਮਾਰ ਨਾਲ ਹੀ ਓਹ ਪਾਣੀ ਵਿੱਚ ਪਤਾਸੇ ਵਾਂਗੂ ਖ਼ੁਰ ਗਿਆ ਸੀ ਧੁਰ ਅੰਦਰੋਂ, ਟਿਕ ਨਹੀਂ ਸੀ ਸਕਿਆ ਸਾਹਮਣੇ, ਆਉਂਦੀ ਲੋਕਾਂ ਦੀ ਹੇੜ ਵਿੱਚ ਹੀ ਅਲੋਪ ਹੋ ਗਿਆ ਸੀ, ਅੱਗ ਲਾਈ ਤੇ ਡੱਬੂ

ਨਿਆਈਂ, ਲੋਕਾਂ ਦੇ ਹਜੂਮ ਦੀਆਂ ਅੱਖਾਂ ਸਾਹਮਣੇ ਸੁੱਕੀ ਨਹਿਰ ਵਿੱਚ ਖੜ੍ਹੇ ਸਨ ਦੋ ਬੁੱਤ ਵਿਰਾਨ ਜਹੇ, ਮਗਰ ਬੇ ਨੂਰ ਨਹੀਂ ਸਨ।

"ਝੋਨਾ ਖ਼ੇਤਾਂ ਵਿੱਚ ਰੁਲ੍ਹਦਾ ਪਿਆ ਤੇ ਤੂੰ ਖ਼ਸਮਾਂ ਗੁਜ਼ਰੀ ਦੀ ਬੁਕਲ੍ਹ ਵਿੱਚ ਵੜਿਆ ਬੈਠਾਂ ਏਥੇ, ਨਾਲੇ ਇਹ ਤੇਰੀ ਲੱਗਦੀ ਕੁਆਰੀ ਨਹੀਂ, ਵਿਆਹੀ ਹੋਈ ਹੈ, ਛੱਡ ਦੇ ਇਹਦਾ ਖਹਿੜਾ ਜੇ ਚੰਗੀ ਚਾਹੁਨੈ, ਨਹੀਂ ਤੇ ਬਾਪੂ ਨੇ ਤੈਨੂੰ ਘਰੋਂ ਬੇ ਦਖ਼ਲ ਕਰ ਦੇਣਾ ਹੈ, ਫਿਰ ਰੋਟੀ ਦੇ ਦੋ ਟੁੱਕਾਂ ਨੂੰ ਵੀ ਜ਼ਬਕਦਾ ਫਿਰੇਂਗਾ, ਜਿੰਨਾ ਤੈਨੂੰ ਵਜ਼ਾ ਵਜ਼ਾ ਨਾਲ ਸਮਝਾਇਆ ਏ, ਤੂੰ, ਓਨਾ ਹੀ ਸਿਰ ਤੇ ਆ ਬੈਠਾਂ।"

ਕੁਲਦੀਪ, ਬਾਪੂ ਦੇ ਬਰਾਬਰ ਉੱਚੀ ਥਾਂ ਤੇ ਖੜ੍ਹਾ ਚੇਤਾਵਨੀ ਤੇ ਨਸੀਹਤ ਕਰ ਰਿਹਾ ਸੀ ਮਨਪ੍ਰੀਤ ਨੂੰ।

"ਵੱਸ, ਏਨੀ ਕੁ ਗੱਲ ਦੀ ਖ਼ਾਤਰ ਐਨੀ ਖ਼ੇਚਲ ਕੀਤੀ ਤੁਸੀਂ ਬਾਪੂ ਜੀ? ਮੈਨੂੰ ਸੁਨੇਹਾ ਭੇਜ ਦਿੱਤਾ ਹੁੰਦਾ ਤਾਂ ਮੈਂ ਖ਼ੁਦ ਹੀ ਆ ਕੇ ਕਹਿ ਦੇਣਾ ਸੀ, ਕਿ ਮੈਂ ਬਾਪੂ ਦੀ ਜ਼ਮੀਨ ਜ਼ਾਇਦਾਦ ਦਾ ਵਾਰਿਸ ਨਹੀਂ ਰਿਹਾ।"

ਮਨਪ੍ਰੀਤ ਨੇ ਬੜੀ ਨਿਮਰਤਾ ਅਤੇ ਸਹਿਜ਼ ਨਾਲ ਕਿਹਾ ਸੀ, ਸੁਣਨ ਵਾਲਿਆਂ ਦੇ ਰੌਂਗਟੇ ਖੜ੍ਹੇ ਹੋਣ ਲੱਗੇ ਸਨ ਸੁਣ ਕੇ, ਸਭਨਾ ਦੇ ਦਿਮਾਗ਼ ਕਸ਼ਮਕਸ਼ ਵਿੱਚ ਸਨ ਅਣਹੋਣੀ ਵੇਖ ਕੇ।

"ਕੀ ਥੁੜਿਆ ਸੀ ਏਸ ਜਹਾਨ ਵਿੱਚ ਤੇਰੇ ਬਿਨਾ?"

ਜ਼ੈਲਦਾਰ ਬਲਜੀਤ ਸਿੰਘ ਦੀਆਂ ਰਗਾਂ ਵਿੱਚ ਧਰਮ ਦੀ ਬੇਤੁਕੀ ਮਰਿਯਾਦਾ ਦਾ ਖ਼ੂਨ ਦੌੜਨ ਲੱਗਾ ਸੀ, ਭਾਈ ਘਨੱਈਆ ਜੀ ਦਾ ਇਤਹਾਸ ਉਸ ਨੂੰ ਯਾਦ ਨਹੀਂ ਸੀ ਰਿਹਾ, ਜਹਿੜਾ ਹਰ ਜ਼ਖ਼ਮੀ ਇਨਸਾਨ ਦੇ ਮਲ੍ਹਮ ਪੱਟੀ ਕਰਦਾ ਸੀ, ਜਿਸ ਨੂੰ ਸਭ "ਮਾਨਿਸ ਕੀ ਜਾਤਿ ਏਕ ਪਹਿਚਾਨ ਵੋ" ਲੱਗਦੀ ਸੀ, ਇਸ ਕਰਕੇ ਹੀ ਤਾਂ ਜ਼ੈਲਦਾਰ ਮਨੁੱਖਤਾ ਤੋਂ ਗਿਰੇ ਹੋਏ ਬੰਦੇ ਵਾਂਗ ਗੱਲਾਂ ਕਰਦਾ ਸੀ ਬੇ ਤੁਕੇ ਬੋਲ ਕਹਿ ਰਿਹਾ ਸੀ।

"ਮੇਰੇ ਬਿਨਾ, ਇਸ਼ਕ ਦਾ ਪਲੱੜ੍ਹਾ ਥੁੜਿਆ ਸੀ ਏਸ ਜਹਾਨ ਵਿੱਚ।"

ਮਨਪ੍ਰੀਤ ਨੇ ਕਿਹਾ ਸੀ।

"ਹਜੇ ਪੂਰਾ ਹੋਇਆ ਕੇ ਨਹੀਂ?"

ਕੁਲਦੀਪ ਨੇ ਗੁੱਸੇ ਨਾਲ ਪੁੱਛਿਆ ਸੀ ਮਨਪ੍ਰੀਤ ਵੱਲ ਅੱਖਾਂ ਗਹਿਰੀਆਂ ਕਰਦੇ ਹੋਏ ਨੇ।

"ਕਈ ਜੁੱਗ ਲੰਘ ਗਏ ਨੇ, ਤੇ ਕਈ ਹੋਰ ਆਉਣਗੇ, ਮੈਂ ਕਿੱਥੋਂ ਪੂਰਾ ਕਰ ਦੇਣਾ ਤੁਹਾਡੇ ਹੁੰਦਿਆਂ, ਮੇਰਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ, ਮੈਂ ਅਜਾਦ ਹਾਂ ਪੰਛੀ ਦੀ ਤਰਾਂ,

ਜਾਹ ਸਾਈਆਂ, ਮੈਂ ਤੇਰੇ ਕਹਿਣ ਤੋਂ ਪਹਿਲਾਂ ਹੀ ਤੇਰਾ ਘਰ ਤਿਆਗ ਦਿੱਤਾ ਇਸ ਜਨਮ ਵਿੱਚ ਵੀ।"

ਮਨਪ੍ਰੀਤ ਨੇ ਸਾਫ਼ ਲਫ਼ਜਾਂ ਵਿੱਚ ਕਹਿ ਦਿੱਤਾ ਸੀ।

"ਘਰ ਛੱਡ ਕੇ ਬਹੁਤ ਦੇਰ ਜਿਊਂਦਾ ਨਹੀਂ ਰਹਿ ਸਕੇਂਗਾ ਪੁੱਤਰਾ, ਕਹਿਣਾ ਸੌਖਾ ਹੈ, ਕਰ ਨਹੀਂ ਸਕੇਂਗਾ।"

ਜ਼ੈਲਦਾਰ ਨੇ ਆਪਣੇ ਪੁੱਤ ਮਨਪ੍ਰੀਤ ਨੂੰ ਕਿਹਾ ਸੀ।

"ਇਸ਼ਕ ਤੋਂ ਔਖਾ ਵੀ ਕੋਈ ਕਾਰਜ਼ ਨਹੀਂ ਹੈ ਬਾਪੂ ਜੀ।"

ਮਨਪ੍ਰੀਤ ਨੇ ਬੁੱਲਾਂ ਵਿੱਚ ਮੁਸਕਰਾਉਂਦੇ ਹੋਏ ਕਿਹਾ ਸੀ।

"ਤੇਰੇ ਕੋਲੋਂ ਇਸ਼ਕ ਵੀ ਨਹੀਂ ਹੋਣਾ ਤੇ ਤੂੰ ਸਾਥੋਂ ਵੀ ਜਾਂਦਾ ਲੱਗਣਾ, ਟਲ੍ਹਜਾ ਹਜੇ ਵੀ ਵਕਤ ਹੈ, ਤੂੰ ਹੀ ਕੁਝ ਸੋਚ ਕੁੜੀਏ ਆਪਣੇ ਪਿਓ ਦੀ ਲਾਜ਼ ਵਾਰੇ, ਕਿਉਂ ਏਹਦੇ ਮਗਰ ਲੱਗ ਗਈ ਏਂ ਝੱਲੀਆਂ ਵਾਂਗ, ਮਾਂ ਨੇ ਪੁੱਤ ਜੰਮ ਕੇ ਤੇਰਾ ਕੀ ਵਿਗਾੜ ਦਿੱਤਾ, ਜਿਹਨੂੰ ਤੂੰ ਵਕਤਾਂ ਵਿੱਚ ਪਾ ਦਿੱਤਾ ਹੈ?"

ਜ਼ੈਲਦਾਰ ਨੇ ਹੁਣ ਨੂਰਾਂ ਵੱਲ ਮੁਖਾਤਿਬ ਹੋ ਕੇ ਕਿਹਾ ਸੀ, ਜਵਾਬ ਉਡੀਕਣ ਓਪਰੰਤ ਵੀ ਨਹੀਂ ਸੀ ਆਇਆ, ਖ਼ਬਰੇ ਗੁਜ਼ਰੀ ਨੇ ਸਿਕੜੀ ਨਾਲ ਸਿਓਂ ਲਏ ਸਨ ਆਪਣੇ ਗੁਲਾਬੀ ਹੋਠ।

"ਏਹਨੇ ਕਿੱਥੇ ਮੰਨਣਾ ਏਦਾਂ, ਮੈਨੂੰ ਪਤਾ, ਮੱਛੀ ਪੱਥਰ ਚੱਟ ਕੇ ਹੀ ਮੁੜੂ।"

ਕੁਲਦੀਪ ਕਹਿ ਰਿਹਾ ਸੀ, ਮਸਲਾ ਪੰਜਾਬ ਦੇ ਮਸਲੇ ਵਾਂਗ ਲਟਕਦਾ ਜਾਪ ਰਿਹਾ ਸੀ ਉਸਨੂੰ।

"ਮੱਛੀ ਪੱਥਰ ਚੱਟ ਕੇ ਮੁੜੀ ਤਾਂ ਕੀ ਮੁੜੀ, ਓਹਦੇ ਨਾਲੋਂ ਤਾਂ ਬੇ ਸ਼ੱਕ ਨਾ ਹੀ ਮੁੜੇ।"

ਜ਼ੈਲਦਾਰ ਇੰਝ ਕਹਿ ਕੇ ਵਾਪਿਸ ਪਿੰਡ ਵੱਲ ਨੂੰ ਮੁੜ ਪਿਆ ਸੀ, ਜਿੰਨਾ ਉਹ ਭਰਿਆ ਪੀਤਿਆ ਉਥੇ ਆਇਆ ਸੀ ਉਸ ਤੋਂ ਵੀ ਕਿਤੇ ਜਿਆਦਾ ਖਾਲੀ ਖਾਲੀ ਮੁੜ ਰਿਹਾ ਸੀ ਗਲ੍ਹਾ ਭਰੀ, ਪੁੱਤਰ ਦੀ ਮੌਤ ਤੇ ਵਿਯੋਗ ਸਦਕਾ, ਫਿਰ ਸਿਰ ਦੀ ਪੱਗ ਨੂੰ ਹੁੰਦੀਆਂ ਸਲਾਮਾਂ ਯਾਦ ਆਉਣ ਲੱਗੀਆਂ ਸਨ, ਜਿਹਨਾ ਨੂੰ ਓਹ ਬਰਕਰਾਰ ਰੱਖਣਾ ਚਾਹੁੰਦਾ ਸੀ, ਚਾਹੇ ਪੁੱਤ ਦੀ ਬਲੀ ਹੀ ਕਿਉਂ ਨਾ ਦੇਣੀ ਪੈ ਜਾਵੇ, ਉਹ ਤੇ ਇਕ ਦਿਨ ਮੈਂਬਰ ਪਾਰਲੀਮੈਂਟ ਦੀ ਧਾਰੀ ਬੈਠਾ ਸੀ ਦਿਲ ਵਿੱਚ, ਤੇ ਸਿਆਸਤਦਾਨ ਦਾ ਸਿਆਸਤ ਤੋਂ ਬਿਨਾ ਹੋਰ ਕਿਸੇ ਨਾਲ ਰਿਸ਼ਤਾ ਨਹੀਂ ਹੁੰਦਾ, ਜਿਵੇਂ ਸ਼ਰਾਬੀ ਦਾ ਸ਼ਰਾਬ ਤੋਂ ਬਿਨਾ ਕੁਝ ਨਹੀਂ ਹੁੰਦਾ, ਤੇ ਆਸ਼ਿਕ ਦਾ ਮਹਿਬੂਬ ਤੋਂ ਬਿਨਾ ਹੋਰ ਕੋਈ ਨਹੀਂ ਹੁੰਦਾ ਚਕੋਰੀ ਦੇ ਚੰਦ ਵਾਂਗ।

"ਨੌਹਾਂ ਨਾਲੋਂ ਮਾਸ ਨਹੀਂ ਟੁੱਟਦਾ ਹੁੰਦਾ ਮੇਰੇ ਮਹਾਨ ਪਿਤਾ, ਤੇ ਫਿਰ ਤੂੰ ਕਿਵੇਂ

ਮਾਲਿਕ ਦੇ ਹੁਕਮ ਦੀ ਅਦੂਲੀ ਕਰ ਸਕਦੈਂ?"

ਮਨਪ੍ਰੀਤ, ਨਹਿਰ ਦੀ ਪਟੜੀ ਤੇ ਖੜ੍ਹਾ ਪਿੰਡ ਵੱਲ ਜਾਂਦੀ ਭੀੜ ਨੂੰ ਹਸਰਤ ਭਰੀਆਂ ਅੱਖਾਂ ਨਾਲ ਵੇਖ ਰਿਹਾ ਸੀ ਗੁਜ਼ਰੀ ਨੂੰ ਆਪਣੀ ਬੁਕਲ੍ਹ ਵਿੱਚ ਸਮੇਟੀ।

"ਮਾਰ ਗਿਆ ਮੋਰਚਾ, ਜੱਗੀ ਕਿੱਥੋਂ ਜਗਣ ਦੇ ਕਾਬਲ ਨਿਕਲਿਆ, ਬੁਝ ਗਿਆ ਤੇਰਾ ਦੀਵਾ ਤਾਂ ਬਿਨਾ ਹਵਾ ਹੀ।"

ਕੋਈ ਸ਼ਬਦਾਂ ਦੇ ਜ਼ਰੀਏ ਜੱਗੀ ਨੂੰ ਹੁੱਝਾਂ ਮਾਰ ਰਿਹਾ ਸੀ ਭੀੜ ਵਿੱਚੋਂ।

"ਮੈਨੂੰ ਤਾਂ ਪਹਿਲਾਂ ਹੀ ਪਤਾ ਸੀ।"

ਕਿਸੇ ਇਕ ਨੇ ਦੂਸਰੇ ਦੀ ਗੱਲ ਦਾ ਜਵਾਬ ਦਿੰਦੇ ਹੋਏ ਕਿਹਾ ਸੀ।

"ਕਾਹਦਾ ਪਤਾ ਸੀ ਤੈਨੂੰ?"

ਦੂਸਰੇ ਬੰਦੇ ਨੇ ਪੁੱਛਿਆ ਸੀ।

"ਇਹੀ ਕੇ ਜੱਗੀ ਦਾ ਦੀਵਾ ਗੁਜ਼ਰੀ ਦੇ ਬਨੇਰੇ ਜਗਣ ਜੋਗਾ ਨਹੀਂ, ਜਿਸ ਦੀਵੇ ਵਿੱਚ ਬਿਰਹੋਂ ਦੀ ਘਾਣੀ ਦਾ ਤੇਲ ਨਾ ਹੋਵੇ, ਧੁਰ ਰੂਹੋਂ ਨਿਕਲੇ ਹਉਕਿਆਂ ਦੀ ਬੱਤੀ ਨਾ ਹੋਵੇ, ਉਸ ਨੇ ਆਸ਼ਕਾਂ ਦੇ ਡੇਰੇ ਦੇ ਬਨੇਰੇ ਤੇ ਕੀ ਜਗ ਲੈਣਾ? ਲ਼ਾਲਟਣ

ਵਰਗੀ ਗੁਜ਼ਰੀ ਦੇ ਸਾਹਮਣੇ ਦੀਵੇ ਨਹੀਂ, ਭਾਂਬੜ ਹੀ ਦਮ ਸਕਦੇ ਨੇ।"

ਕੋਈ ਭੀੜ ਵਿੱਚੋਂ ਹੀ ਕਹਿ ਰਿਹਾ ਸੀ, ਜੱਗੀ ਨੂੰ ਸੁਣਾ ਕੇ ਗੱਲ ਕਰ ਰਿਹਾ ਸੀ।

*

"ਤੂੰ ਕਿੱਥੋਂ ਆਇਆਂ ਭੜੂਆ, ਅਸੀਂ ਦੇਖ ਸੋ ਦੇਖ?"

ਖ਼ਾਨ, ਨਸ਼ੇ ਦੀ ਲੋਰ ਵਿੱਚ ਮਸਤ ਹੋਇਆ ਬੈਠਾ ਸੀ ਵੈਲੀ ਚਾਚੇ ਨਾਲ ਜੁੜ੍ਹਕੇ ਮੰਜ਼ੀ ਉੱਤੇ, ਆਉਂਦੇ ਸਿਕੰਦਰ ਤੋਂ ਪੁੱਛ ਰਿਹਾ ਸੀ।

ਕਾਲਾ ਚਾਦਰਾ ਤੇ ਕਪਾਹੀ ਰੰਗ ਦਾ ਕੁੜਤਾ, ਹਰੀ ਰੰਗ ਦੀ ਵੰਡੀ ਤੇ ਕਾਲਾ ਮਫ਼ਰਲ, ਤਾਜ਼ਾ ਖ਼ਤ ਬਣਵਾਇਆ ਹੋਇਆ ਦਾੜ੍ਹੀ ਦਾ, ਖ਼ੁੱਸੇ ਦੀ ਨੋਕ ਪੂਰੀ ਕੁੱਤੇ ਦੀ ਪੂਛ ਵਾਂਗ ਮੁੜੀ ਹੋਈ, ਜਾਣੀ ਬਿਲਕੁਲ ਪੂਰਾ ਹੁਲੀਆ ਬਦਲ ਕੇ ਆਇਆ ਸਿਕੰਦਰ, ਮੰਜ਼ੀ ਤੇ ਅਮਲੀ ਦੇ ਬਰਾਬਰ ਬੈਠਦੇ ਹੋਏ ਕਿਹਾ ਸੀ,

"ਮੈਂ, ਜ਼ੈਲਦਾਰ ਦੇ ਕੰਨੀਂ ਕੱਢਣ ਗਿਆ ਸੀ ਕਾਫ਼ਰ ਪੁੱਤ ਦੀਆਂ ਕਾਲੀਆਂ ਕਰਤੂਤਾਂ।"

"ਤੂੰ, ਜ਼ੈਲਦਾਰ ਦੇ ਘਰ ਗਿਆ ਸੀ?"

ਖ਼ਾਨ ਪੁੱਛ ਰਿਹਾ ਸੀ ਸਿਕੰਦਰ ਵੱਲ ਨੂੰ ਤੱਕਦਾ ਹੋਇਆ ਅਤੇ ਵੈਲੀ ਬੋਤਲ ਨੂੰ ਧੌਣੋਂ ਫੜ੍ਹੀ ਖਾਲੀ ਗਿਲਾਸੀ ਦੇ ਉੱਤੇ ਨੂੰ ਕੋਡੀ ਕਰੀ ਜਾ ਰਿਹਾ ਸੀ।

“ਹਾਂ ਸਹੁਰਿਆ, ਮੈਂ ਤੇ ਜ਼ੈਲਦਾਰ ਦੇ ਮੱਥੇ ਲੱਗ ਆਇਆਂ, ਤੇ ਹੁਣ ਤੇਰੀ ਵਾਰੀ ਹੈ, ਜੇ ਤੇਰੇ ਵੱਸ ਤੋਂ ਵੀ ਬਾਹਰ ਹੋਇਆ ਤਾਂ ਮੈਨੂੰ ਗੰਡਾਸੀ ਚੁੱਕਣ ਤੋਂ ਨਾ ਰੋਕੀਂ।”

ਸਿਕੰਦਰ ਕਹਿ ਰਿਹਾ ਸੀ ਖ਼ਾਨ ਵੱਲ ਦੇਖਦਾ ਹੋਇਆ।

“ਕੁਝ ਕਰੇਂਗਾ ਵੀ ਕੇ ਜੁਆਈ ਦੀ ਦਾਰੂ ਪੀ ਪੀ ਮੂਤੀ ਜਾਂਵੇਂਗਾ, ਤੇਰੇ ਕੋਲੋਂ ਇਕ ਕੁੜੀ ਨਹੀਂ ਸਾਂਭ ਹੋਈ, ਹੋਰ ਤੂੰ ਕੀ ਕਰ ਲੈਣਾ, ਇਕ ਵਾਰੀ ਮੇਰੇ ਰੱਸੇ ਖੋਲ ਦੇ, ਜੇ ਕੰਨ ਵਿੱਚ ਪਾਇਆਂ ਵੀ ਰੜ੍ਹਕ ਗਈ ਤਾਂ ਮੇਰਾ ਨਾਂ ਬਦਲ ਦੇਵੀਂ, ਫਿਰ ਜੇ ਜੱਟ ਦਾ ਨਾਂ ਵੀ ਲੈ ਜਾਵੇ ਤਾਂ ਮੇਰੀ ਮੁੱਛ ਮੁੰਨ ਦੇਵੀਂ, ਤੂੰ ਕੀ ਸਮਝਦਾਂ ਕਿ ਮੈਂ ਮਰਦ ਨਹੀਂ? ਮੈਂ ਨਰ ਹਾਂ ਨਰ।”

ਸਿਕੰਦਰ, ਅੰਨਾ ਕੁਕੜ੍ਹ ਖੁੱਡੇ ਦਾ ਮੋਹਰੀ ਬਣਿਆ ਬੈਠਾ ਸੀ, ਫ਼ੂਕਰਾਂ ਮਾਰ ਰਿਹਾ ਸੀ ਹੱਥ ਵਿੱਚ ਦਾਰੂ ਦਾ ਭਰਿਆ ਗਿਲਾਸ ਫੜ੍ਹੀ ਬੈਠਾ।

“ਨਾ ਤੂੰ ਨਰ ਏਂ, ਤੇ ਨਾ ਇਹ ਮੁਹੰਮਦ ਖ਼ਾਨ ਹੀ ਏ, ਓਏ ਕਮਲਿਓ, ਤੁਹਾਡੇ ਕੋਲੋਂ ਕੁਕੜੀ ਜਿੱਡੀ ਕੁੜੀ ਨਹੀਂ ਹੁੱਬੜ ਹੁੰਦੀ, ਹੋਰ ਤੁਸੀਂ ਕੀ ਕਰ ਲੈਣਾ? ਵੰਗਾਂ ਪਾ ਲਓ ਕੁੜੀ ਤੋਂ ਲੈ ਕੇ।”

ਵੈਲੀ ਚਾਚਾ ਬਲ੍ਹਦੀ ਤੇ ਤੇਲ ਛਿੜਕ ਰਿਹਾ ਸੀ।

“ਫਿਰ ਤੂੰ ਵੀ ਚਾਚਾ ਭੁੱਲਿਆ ਫਿਰਦੈਂ, ਤੂੰ ਤਾਂ ਹਜੇ ਸਿਕੰਦਰ ਦਾ ਨਾਂ ਹੀ ਸੁਣਿਆਂ, ਪਰ ਸਿਕੰਦਰ ਦੇ ਹਾਲੇ ਧਾਵੇ ਨਹੀਂ ਦੇਖੇ।”

ਸਿਕੰਦਰ ਆਫ਼ਰਿਆ ਪਿਆ ਸੀ।

“ਫੇਰ ਮੈਂ ਤੇਰੇ ਧਾਵੇ ਦੇਖ ਕੇ ਕੀ ਕਰਨੇ ਆਂ ਜਦੋਂ ਕੋਈ ਹੋਰ ਹੀ ਧਾਵਾ ਬੋਲ ਗਿਆ।”

ਵੈਲੀ ਚਾਚੇ ਨੇ ਧੁਖਦੀ ਵਿੱਚ ਹੋਰ ਫ਼ੂਕ ਮਾਰ ਦਿੱਤੀ ਸੀ।

“ਚੱਲ ਸਹੁਰਿਆ ਜ਼ੈਲਦਾਰ ਕੋਲ ਹੁਣੇ ਹੀ।”

ਸਿਕੰਦਰ ਨੇ ਮੁਹੰਮਦ ਖ਼ਾਨ ਨੂੰ ਕਿਹਾ ਸੀ।

“ਮੈਨੂੰ ਪਹਿਲਾਂ ਧੀ ਨਾਲ ਗੱਲ ਕਰ ਲੈਣ ਦੇ ਇਕ ਵਾਰ।”

ਮੁਹੰਮਦ ਖ਼ਾਨ ਨੇ ਆਪਣੀ ਧੀ ਨਾਲ ਇੱਕ ਵਾਰੀ ਹੋਰ ਗੱਲ ਕਰਨੀ ਠੀਕ ਸਮਝੀ ਸੀ।

“ਤੇਰੇ ਕੋਲੋਂ ਹਜੇ ਤੱਕ ਗੱਲ ਹੀ ਨਹੀਂ.........? ਮੈਂ ਗੱਲ ਕਰਕੇ ਵੀ ਆ ਗਿਆਂ।”

ਸਿਕੰਦਰ ਭੜਕਿਆ ਸੀ।

“ਪਹਿਲਾਂ ਤੂੰ ਕੁੜੀ ਦੇ ਪਸ਼ੂ ਚਾਰਨੇ ਬੰਦ ਕਰਵਾ ਪੁੱਤਰਾ, ਨੌਹਾਂ ਧੀਆਂ ਚਾਰ ਦਿਵਾਰੀ ਦੇ ਅੰਦਰ ਨਾ ਟਿਕਦੀਆਂ,

ਬਾਹਰ ਲਵਰਾਂ ਵਾਂਗ ਘੁੰਮਣ ਵਾਲੀ ਕਿਵੇਂ ਟਿਕ ਜਾਊ?"

"ਚਾਚਾ ਠੀਕ ਹੀ ਕਹਿੰਦਾ ਹੈ ਸਿਕੰਦਰਾ, ਜਾਹ ਜਾ ਕੇ ਆਪਣੀਆਂ ਅੱਖਾਂ ਨਾਲ ਵੇਖ ਲੈ ਮੁਲਾਕਾਤ ਹੁੰਦੀ, ਵਧਾਈਆਂ ਦਿੰਦਾ ਨਹੀਂ ਸੀ ਥੱਕਦਾ ਤੂੰ, ਓਧਰ ਮਨਪ੍ਰੀਤ ਨੇ ਭਰੀ ਪੰਚਾਇਤ ਮੂਹਰੇ ਘਰਬਾਰ ਤਿਆਗ ਕੇ ਤੇਰੀ ਬਹੂ ਦਾ ਹੱਥ ਫੜ੍ਹ ਲਿਆ ਹੈ। ਹੁਣ ਕਿੱਥੇ ਜਾਣਗੀਆਂ ਤੇਰੀਆਂ ਵਧਾਈਆਂ, ਹੁਣ ਦੱਸ, ਮੈਂ ਤੈਨੂੰ ਵਧਾਈਆਂ ਦੇਵਾਂ ਜਾਂ ਉਸ ਨੂੰ? ਜਹਿੜਾ ਸ਼ਰੇਆਮ ਜੱਫ਼ੀਆਂ ਪਾਉਂਦਾ ਫਿਰਦਾ ਨਹਿਰ ਤੇ ਤੇਰੀ ਗੁਜ਼ਰੀ ਨੂੰ, ਮੈਂ ਆਪਣੀਆਂ ਅੱਖਾਂ ਨਾਲ ਵੇਖ ਕੇ ਆਇਆ ਹਾਂ, ਤੇਰੀ ਸੌਂਹ ਪਤੰਦਰਾ, ਮਰ ਜਾ ਟੁੱਟ ਕੇ, ਨਹੀਂ ਤੇ ਮੇਰੇ ਵਾਂਗ ਹੀ ਕੰਧਾਂ ਨਾਲ ਟੱਕਰਾਂ ਮਾਰ ਮਾਰ ਕੇ ਮਰ ਜਾਵੇਂਗਾ ਜੀਊਂਦੇ ਜੀ।"

ਜੱਗੀ ਇਕੋ ਸਾਹੇ ਕਥਾ ਕਰ ਗਿਆ ਸੀ, ਸਾਰਿਆਂ ਦੇ ਮੂੰਹ ਅੱਡੇ ਹੀ ਰਹਿ ਗਏ ਸਨ।

"ਸੁਣ ਲਿਆ ਸਹੁਰਿਆ, ਆਪਣੀ ਲਾਡਲੀ ਦਾ ਕਾਰਨਾਵਾਂ? ਮੈਂ ਹੁਣੇ ਜਾ ਕੇ ਦੇਖਦਾਂ ਕੌਣ ਹੈ ਮਾਈ ਦਾ ਲਾਲ ਜਹਿੜਾ ਮੇਰਾ ਘਰ ਲੁੱਟਦਾ।"

ਸਿਕੰਦਰ ਉੱਠ ਤੁਰਿਆ ਸੀ।

"ਕੁੜੀ ਤੇ ਹੱਥ ਨਾ ਚੁੱਕੀਂ ਸਿਕੰਦਰਾ, ਨਹੀਂ ਤੇ ਮੈਂ ਵੀ ਤੇਰੇ ਖ਼ਿਲਾਫ਼ ਹਾਂ, ਪਿਆਰ ਨਾਲ ਸਮਝਾਵੀਂ, ਮੈਂ ਅੱਜ ਤੱਕ ਕਦੇ ਚਪੇੜ ਤੱਕ ਨਹੀਂ ਮਾਰੀ।"

ਖ਼ਾਨ, ਜਾਂਦੇ ਸਿਕੰਦਰ ਨੂੰ ਨਸੀਹਤ ਦੇ ਰਿਹਾ ਸੀ।

"ਇਹ ਮੌਕਾ ਹੀ ਦੱਸੂਗਾ, ਹੱਥ ਚੁੱਕ ਹੁੰਦਾ ਜਾਂ ਗੰਡਾਸੀ।"

ਦੂਰ ਜਾਂਦੇ ਸਿਕੰਦਰ ਦੀ ਅਵਾਜ਼ ਆਈ ਸੀ।

"ਨਾ, ਤੈਨੂੰ ਕੀ ਅੱਗ ਲੱਗੀ ਹੋਈ ਹੈ? ਐਵੇਂ ਦੌੜਾ ਭੱਜਾ ਫਿਰਦਾ ਰਹਿਨਾ ਲੋਕਾਂ ਦੇ ਮਾਮਲਿਆਂ ਵਿੱਚ ਟੰਗ ਅੜਾਉਂਦੈਂ।"

ਵੈਲੀ ਚਾਚਾ ਆਪਣੇ ਲਾਗੇ ਬੈਠੇ ਜੱਗੀ ਨੂੰ ਘੂਰ ਰਿਹਾ ਸੀ।

"ਇਹ ਮਾਮਲਾ ਲੋਕਾਂ ਦਾ ਨਹੀਂ ਹੈ ਚਾਚਾ, ਤੈਨੂੰ ਵੀ ਪਤਾ ਚੰਗਾ ਭਲਾ।"

ਜੱਗੀ ਨੇ ਬੋਤਲ ਨੂੰ ਹੱਥ ਪਾਉਂਦੇ ਹੋਏ ਕਿਹਾ ਸੀ।

*

"ਹੁਣ ਕਿਵੇਂ ਹੋਵੇਗੀ ਮੇਰੇ ਸੋਹਣਿਆ ਯਾਰਾ? ਦੁਨੀਆਂ ਦੇ ਕੰਡੇ ਤਾਂ ਲੋਥਾਂ ਝਰੀਟ ਦੇਣਗੇ।"

ਗੁਜ਼ਰੀ ਨੇ ਮਨਪ੍ਰੀਤ ਨੂੰ ਪੁੱਛਿਆ ਸੀ।

“ਕੁਝ ਨਹੀਂ ਹੁੰਦਾ ਹੀਰੇ।”

ਮਨਪ੍ਰੀਤ ਨੇ ਨੂਰਾਂ ਨੂੰ ਦਿਲਾਸਾ ਜਿਹਾ ਦਿਤਾ ਸੀ।

“ਕੁਝ ਨਾ ਕੁਝ ਤਾਂ ਜਰੂਰ ਹੋਵੇਗਾ।”

ਨੂਰਾਂ ਦਾ ਦਿਲ ਥੋੜ੍ਹਾ ਤੇਜ਼ੀ ਨਾਲ ਧੜਕਣ ਲੱਗਾ ਸੀ।

“ਨਹੀਂ, ਤੂੰ ਦਿਲ ਵਿੱਚੋਂ ਡਰ ਕੱਢ ਦੇ, ਤੈਨੂੰ ਸਕਾਲਫ਼ ਯਾਦ ਨਹੀਂ ਰਿਹਾ?”

ਮਨਪ੍ਰੀਤ ਨੇ ਨੂਰਾਂ ਨੂੰ ਕੁਝ ਜਾਦ ਕਰਾਣ ਦੀ ਕੋਸ਼ਿਸ਼ ਕੀਤੀ ਸੀ।

“ਹਾਂ, ਸਕਾਲਫ਼ ਯਾਦ ਹੈ।”

ਕਹਿੰਦੀ ਹੋਈ ਨੂਰਾਂ ਮੱਝਾਂ ਦਾ ਮੋੜਾ ਕਰਨ ਤੁਰ ਗਈ ਸੀ।

“ਓਏ, ਓਹ ਤੇ ਮੱਝਾਂ ਚਾਰਦੀ ਏ, ਤੇ ਤੂੰ ਮੱਝਾਂ ਦੀਆਂ ਪੂਛਾਂ ਖਿਚਦਾਂ ਏਥੇ?”

ਸਿਕੰਦਰ, ਮਨਪ੍ਰੀਤ ਤੋਂ ਪੁੱਛ ਰਿਹਾ ਸੀ ਗਰਮੀ ਖਾਂਦਾ ਹੋਇਆ।

“ਤੂੰ ਕਹਿੜਾ ਏਂ ਭੈੜਿਆ?”

ਮਨਪ੍ਰੀਤ ਨੇ ਉਲਟ ਕੇ ਪੁੱਛਿਆ ਸੀ।

“ਮੈਂ ਕਹਿੜਾਂ......? ਦੱਸ ਦੇ ਰਕਾਨੇ ਮੈਂ ਤੇਰਾ ਕੀ ਲੱਗਦਾ ਆਂ।”

ਸਿਕੰਦਰ, ਨਹਿਰ ਦੀ ਦੂਸਰੀ ਪਟੜੀ ਤੇ ਖੜ੍ਹੀ ਗੁਜ਼ਰੀ ਨੂੰ ਮੁਖਾਤਬ ਹੋ ਕੇ ਕਹਿ ਰਿਹਾ ਸੀ।

“ਸੱਜਣਾ, ਇਹ ਮੇਰੇ ਮਾਮੇ ਦਾ ਪੁੱਤ, ਭਰਾ ਲੱਗਦਾ ਏ ਮੇਰਾ।”

ਨੂਰਾਂ ਨੇ ਮੁਸਕਰਾ ਕੇ ਮਖ਼ੌਲ ਉਡਾ ਦਿੱਤਾ ਸੀ ਸਿਕੰਦਰ ਦਾ।

“ਨਹੀਂ, ਨਹੀਂ, ਮੈਂ ਤੇਰਾ ਖ਼ਸਮ ਹਾਂ।”

ਸਿਕੰਦਰ ਚਿਰਲਾ ਰਿਹਾ ਸੀ।

“ਮੇਰਾ ਖ਼ਸਮ? ਮੇਰਾ ਖ਼ਸਮ ਤਾਂ ਆਹ ਤੇਰੇ ਕੋਲ ਖੜ੍ਹਾ ਹੈ।”

ਨੂਰਾਂ ਨੇ ਹੱਥ ਨਾਲ ਜੱਟ ਵੱਲ ਇਸ਼ਾਰਾ ਕਰ ਕੇ ਸਿਕੰਦਰ ਨੂੰ ਵਾਕਫ਼ ਕਰਵਾਇਆ ਸੀ।

“ਤੂੰ ਮੇਰੀ ਜ਼ੋਰੂ ਏਂ, ਤੇਰਾ ਕਲਮਾ ਪੜ੍ਹ ਹੋ ਚੁੱਕਾ ਮੇਰੇ ਨਾਲ।”

“ਮੈਂ ਤੇ ਤੇਰੀ ਭੈਣ ਹਾਂ, ਤੇ ਕਲਮਾ ਮੈਨੂੰ ਯਾਦ ਨਹੀਂ।”

ਨੂਰਾਂ ਨੇ ਸਹਿਜੇ ਹੀ ਕਹਿ ਦਿਤਾ ਸੀ।

“ਤੇਰੀ ਮਾਂ ਨੇ ਕਲਮਾ ਪੜ੍ਹਾਇਆ ਸੀ।”

ਸਿਕੰਦਰ ਨੇ ਜਵਾਬ ਦਿਤਾ ਸੀ।

“ਕਲਮਾ ਪੜ੍ਹਾਉਣ ਵਾਲੇ ਕਦੋਂ ਦੇ ਕਬਰਾਂ ਵਿੱਚ ਚਲੇ ਗਏ।”

ਨੂਰਾਂ ਨੇ ਕਿਹਾ ਸੀ।

"ਪਰ ਮੈਂ ਤੇ ਨਹੀਂ ਗਿਆ, ਮੈਂ ਤਾਂ ਜਿਉਂਦਾ ਹਾਂ।"

ਸਿਕੰਦਰ ਹਾਲੇ ਵੀ ਬਾਜ਼ੀ ਜਿੱਤਣ ਦੀ ਸੋਚ ਰਿਹਾ ਸੀ।

"ਤੂੰ ਵੀ ਜਿਵੇਂ ਆਇਆਂ ਏਂ, ਚਲੇ ਜਾਵੇਂਗਾ।"

ਨੂਰਾਂ ਨੇ ਕਿਹਾ ਸੀ।

"ਤੈਨੂੰ ਨਾਲ ਲੈ ਕੇ ਜਾਵਾਂਗਾ।"

ਸਿਕੰਦਰ ਨੇ ਆਪਣਾ ਫ਼ੈਸਲਾ ਜਿਹਾ ਸੁਣਾਉਂਦੇ ਹੋਏ ਕਿਹਾ ਸੀ।

"ਮੇਰੇ ਸੱਜਣ ਤੋਂ ਪੁੱਛ ਲੈ, ਜੇ ਭੇਜਦਾ ਹੈ ਤੇਰੇ ਨਾਲ ਤਾਂ।"

ਨੂਰਾਂ ਨੇ ਮਨਪ੍ਰੀਤ ਵੱਲ ਹੱਥ ਕਰਜੇ ਕਿਹਾ ਸੀ।

"ਮੈਂ ਕਿਸੇ ਹੋਰ ਨੂੰ ਨਹੀਂ ਜਾਣਦਾ, ਮੈਂ ਸਿਰਫ ਤੈਨੂੰ ਜਾਣਦਾ ਹਾਂ, ਤੇ ਤੂੰ ਮੇਰੀ ਜ਼ੋਰੂ ਏਂ, ਤੇਰੇ ਤੇ ਸਿਰਫ਼ ਮੇਰਾ ਹੱਕ ਹੈ, ਕਿਸੇ ਹੋਰ ਦਾ ਨਹੀਂ।"

ਸਿਕੰਦਰ, ਸ਼ਾਂਤ ਖੜ੍ਹੇ ਮਨਪ੍ਰੀਤ ਕੋਲ ਪੂਰਾ ਖ਼ਫ਼ਾ ਹੋ ਰਿਹਾ ਸੀ।

"ਜਾਹ ਚਲਿਆ ਜਾਹ, ਏਥੇ ਇਸ਼ਕੇ ਦਾ ਆਰਾ ਚੱਲਦਾ ਹੈ, ਕਿਤੇ ਲਹੂ ਲੁਹਾਨ ਨਾ ਹੋ ਜਾਵੀਂ, ਮੈਨੂੰ ਛੂਹੇਂਗਾ ਤਾਂ ਮੇਰਾ ਮਾਲਿਕ ਤੇਰੇ ਹੱਥ ਵੀ ਕੱਟ ਸਕਦਾ, ਦੀਦੇ ਵਿੱਚ ਇਹ ਖ਼ੌਫ ਵੀ ਰੱਖੀਂ, ਜੇ ਹੱਥੀਂ ਬੁਰਕੀ ਮੂੰਹ ਵਿੱਚ ਪਾਉਣੀ ਚਾਹੁੰਦਾ ਏਂ ਤਾਂ, ਜਾਹ ਤੈਨੂੰ ਰੱਬ ਦਾ ਵਾਸਤਾ ਈ।"

ਨੂਰਾਂ ਨੇ ਸਿਕੰਦਰ ਮੂਹਰੇ ਹੱਥ ਜੋੜ ਕੇ ਤੋਬਾ ਕਰ ਦਿੱਤੀ ਸੀ।

"ਤੈਨੂੰ, ਮੇਰੇ ਕੋਲੋਂ ਕੋਈ ਅਲੱਗ ਨਹੀਂ ਕਰ ਸਕਦਾ।"

ਪਰ ਸਿਕੰਦਰ ਸੀ ਕੇ ਮੰਨਣ ਲਈ ਤਿਆਰ ਹੀ ਨਹੀਂ ਸੀ।

"ਤੇ ਮੈਨੂੰ ਮੇਰੇ ਮਾਹੀ ਕੋਲੋਂ ਕੋਈ ਅਲੱਗ ਨਹੀਂ ਕਰ ਸਕਦਾ।"

ਨੂਰਾਂ ਨੇ ਆਪਣਾ ਫ਼ੈਸਲਾ ਸੁਣਾ ਦਿਤਾ ਸੀ ਸਿਕੰਦਰ ਨੂੰ।

"ਮੈਂ ਕਰਾਂਗਾ, ਤੇਰਾ ਮਾਹੀ ਮੈਂ ਹਾਂ।"

ਸਿਕੰਦਰ, ਨੂਰਾਂ ਵੱਲ ਵਧਿਆ ਸੀ।

ਖ਼ਾਮੋਸ਼ ਖੜ੍ਹਾ ਮਨਪ੍ਰੀਤ ਉਡਦੇ ਕੀੜੇ ਨੂੰ ਵੇਖ ਰਿਹਾ ਸੀ, ਜਹਿੜਾ ਬਿਨ ਪਰਾਂ ਪ੍ਰਵਾਨਾ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ, ਸਿਆਣੇ ਕਹਿੰਦੇ ਹਨ ਕਿ ਜਦੋਂ ਕੀੜੇ ਦੀ ਮੌਤ ਆਉਂਦੀ ਹੈ ਤਾਂ ਉਸ ਨੂੰ ਪਰ ਨਿਕਲ ਆਉਂਦੇ ਹਨ, ਸਿਕੰਦਰ ਨੂੰ ਖ਼ਬਰੇ ਇਸ ਵਾਰੇ ਇਲਮ ਨਹੀਂ ਸੀ, ਜਿਸ ਕਰਕੇ ਮਹੌਲ ਬੜੀ ਗਰਮੋ ਗਰਮੀ ਵਾਲਾ ਬਣ ਗਿਆ ਸੀ।

"ਸਹੁਰੀ ਦਿਓ ਟਾਸ ਪਾ ਲਓ ਲੜ੍ਹ ਲੜ੍ਹ ਮਰਨ ਨਾਲੋਂ. ਕਹੋ ਤਾਂ ਮੈਂ ਪਾ ਦਿਆਂ?"

ਸੁੰਦਰ ਨੇ ਸਾਈਕਲ ਇਕ ਪਾਸੇ ਸੁੱਟ ਦਿੱਤੀ ਸੀ, ਖ਼ੀਸੇ ਵਿੱਚੋਂ ਸਿੱਕੇ ਵਾਲਾ ਗੋਲ ਗੋਲ ਰੁਪਈਆ ਕੱਢ ਕੇ ਆਪਣੇ ਹੱਥ ਦੀ ਹਥੇਲੀ ਤੇ ਰੱਖ ਲਿਆ ਸੀ।

"ਬੋਲ ਗੁੱਜ਼ਰਾ, ਰੁਪਈਏ ਵਾਲਾ ਪਾਸਾ ਲੈਣਾ ਜਾਂ.........?"

ਸੁੰਦਰ ਨੇ ਉਹਨਾ ਦੋਹਾਂ ਦੇ ਵਿਚਕਾਰ ਆ ਕੇ ਸਿਕੰਦਰ ਤੋਂ ਪੁੱਛਿਆ ਸੀ।

"ਰੁਪਈਏ ਵਾਲਾ"

ਸਿਕੰਦਰ ਨੇ ਉਤਾਬਲੇ ਪੈ ਕੇ ਕਿਹਾ ਸੀ।

"ਤੇ ਫਿਰ ਤੇਰਾ ਭਗਤਾ ਭਾਰਤ ਰਿਹਾ"

ਸੁੰਦਰ ਨੇ ਮਨਪ੍ਰੀਤ ਨੂੰ ਮੁਖਾਤਬ ਹੋ ਕੇ ਕਿਹਾ ਸੀ, ਸਿੱਕਾ ਉਂਗਲ੍ਹਾਂ ਦੇ ਪੋਟਿਆਂ ਤੇ ਰੱਖ ਕੇ ਅੰਗੂਠੇ ਦੀ ਤੜ ਮਾਰ ਦਿੱਤੀ ਸੀ, ਸਿੱਕਾ ਉਪਰ ਹਵਾ ਵਿੱਚ ਘੁੰਮ ਰਿਹਾ ਸੀ, ਅਤੇ ਅੱਠ ਅੱਖਾਂ ਘੁੰਮਦੇ ਸਿੱਕੇ ਨੂੰ ਫ਼ਰਿਸ਼ਤੇ ਵਾਂਗ ਵੇਖ ਰਹੀਆਂ ਸਨ, ਫਿਰ ਸਿੱਕਾ ਵਾਪਿਸ ਧਰਤੀ ਉੱਤੇ ਆ ਡਿਗਿਆ ਸੀ ਫੁੰਡੇ ਹੋਏ ਜ਼ਨੌਰ ਦੀ ਤਰਾਂ।

"ਵੇਖ ਤਾਂ ਗੁਜ਼ਰੀਏ, ਤੇਰੇ ਭਾਗੀਂ ਕੀ ਲਿਖਿਆ ਹੈ ਰੱਬ ਨੇ?"

ਸੁੰਦਰ ਨੇ ਕਿਹਾ ਸੀ, ਜ਼ਮੀਨ ਤੇ ਪਏ ਸਿੱਕੇ ਨੂੰ ਘੂਰ ਰਹੇ ਸਨ ਸਾਰੇ, ਸਿਕੰਦਰ, ਜ਼ਮੀਨ ਤੇ ਪੈਰ ਪਟਕਦਿਆਂ ਉਲਟੇ ਪੈਰੀਂ ਹੋ ਤੁਰਿਆ ਸੀ, ਤੇ ਗੁਜ਼ਰੀ, ਜੱਟ ਦੇ ਗਲ੍ਹੇ ਚਿੰਬੜੀ ਹੋਈ ਸੀ ਸਾਰੀ ਖ਼ੁਦਾਈ ਭੁੱਲ ਕੇ, ਅਤੇ ਸੁੰਦਰ, ਆਪਣੀਆਂ ਅੱਖਾਂ ਤੇ ਹੱਥ ਰੱਖ ਮੂੰਹ ਘੁੰਮਾ ਗਿਆ ਸੀ ਤੇ ਸਿੱਕਾ ਓਥੇ ਹੀ ਪਿਆ ਰਹਿ ਗਿਆ ਸੀ।

*

"ਕਿਧਰੋਂ ਤੁਰੀ ਆਉਂਦੀ ਏ ਜੋੜੀ?"

ਗੁਰਦੁਆਰੇ ਦਾ ਗ੍ਰੰਥੀ ਸੜਕੇ ਜਾਂਦਾ ਰੁਕ ਗਿਆ ਸੀ, ਨਹਿਰ ਦੀ ਪਟੜ੍ਹੀ ਪਟੜ੍ਹੀ ਸਾਈਕਲਾਂ ਤੇ ਆ ਰਹੇ ਸੁੰਦਰ ਤੇ ਮਨਪ੍ਰੀਤ ਵੱਲ ਮੁਖਾਤਿਬ ਹੋ ਕੇ ਹੱਸਦਾ ਹੋਇਆ ਪੁੱਛ ਰਿਹਾ ਸੀ ਆਪਣੀ ਆਦਤ ਦੇ ਮੁਤਾਬਕ।

"ਜਿਧਰੋਂ ਤੂੰ ਦੇਖ ਲਈ।"

ਸੁੰਦਰ ਨੇ ਕਿਹਾ ਸੀ।

"ਗੱਲ ਤਾਂ ਸੁਣੋ ਯਾਰ! ਮੈਂ ਸੁਣਿਆ ਐਹਦਾ ਪੰਗਾ ਪੈ ਗਿਆ ਗੁੱਜ਼ਰਾਂ ਨਾਲ, ਕੀ ਇਹ....................ਸਹੀ ਹੈ?"

ਭਾਈ, ਕਹਿ ਵੀ ਤੇ ਪੁੱਛ ਵੀ ਰਿਹਾ ਸੀ ਸੁੰਦਰ ਤੋਂ।

"ਤੈਨੂੰ ਪਤਾ..............?"

ਉਲਟਾ ਭਾਈ ਕੋਲੋਂ ਸੁੰਦਰ ਨੇ ਹੀ ਪੁੱਛ ਲਿਆ ਸੀ।

"ਨਹੀਂ"

ਭਾਈ ਨੇ ਉਤਰ ਦਿਤਾ ਸੀ।

"ਫਿਰ ਤੈਂ ਪਤਾ ਲਾ ਕੇ ਵੀ ਕੀ ਕੱਢਣਾ ਪਾਉਣਾ? ਪਾਠ ਕਰਦੈਂ, ਤੇ ਕਰੀ ਜਾ।"

ਸੁੰਦਰ ਨੇ ਹੱਸਦੇ ਹੋਏ ਮਜ਼ਾਕ ਵਿੱਚ ਕਿਹਾ ਸੀ, ਪਰ ਭਾਈ ਫਿਰ ਵੀ ਝੂਠਾ ਜਿਹਾ ਹਾੱਸਾ ਹੱਸ ਗਿਆ ਸੀ ਮਨਪ੍ਰੀਤ ਦੇ ਚੇਹਰੇ ਉੱਤੇ ਨਜ਼ਰ ਟਿਕਾਈ ਖੜ੍ਹਾ।

"ਫਿਰ ਵੀ ਯਾਰ, ਕੁਝ ਤੁਹਾਡੇ ਤੋਂ ਵੀ ਪਤਾ ਲੱਗੇ, ਸਾਰੇ ਪਿੰਡ ਵਿੱਚ ਦੁਹਾਈ ਮਚੀ ਪਈ ਹੈ।"

ਪਾਠੀ ਭਾਈ ਜ਼ਿਦ ਕਰ ਰਿਹਾ ਸੀ।

"ਮਹਾਰਾਜ ਦੀ ਬਾਣੀ ਪੜ੍ਹਦਾ ਏਂ, ਤੇ ਫਿਰ ਵੀ ਪੁੱਛ ਰਿਹਾ ਏਂ?"

ਮਨਪ੍ਰੀਤ ਨੇ ਕਿਹਾ ਸੀ।

"ਇਹ ਬਾਣੀ ਵਿੱਚ ਤੇ ਨਹੀਂ ਲਿਖਿਆ ਕਿਤੇ?"

ਭਾਈ, ਹੈਰਾਨ ਹੋ ਕੇ ਪੁੱਛ ਰਿਹਾ ਸੀ।

"ਹਾਂ, ਲਿਖਿਆ ਹੈ, ਪਰ ਤੇਰੀ ਹੀ ਸੁਤਾ ਮਾਇਆ ਵਿੱਚ ਹੁੰਦੀ ਹੈ, ਜੇ ਬਿਰਤੀ ਲਾ ਕੇ ਪੜ੍ਹਦਾ ਹੁੰਦਾ ਤਾਂ ਤੈਨੂੰ ਯਾਦ ਹੁੰਦਾ, "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਲੱਗਾ ਕੁਝ ਪਤਾ ਜਾਂ ਹੋਰ ਦੱਸਾਂ ਕੁਝ?"

ਮਨਪ੍ਰੀਤ ਨੇ ਭਾਈ ਦੀਆਂ ਅੱਖਾਂ ਵਿੱਚ ਤੱਕਦਿਆਂ ਕਿਹਾ ਸੀ, ਵਧੇ ਹੋਏ ਵਾਲ੍ਹਾਂ ਵਿੱਚ ਭਾਈ ਦੀਆਂ ਅੱਖਾਂ ਤੇ ਨੱਕ ਹੀ ਨਜ਼ਰ ਆ ਰਹੇ ਸਨ ਚੇਹਰੇ ਤੋਂ, ਜਾਂ ਰਤਾ ਕੁ ਬੁੱਲ।

"ਵੱਸ, ਇੰਨਾ ਹੀ ਬਹੁਤ ਹੈ, ਪਰ ਸਿਰ ਝੁਕ ਜਾਣਗੇ।"

ਭਾਈ, ਓਥੇ ਖੜ੍ਹਾ ਪਤਾ ਨਹੀਂ ਕੀ ਬੁੜ੍ਹ ਬੁੜ੍ਹਾਈ ਜਾ ਰਿਹਾ ਸੀ।

"ਸਿਰ, ਸਦਾ ਉਪਰ ਨਹੀਂ ਰਹਿੰਦੇ ਹੁੰਦੇ ਭਾਈ ਸਾਹਿਬ, ਕੋਈ ਚਾਰ ਦਿਨ ਪਹਿਲੋਂ ਅਤੇ ਕੋਈ ਚਾਰ ਦਿਨ ਮਗਰੋਂ ਝੁਕ ਜਾਂਦੈ, ਪਰ ਤੂੰ ਫਿਕਰ ਵਿੱਚ ਐਵੇਂ ਦੁੱਬਲਾ ਨਾ ਹੋ ਜਾਵੀਂ।"

ਮਨਪ੍ਰੀਤ ਜਾਂਦਾ ਜਾਂਦਾ ਡਬਲ ਸਹਿਤ ਦੇ ਮਾਲਿਕ ਭਾਈ ਨੂੰ ਮੁਸਕਰਾ ਕੇ ਮਸ਼ਵਰਾ ਦੇ ਗਿਆ ਸੀ।

"ਹੁਣ ਕੀ ਪ੍ਰਸੀਜ਼ਰ ਹੈ?"

ਸੁੰਦਰ ਪੁੱਛ ਰਿਹਾ ਸੀ ਮਨਪ੍ਰੀਤ ਤੋਂ।

"ਕੋਈ ਪ੍ਰਸੀਜ਼ਰ ਨਹੀਂ।"

ਮਨਪ੍ਰੀਤ ਨੇ ਕਿਹਾ ਸੀ।

"ਓਪਨ ਸਟੋਰੀ?"

ਸੁੰਦਰ ਨੇ ਪੁੱਛਿਆ ਸੀ।

"ਮੇਰੀ ਛੱਡ ਤੂੰ ਯਾਰ, ਆਪਣਾ ਸੁਣਾ, ਕਿਤਾਬ ਕਿੰਨੀ ਕੁ ਰਹਿੰਦੀ ਏ ਅਜੇ?"

ਮਨਪ੍ਰੀਤ ਪੁੱਛ ਰਿਹਾ ਸੀ ਸੁੰਦਰ ਤੋਂ।

"ਕਲਾਈ-ਮੈਕਸ ਤਿਆਰ ਕਰ ਰਿਹਾ ਹਾਂ।"

ਸੁੰਦਰ ਨੇ ਦੱਸਿਆ ਸੀ।

"ਕਦੋਂ ਕੁ ਤੱਕ ਤਿਆਰ ਹੋ ਕੇ ਮਾਰਕੀਟ ਵਿੱਚ ਆਊ?"

"ਪੂਰੀ ਹੋਊ ਤਦੇ ਆਊ ਨਾ, ਅਜੇ ਤਾਂ ਕਲਾਈ-ਮੈਕਸ ਹੀ ਨਹੀਂ ਸੈੱਟ ਹੋ ਰਿਹਾ, ਸੈੱਟ ਬਣ ਜਾਵੇ ਤਾਂ ਹੁਣੇ ਬਣ ਜਾਵੇ, ਨਾ ਬਣੇ ਤਾਂ ਭਾਵੇਂ ਸਾਲ ਲੰਘ ਜਾਣ।"

ਸੁੰਦਰ ਆਪਣੀ ਕਿਤਾਬ ਵਾਰੇ ਦੱਸ ਰਿਹਾ ਸੀ।

"ਏਹੇ ਵੀ ਪੰਗਾ ਹੁੰਦਾ?"

ਮਨਪ੍ਰੀਤ ਪੁੱਛ ਰਿਹਾ ਸੀ ਸੁੰਦਰ ਤੋਂ।

"ਹਾਂ, ਸੋਚ ਕੇ ਗੱਲ ਬਨਾਣੀ, ਫਿਰ ਰਫ਼ ਲਿਖਣੀ, ਫਿਰ ਗਰਾਫ਼ ਤੇ ਤਰਤੀਬ, ਟਾਈਟਲ ਆਈਡੀਆ, ਪਾਤਰ, ਘਟਨਾਵਾਂ, ਉਸਾਰੀ, ਬਹੁਤ ਕੁਝ ਕਰਨਾ ਪੈਂਦਾ ਯਾਰ, ਇਹ ਵੀ ਇਕ ਇਸ਼ਕ ਹੀ ਹੈ ਤੇਰੇ ਵਾਂਗ, ਸੱਚ ਯਾਦ ਆਇਆ, ਤੂੰ ਮੇਰੇ ਨਾਲ ਹਜ਼ੂਰ ਸਾਹਿਬ ਨੂੰ ਚੱਲ, ਮੈਂ ਇਕੱਲਾ ਜਾ ਰਿਹਾ ਹਾਂ, ਜੇ ਤੂੰ ਨਾਲ ਚੱਲੇਂ ਤਾਂ ਬੜਾ ਅਨੰਦ ਆਵੇ।"

ਸੁੰਦਰ ਆਪਣੇ ਦੋਸਤ ਮਨਪ੍ਰੀਤ ਤੋਂ ਪੁੱਛ ਰਿਹਾ ਸੀ।

"ਜਿਊਂਦੇ ਰਹਾਂਗੇ ਤਾਂ ਜਰੂਰ ਚੱਲਾਂਗੇ, ਪਰ ਜਾਣਾ ਕਦੋਂ ਹੈ?"

ਮਨਪ੍ਰੀਤ ਨੇ ਸੁੰਦਰ ਤੋਂ ਪੁੱਛਿਆ ਸੀ।

"ਦਿਵਾਲੀ ਤੋਂ ਦੂਸਰੇ ਦਿਨ ਦਾ ਪ੍ਰੋਗਰਾਮ ਹੈ, ਆਪਣੇ ਬੰਦਿਆਂ ਦੀ ਗੱਡੀ ਜਾ ਰਹੀ ਹੈ ਆਂਧਰਾ ਨੂੰ, ਜਾਂਦੇ ਹੋਏ ਨਦੇੜ ਉਤਰ ਜਾਵਾਂਗੇ, ਤੇ ਵਾਪਸੀ ਵੇਲੇ ਨਾਲ ਹੀ ਮੁੜ ਆਵਾਂਗੇ।"

ਸੁੰਦਰ ਨੇ ਆਪਣਾ ਜਾਣ ਦਾ ਪਰੋਗਰਾਮ ਦੱਸਿਆ ਸੀ ਮਨਪ੍ਰੀਤ ਨੂੰ।

"ਚਲੋ ਚੱਲਾਂਗੇ।"

ਮਨਪ੍ਰੀਤ ਨੇ ਕਿਹਾ ਸੀ।

"ਪੱਕਾ?"

ਸੁੰਦਰ ਨੇ ਪੁੱਛਿਆ ਸੀ।

"ਹਾਂ, ਮੇਰੇ ਵਲੋਂ ਪੱਕਾ, ਜੇ ਤੂੰ ਛੱਡ ਕੇ ਚਲੇ ਜਾਵੇਂ ਤਾਂ ਕਹਿ ਨਹੀਂ ਸਕਦਾ।"

ਮਨਪ੍ਰੀਤ ਨੇ ਸੁੰਦਰ ਨੂੰ ਕਿਹਾ ਸੀ।

"ਮੈਂ, ਜਾਊਂਗਾ ਤਾਂ ਫਿਰ ਤੈਨੂੰ ਨਾਲ ਲੈ ਕੇ ਹੀ, ਪਰ ਬਾਅਦ ਵਿੱਚ ਜੇ ਕੋਈ ਗੰਦਲ੍ਹ ਤੋੜ ਕੇ ਲੈ ਗਿਆ ਤਾਂ ਫਿਰ?"

ਸੁੰਦਰ, ਮਜ਼ਾਕ ਕਰ ਰਿਹਾ ਸੀ ਦੋਸਤ ਮਨਪ੍ਰੀਤ ਨਾਲ।

"ਗੰਦਲ੍ਹ ਇੰਨੀ ਕੂਲ੍ਹੀ ਨਹੀਂ ਜਿੰਨੀ ਤੂੰ ਸਮਝ ਰਿਹਾ ਏਂ, ਸਿੰਘਾਂ ਦੀ ਸਿੰਘਣੀ ਏ, ਡਰਪੋਕ ਨਹੀਂ ਰਹੀ।"

ਮਨਪ੍ਰੀਤ ਨੇ ਕਿਹਾ ਸੀ।

"ਭਾਈ ਹੋਰ ਹੀ ਗੱਲਾਂ ਕਰੀ ਜਾਂਦਾ ਸੀ।"

ਸੁੰਦਰ ਨੇ ਕਿਹਾ ਸੀ।

"ਓਏ, ਏਹਨਾ ਨੇ ਕੀ ਲੈਣਾ ਦੇਣਾ ਪ੍ਰਭੂ ਤੋਂ? ਜਿਵੇਂ ਬਾਕੀ ਦੇ ਕਿੱਤੇ ਨੇ, ਉਸ ਤਰਾਂ ਹੀ ਇਹ ਵੀ ਆਪਣਾ ਕਿੱਤਾ ਕਰਦੇ ਨੇ ਪੇਟ ਦੀ ਖ਼ਾਤਰ, ਇਹਨਾ ਨੇ ਜੋ ਲੈਣਾ ਹੈ ਉਹ ਪ੍ਰਭੂ ਦੇ ਲੋਕਾਂ ਤੋਂ ਲੈਣਾ ਹੈ, ਹੋਰ ਜੇ ਇਹ ਆਪ ਹੀ ਪ੍ਰਭੂ ਦੇ ਮਗਰ ਲੱਗ ਜਾਣ ਤਾਂ ਇਹਨਾ ਦੇ ਟੱਬਰ ਕੌਣ ਪਾਲ੍ਹੇਗਾ? "ਵੱਸ ਉੱਤੋਂ ਉੱਤੋਂ ਬੀਬੀ ਭੈਣਾਂ ਕਹੀ ਜਾਣਾ, ਜਹਿੜਾ ਜੋ ਦਿੰਦਾ ਵਾਖ਼ਰੂ ਕਹਿ ਕੇ ਲਈ ਜਾਣਾ"

ਮਨਪ੍ਰੀਤ ਨੇ ਕਿੰਨਾ ਵੱਡਾ ਸੱਚ ਕਹਿ ਦਿੱਤਾ ਸੀ ਇਹਨਾ ਭਾਈਆਂ, ਮੁੱਲਾਂ ਅਤੇ ਪੰਡਤਾਂ ਵਾਰੇ।

*

ਹੁਣ ਚੰਗਾ ਰਿਹਾਂ ਮਿੱਟੀ ਪਲੀਤ ਕਰਾ ਕੇ, ਹੁਣ ਕਿੱਥੇ ਗਏ ਤੇਰੇ ਸਿਆਣੇ, ਮੈਨੂੰ ਮੱਤਾਂ ਦਿੰਦਾ ਦਿੰਦਾ ਤੂੰ ਆਪੇ ਬਿਟਰ ਗਿਆਂ, ਹਾਲੇ ਵੀ ਵਕਤ ਹੈ, ਕੁਝ ਨਹੀਂ ਵਿਗੜਿਆ ਡੁੱਲਿਆਂ ਬੇਰਾਂ ਦਾ, ਮਖ਼ਮਲੀ ਗੱਦਿਆਂ ਤੇ ਸੌਂਦਾ ਸੌਂਦਾ ਸੂਲ੍ਹਾਂ ਤੇ ਆ ਡਿਗਿਆਂ ਤੂੰ ਦਿਓਰਾ, ਤੇਰੀ ਇਸ ਨਿੰਮੋਂ ਵਿੱਚ ਕੀ ਟੋਟ ਸੀ, ਜਹਿੜਾ ਤੂੰ ਦੇਸ ਛੱਡਕੇ ਪ੍ਰਦੇਸੀ ਹੋਈ ਜਾਨੈ?"

ਨਿੰਮੋਂ, ਰਾਹੇ ਰਾਹੇ ਜਾਂਦੀ, ਮਨਪ੍ਰੀਤ ਦੇ ਕੋਲੋਂ ਦੀ ਲੰਘਦੀ ਹੋਈ ਕਹਿ ਰਹੀ ਸੀ।

"ਤੂੰ ਮੇਰੀ ਨਹੀਂ"

ਮਨਪ੍ਰੀਤ ਨੇ ਨਿੰਮੋਂ ਨੂੰ ਜਵਾਬ ਦਿਤਾ ਸੀ।

"ਹੁਸਨ ਜਹਿਦੇ ਕਰੀਬ, ਓਹਦਾ ਹੀ ਨਸੀਬ"

ਨਿੰਮੋਂ ਤਾਂ ਸ਼ਾਇਦ ਹਾਲੇ ਤੱਕ ਵੀ ਦਿੱਲ ਵਿੱਚ ਜੱਟ ਵਾਰੇ ਆਸਾਂ ਲਾਈ ਬੈਠੀ ਲੱਗਦੀ

ਸੀ।

“ਜਾਹ ਤੈਨੂੰ ਤੇਰੇ ਮਾਹੀ ਦਾ ਵਾਸਤਾ, ਸਾਨੂੰ ਫ਼ੱਕਰਾਂ ਨੂੰ ਫ਼ਨਾਹ ਨਾ ਕਰ।”

ਮਨਪ੍ਰੀਤ, ਨਿੰਮੋਂ ਨੂੰ ਕਹਿ ਰਿਹਾ ਸੀ।

“ਮੈਨੂੰ, ਹਰ ਰਾਤ ਫ਼ਨਾਹ ਕਰਦੀ ਹੈ ਜੱਟਾ, ਤੂੰ ਵੀ ਮੇਰੇ ਵਾਂਗ ਫ਼ਨਾਹ ਹੋਵੇਂ ਤਾਂ ਤੈਨੂੰ ਪਤਾ ਲੱਗੇ ਕਿ ਫ਼ਨਾਹ ਹੋਣਾ ਕਿਸ ਨੂੰ ਕਹਿੰਦੇ ਹਨ।”

ਨਿੱਮੋਂ ਤੁਰ ਗਈ ਸੀ ਆਪਣੀ ਮਜ਼ਬੂਰੀ ਨੂੰ ਦੁਹਰਾਂਉਂਦੀ ਹੋਈ।

ਮਨਪ੍ਰੀਤ ਨੂੰ ਖ਼ਬਰੇ ਨਿੱਮੋਂ ਵੀ ਅੱਜ ਚੰਗੀ ਚੰਗੀ ਲੱਗਣ ਲੱਗੀ ਸੀ, ਪਰ ਦਿੱਲ ਦਾ ਮਕਾਨ ਕਿਰਾਏ ਲਈ ਖਾੱਲੀ ਨਹੀਂ ਸੀ, ਓਹ ਵੀ ਮਜ਼ਬੂਰ ਸੀ, ਮਜ਼ਬੂਰੀ ਨਾ ਹੁੰਦੀ ਤਾਂ ਸ਼ਾਇਦ ਨਿੱਮੋਂ ਵੀ ਬਿਰਹਨ ਨਾ ਰਹਿੰਦੀ ਰੋਹੀ ਦੀਆਂ ਵਿਰਾਨ ਤੇ ਤਪਸ਼ ਭਰਪੂਰ ਕਾਲੀਆਂ ਰਾਤਾਂ ਵਿੱਚ।

*

“ਮੇਰੇ ਪੈਰਾਂ ਵਿੱਚ ਪੱਗ ਨਾ ਰੱਖੀਂ ਮੁਹੰਮਦ ਖ਼ਾਨਾ, ਤੂੰ ਇਕੱਲਾ ਧੀ ਦਾ ਬਾਪ ਨਹੀਂ, ਧੀਆਂ ਤਾਂ ਸਭ ਜਹਾਨ ਘਰ ਜੰਮੀਆਂ, ਪਰ ਤੇਰੀ ਧੀ ਜਹੀਆਂ ਨਹੀਂ।”

ਜ਼ੈਲਦਾਰ ਬਲਜੀਤ ਸਿੰਘ ਨੇ ਆਪਣੇ ਪੈਰ ਪਿਛਾਂਹ ਹਟਾ ਲਏ ਸਨ।

“ਜਿਸ ਦੀ ਖ਼ਾਤਰ ਤੂੰ ਮੇਰੇ ਸਿਰ ਚੜ੍ਹ ਰਿਹਾਂ ਏਂ, ਮੈਂ ਉਸ ਦਾ ਬਾਪ ਨਹੀਂ ਹਾਂ, ਉਸ ਨਾਲ ਮੇਰਾ ਕੋਈ ਰਿਸ਼ਤਾ ਨਹੀਂ ਰਿਹਾ, ਮਰ ਚੁੱਕਾ ਹੈ ਉਹ ਮੇਰੇ ਲਈ ਜਿਊਂਦੇ ਹੀ, ਜਾਹ, ਜਾ ਕੇ ਓਸੇ ਦੇ ਅੱਗੇ ਝੋਲ੍ਹੀ ਅੱਡ, ਖ਼ਬਰੇ ਮਨ ਸੁਮੱਤਿਆ ਪੈ ਜਾਵੇ, ਮੇਰੇ ਕੋਲ ਕੁਝ ਨਹੀਂ ਰਿਹਾ ਹੁਣ ਤੈਨੂੰ ਦੇਣ ਵਾਸਤੇ।”

ਜ਼ੈਲਦਾਰ ਨੇ ਮੋਟਰ ਸਾਈਕਲ ਦੀ ਕਿੱਕ ਮਾਰ ਦਿੱਤੀ ਸੀ, ਲਾਲ ਰੰਗ ਦਾ ਰੌਇਲ-ਇੰਨ-ਫੀਲਡ ਡੁੱਗ ਡੁੱਗ ਕਰਦਾ ਗਲ੍ਹੀ ਦਾ ਮੋੜ ਮੁੜ ਅੱਖੋਂ ਓਜ਼ਲ ਹੋ ਗਿਆ ਸੀ, ਖ਼ਾਨ ਨੇ ਜ਼ਮੀਨ ਤੇ ਪਈ ਪੱਗ ਚੁੱਕ ਕੇ ਸਿਰ ਤੇ ਰੱਖ ਲਈ ਸੀ, ਲੋਕ ਦਿਵਾਲੀ ਦੀ ਖ਼ੁਸ਼ੀ ਵਿੱਚ ਆਪਣੇ ਘਰਾਂ ਮਕਾਨਾਂ ਨੂੰ ਰੰਗ ਰੋਗ਼ਨ ਕਰ ਕਰ ਸਜਾ ਰਹੇ ਸਨ, ਪਰ ਖ਼ਾਨ, ਦੇ ਚੇਹਰੇ ਤੋਂ ਰੰਗ ਉੱਡ ਰਿਹਾ ਸੀ, ਲੋਕ ਸ਼ਹਿਰੋਂ ਝੋਲ੍ਹੇ ਭਰ ਭਰ ਕੇ ਘਰਾਂ ਨੂੰ ਪਰਤ ਰਹੇ ਸਨ ਮੁਸਕਰਾਂਉਂਦੇ ਹੋਏ, ਪਰ ਖ਼ਾਨ, ਆਪਣੇ ਘਰ ਨੂੰ ਖਾੱਲੀ ਹੱਥੀਂ ਪਰਤ ਰਿਹਾ ਸੀ ਮਰਝਾਉਂਦੇ ਹੋਏ।

“ਇਸ ਬੁੜ੍ਹੇ ਦੀ ਕੁੜ੍ਹੀ ਨੇ ਸਾਡਾ ਘਰ ਪੱਟਿਆ ਮਾਂ।”

ਕੁਲਦੀਪ, ਪ੍ਰਵਾਰ ਦੇ ਜੀਆਂ ਵਿੱਚ ਖੜ੍ਹਾ ਮਾਂ ਨੂੰ ਦੱਸ ਰਿਹਾ ਸੀ ਜਾਂਦੇ ਮੁਹੰਮਦ ਖ਼ਾਨ ਵੱਲ ਨੂੰ ਆਪਣਾ ਹੱਥ ਕਰਕੇ।

“ਜ਼ਲ੍ਹ ਜਾਵੇ ਕੁੱਖ, ਜਹਿਨੇ ਕਪੂਤ ਜਣ ਦਿੱਤਾ, ਇਹਦੇ ਨਾਲੋਂ ਤਾਂ ਮਨੂਰ ਬਣ ਜਾਂਦਾ,

ਕਿਸੇ ਦੀ ਕੁੱਲੀ ਤਾਂ ਖੜ੍ਹੀ ਹੁੰਦੀ, ਮੇਰੀ ਕੁੱਲ ਨੂੰ ਕਲੰਕ ਤਾਂ ਨਾ ਲੱਗਦਾ, ਹਾਏ ਓਏ ਮੇਰੇ ਡਾਢਿਆ ਰੱਬਾ, ਤੂੰ ਵੀ ਮੇਰਾ ਸ਼ਰੀਕ ਬਣ ਗਿਆਂ ਵੈਰੀਆ?"

ਮਾਂ, ਵੈਣ ਪਾਉਣ ਲੱਗ ਪਈ ਸੀ ਜਿਊਂਦੇ ਜਾਗਦੇ ਪੁੱਤ ਦੇ, ਘਰ ਵਿੱਚ ਮੌਤ ਵਰਗੀ ਚੁੱਪ ਵਿੱਚ ਮਾਂ ਦਾ ਸਿਆਪਾ ਗੂੰਜ਼ ਰਿਹਾ ਸੀ, ਘਰ ਮੜ੍ਹੀਆਂ ਵਾਂਗ ਹੋ ਗਿਆ ਸੀ ਭੈ ਭੀਤ ਜਿਹਾ, ਰੁੱਸੇ ਰੁੱਸੇ ਲੱਗ ਰਹੇ ਸਨ ਘਰ ਦੇ ਸਾਰੇ ਮੈਂਬਰ, ਖ਼ੁਸ਼ੀ, ਤਾਂ ਖੰਭ ਲਾ ਕੇ ਉੱਡ ਗਈ ਸੀ ਘਰ ਵਿੱਚੋਂ, ਦੂਰ ਖੜ੍ਹਾ ਹਰਜੀਤ ਵੀ ਹੌਕੇ ਭਰ ਰਿਹਾ ਸੀ ਆਪਣੀ ਮਾਂ ਦੇ ਅੱਥਰੂ ਵੇਖ ਕੇ, ਸੋਚ ਰਿਹਾ ਸੀ ਕਿ ਇਹ ਹੰਝੂ, ਮੋਹ ਦੇ ਹਨ ਜਾਂ ਕਨੇਡਾ ਦੀ ਮਾਇਆ ਦੇ? ਰੱਬ ਹੀ ਜਾਣੇ।

*

ਅੱਖ ਫ਼ਰਕੀ ਸੀ ਨੂਰਾਂ ਦੀ, ਅੱਖ ਦਾ ਫ਼ਰਕਣਾ ਤੇ ਚੰਗਾ ਨਹੀਂ ਹੁੰਦਾ, ਮਾੜਾ ਹੁੰਦਾ ਹੈ, ਓਹ ਆ ਰਹੇ ਆਪਣੇ ਅੱਬੂ ਵੱਲ ਵੇਖ ਕੇ ਸੋਚ ਰਹੀ ਸੀ, ਸਿਕੰਦਰ ਤੇ ਵੈਲੀ ਚਾਚਾ ਪਤਾ ਨਹੀਂ ਕਿੱਥੇ ਉਜੱੜ ਗਏ ਸਨ, ਖ਼ਬਰੇ ਸ਼ਹਿਰੋਂ ਖ਼ਾਨ ਲਈ ਦੁਆ ਦਾਰੂ ਲੈਣ ਚਲੇ ਗਏ ਸਨ ਖ਼ਾਨ ਨੂੰ ਜ਼ੈਲਦਾਰ ਦੇ ਬੂਹੇ ਵੱਲ ਤੋਰ ਕੇ।

ਖ਼ਾਨ, ਬਿਨਾ ਧੀ ਵੱਲ ਤੱਕਿਆਂ ਅੰਦਰ ਚਲਾ ਗਿਆ ਸੀ, ਫਿਰ ਅੰਦਰੋਂ ਭਾਂਡਿਆਂ ਦੇ ਖੜਕਣ ਦੀ ਅਵਾਜ਼ ਦੇ ਨਾਲ ਹੀ ਘੜੇ ਤੋਂ ਕੌਲਾ ਘੜੀਸਣ ਦੀ ਅਵਾਜ਼ ਵੀ ਆਈ ਸੀ, ਸ਼ਾਇਦ ਖ਼ਾਨ ਦੁਆ ਦਾਰੂ ਕਰ ਰਿਹਾ ਸੀ ਅੰਦਰ ਜਾ ਕੇ, ਹਿਜ਼ਰ-ਏ-ਜਿਗਰ ਦੇ ਰੋਗ ਦਾ, ਜਹਿੜਾ ਧੀ ਨੇ ਮੁਹੱਬਤ ਦੇ ਬਦਲੇ, ਤੋਹਫ਼ੇ ਵਜੋਂ ਉਸ ਦੇ ਗਲ੍ਹ ਮੜ੍ਹ ਦਿੱਤਾ ਸੀ।

"ਮੈਂ ਆਖਰੀ ਵਾਰ ਤੈਨੂੰ ਮੋੜਨ ਆਇਆ ਹਾਂ, ਕਿਤੇ ਇਸ਼ਕ ਦਾ ਰੋਗ ਨਾ ਲਾ ਬੈਠੀਂ, ਜਿੰਦ ਨੂੰ ਵਕਤਾਂ ਵਿੱਚ ਨਾ ਪਾ ਬੈਠੀਂ, ਇਸ਼ਕ ਤੇ ਅਕਲ ਦਾ ਵੈਰ ਹੁੰਦਾ ਆ ਵੈਰਨੇ, ਇਸ਼ਕ ਦੀ ਮੰਜ਼ਿਲ ਬਹੁਤ ਗਹਿਰੀ ਹੈ, ਤੂੰ ਇਸ ਮ੍ਰਿਗ ਤ੍ਰਿਸ਼ਨਾ ਮਗਰ ਨਾ ਦੌੜੀਂ, ਨਹੀਂ ਤੇ ਬਰਬਾਦ ਹੋ ਜਾਵੇਂਗੀ, ਮੈਂ ਵੀ ਤੈਨੂੰ ਨਹੀਂ ਬਚਾ ਸਕਾਂਗਾ।"

ਖ਼ਾਨ, ਆਪਣੀ ਧੀ ਦੇ ਮੂਹਰੇ ਪੱਲਾ ਅੱਡੀ ਖੜ੍ਹਾ ਸੀ ਸ਼ਰਾਬ ਦੇ ਸਰੂਰ ਜਹੇ ਵਿੱਚ, ਖ਼ੁਦਾ ਦੇ ਖੇਲ ਨਿਆਰੇ ਹੋ ਰਹੇ ਸਨ।

"ਅੱਬੂ ਜਾਨ! ਮੈਂ ਤੇ ਇਸ ਮ੍ਰਿਗ ਤ੍ਰਿਸ਼ਨਾ ਮਗਰ ਦੌੜਦੀ ਦੌੜਦੀ ਮੜ੍ਹੀ ਤੱਕ ਪਹੁੰਚ ਗਈ ਹਾਂ, ਮੇਰਾ ਮ੍ਰਿਗ ਹੀ ਮੇਰੀ ਤ੍ਰਿਸ਼ਨਾ ਹੋ ਗਿਆ ਹੈ ਹੁਣ ਤੇ, ਜਦੋਂ ਤੱਕ ਮੇਰੀਆਂ ਅੱਖਾਂ ਮੂਹਰੇ ਮ੍ਰਿਗ ਰਹਿੰਦਾ ਹੈ ਮੈਂ ਜਿਊਂਦੀ ਰਹਿੰਦੀ ਹਾਂ, ਨਹੀਂ ਤੇ ਕੱਲ ਨੂੰ ਸਖ਼ੀਆਂ ਤਾਹਨੇ ਮਾਰਨਗੀਆਂ ਮੈਨੂੰ, ਕਹਿਣਗੀਆਂ ਅੱਲੜ੍ਹ ਗੁਜ਼ਰੀ ਨੂੰ ਮ੍ਰਿਗ ਟਿਕਾਉਣਾ ਨਹੀਂ ਆਇਆ।"

ਨੂਰਾਂ, ਭਖਦੇ ਮੁੱਖ ਅਤੇ ਸੂਹੀਆਂ ਨਜ਼ਰਾਂ ਨਾਲ ਨਿਹਾਰ ਰਹੀ ਸੀ ਅੱਬੂ ਦਾ ਢਲ੍ਹਦਾ

ਚੇਹਰਾ, ਬੇ ਖ਼ੌਫ਼ ਜਹੀ ਝਾਂਸੀ ਦੀ ਰਾਣੀ ਵਾਂਗੂ, ਜਾਂ ਫਿਰ ਚੰਡੀ ਸੀ ਓਹ।

"ਹੁਣ, ਮੈਂ ਹੋਰ ਜਿਊਣਾ ਨਹੀਂ ਚਾਹੁੰਦਾ, ਮੈਨੂੰ ਆਪਣੇ ਹੱਥੀਂ ਜ਼ਹਿਰ ਪਿਲਾ ਦੇ ਤੇ ਚਲੀ ਜਾਹ ਜਿੱਥੇ ਜਾਣਾ ਮੇਰੀ ਲਾਸ਼ ਤੇ ਪੈਰ ਧਰਕੇ, ਮੇਰੀਆਂ ਅੱਖਾਂ, ਸੱਸੀ ਨੂੰ ਥਲਾਂ ਵਿੱਚ ਸੜਦਿਆਂ ਨਹੀਂ ਦੇਖ ਸਕਦੀਆਂ।"

ਖ਼ਾਨ, ਹਾਰ ਗਿਆ ਲੱਗਦਾ ਸੀ ਜਿੰਦਗੀ ਦੀ ਬਾਜ਼ੀ ਨੂੰ।

"ਨਹੀਂ ਦੇਖ ਸਕਦੀਆਂ ਤਾਂ ਮਨਪ੍ਰੀਤ ਨੂੰ ਘਰ ਜੁਆਈ ਬਣਾ ਲੈ, ਅੱਬੂ ਜਾਨ, ਮੈਂ ਉਮਰ ਭਰ ਤੇਰੇ ਕਦਮਾਂ ਤੇ ਸਿਰ ਧਰੀ ਰੱਖਾਂਗੀ, ਅੱਬੂ ਜਾਨ ਉਮਰ ਭਰ ਲਈ।"

ਬਾਪ ਦੇ ਪੈਰਾਂ ਵਿੱਚ ਕੱਟੇ ਹੋਏ ਰੁੱਖ਼ ਵਾਂਗ ਡਿਗ ਪਈ ਸੀ ਨੂਰਾਂ, ਅਕਾਸ਼ ਤੇ ਕਟੀ ਪਤੰਗ ਦੀ ਡੋਰ ਦਾ ਆਖਰੀ ਹਿੱਸਾ ਖ਼ਾਨ ਦੀ ਪੱਗ ਨਾਲ ਖਹਿ ਕੇ ਲੰਘ ਰਿਹਾ ਸੀ ਪਿਛਾਂਹ ਵੱਲ।

"ਮੇਰੇ ਜਿਊਂਦੇ ਜੀ ਇਹ ਵੀ ਨਹੀਂ ਹੋ ਸਕਦਾ।"

ਖ਼ਾਨ ਵੀ ਜ਼ੈਲਦਾਰ ਦੀ ਤਰਾਂ ਹੀ ਆਪਣੇ ਪੈਰ ਪਿਛਾਂਹ ਖਿੱਚ ਕੇ ਲੈ ਗਿਆ ਸੀ।

-

"ਕਿਉਂ ਨਹੀਂ ਹੋ ਸਕਦਾ?"

ਨੂਰਾਂ ਨੇ ਆਪਣੇ ਅੱਬੂ ਨੂੰ ਪੁੱਛਿਆ ਸੀ।

"ਕਿਉਂ ਕਿ ਮੇਰਾ ਧਰਮ ਅੱਲਗ ਹੈ।"

ਮੁਹੰਮਦ ਖ਼ਾਨ ਆਪਣੇ ਦੁਨਿਆਵੀ ਧਰਮ ਦਾ ਵਾਸਤਾ ਦੇਣ ਲੱਗ ਪਿਆ ਸੀ।

"ਮਨਪ੍ਰੀਤ ਵੀ ਤੇਰੇ ਹੀ ਧਰਮ ਦਾ ਹੈ।"

ਨੂਰਾਂ ਨੇ ਕਿਹਾ ਸੀ।

"ਇਹ ਗੱਲ ਜਾ ਕੇ ਉਸ ਦੀ ਮਾਂ ਨੂੰ ਦੱਸ ਕਿ ਮੈਂ ਵੀ ਤੇਰੇ ਧਰਮ ਦੀ ਹਾਂ।"

ਮੁਹੰਮਦ ਖ਼ਾਨ ਨੇ ਨੂਰਾਂ ਨੂੰ ਕਿਹਾ ਸੀ।

"ਤੈਨੂੰ ਕਿਵੇਂ ਪਤਾ ਅੱਬੂ, ਉਸ ਦੀ ਮਾਂ ਦਾ ਧਰਮ?"

ਨੂਰਾਂ ਨੇ ਪੁੱਛਿਆ ਸੀ ਆਪਦੇ ਅੱਬੂ ਤੋਂ।

"ਧੌਲ਼ੇ ਬਲੌਰ ਮੇਰੇ ਖੇਡਦਿਆਂ ਨਹੀਂ ਆਏ, ਦੁਨੀਆਂ ਵੇਖੀ ਹੈ ਮੈਂ।"

ਮੁਹੰਮਦ ਖ਼ਾਨ ਆਖ ਰਿਹਾ ਸੀ ਆਪਦੀ ਧੀ ਨੂਰਾਂ ਨੂੰ।

"ਤੂੰ ਅੱਬੂ ਜਾਨ, ਸ਼ਾਇਦ ਅਜੇ ਤੱਕ ਕੁਝ ਵੀ ਨਹੀਂ ਦੇਖਿਆ, ਜੇ ਕਰ ਤੂੰ ਦੁਨੀਆਂ ਦੇਖੀ ਹੁੰਦੀ ਤਾਂ ਅੱਜ ਆਹ ਵਕਤ ਨਾ ਦੇਖਦਾ।"

ਨੂਰਾਂ ਸਾਰਾ ਕਸੂਰ ਆਪਦੇ ਅੱਬੂ ਦਾ ਹੀ ਕਢੱਦੀ ਲੱਗਦੀ ਸੀ।

"ਆਹ ਵਕਤ ਤੂੰ ਦਿਖਾ ਰਹੀ ਏਂ।"

ਖ਼ਾਨ ਨੇ ਕਿਹਾ ਸੀ।

"ਮੈਂ ਕੌਣ ਹਾਂ ਅੱਬੂ ਜਾਨ?"

ਨੂਰਾਂ ਨੇ ਕਿਹਾ ਸੀ।

"ਮੈਨੂੰ ਨਹੀਂ ਪਤਾ।"

ਖ਼ਾਨ, ਰੁਆਂਸੇ ਤੋਂ ਰੋਹ ਵਿੱਚ ਆ ਰਿਹਾ ਸੀ, ਜ਼ਮੀਨ ਤੋਂ ਉੱਠਦੀ ਧੀ ਨੂੰ ਕਹਿ ਰਿਹਾ ਸੀ ਦਬਕ ਰਿਹਾ ਸੀ।

ਨੂਰਾਂ ਦੇ ਤੇ ਜਿਵੇਂ ਹੰਝੂ ਵੀ ਦਗ਼ਦੀਆਂ ਗੱਲ੍ਹਾਂ ਤੋਂ ਰਾਹ ਗੁਜ਼ਰਦੇ ਤਪਸ਼ ਨਾਲ ਸੁਕਦੇ ਜਾ ਰਹੇ ਹੋਣ, ਜ਼ੁਲਫ਼ਾਂ ਦੀ ਇਕ ਲਟ ਮੱਥੇ ਤੇ ਆ ਟਪਕੀ ਸੀ ਝੱਲੀਆਂ ਵਾਂਗ, ਖ਼ਬਰੇ ਝੱਲੀ ਲਟ ਵੀ ਕਿਸੇ ਝੱਲੀ ਦੀ ਹੀ ਸੀ।

"ਤੂੰ ਅੱਬੂ ਮੈਨੂੰ ਵੀ ਭੁੱਲ ਗਿਆ ਏਂ ਨਸ਼ੇ ਵਿੱਚ, ਕਿਸ ਦਾ ਹੈ ਇਹ ਨਸ਼ਾ, ਸ਼ਰਾਬ ਦਾ ਜਾਂ ਧਰਮ ਦਾ? ਜਿਸ ਦੇ ਨਸ਼ੇ ਵਿੱਚ ਪਿਓ ਆਪਣੀ ਧੀ ਨੂੰ ਭੁੱਲ ਗਿਆ ਹੈ।"

ਨੂਰਾਂ ਆਪਦੇ ਅੱਬੂ ਨੂੰ ਕੁਝ ਦੱਸ-ਪੁੱਛ ਰਹੀ ਸੀ।

"ਤੇਰੇ ਦਿੱਤੇ ਦਰਦ ਦਾ, ਛੱਡ ਦੇ ਜੱਟ ਦਾ ਖਹਿੜਾ, ਜਾਂ ਫਿਰ ਭੁੱਲ ਜਾ ਤੂੰ ਵੀ ਮੈਨੂੰ।"

ਖ਼ਾਨ ਦਾ ਰੋਹ ਹੁਣ ਕ੍ਰੋਧ ਵਿੱਚ ਬਦਲਣ ਲੱਗਾ ਸੀ।

"ਮੈਨੂੰ ਜਵਾਬ ਦੇ।"

ਖ਼ਾਨ, ਧੀ ਦੀ ਖ਼ਮੋਸ਼ੀ ਤੇ ਹੋਰ ਖ਼ਫਾ ਹੋ ਰਿਹਾ ਸੀ।

"ਇਸ ਦਾ ਜਵਾਬ ਓਹੀ ਦੇਵੇਗਾ।"

ਨੂਰਾਂ ਨੇ ਆਉਂਦੇ ਮਨਪ੍ਰੀਤ ਵੱਲ ਇਸ਼ਾਰਾ ਕੀਤਾ ਸੀ, ਜਹਿੜਾ, ਖ਼ਾਨ ਦੇ ਘਰ ਦੀ ਦਹਿਲੀਜ਼ ਵੱਲ ਕਦਮ ਪੁੱਟਦਾ ਆ ਰਿਹਾ ਸੀ, ਚੰਦ ਪਲਾਂ ਬਾਅਦੋਂ ਕਦਮ ਖ਼ਾਨ ਦੀ ਧਰਤੀ ਤੇ ਹੋਣੇ ਸਨ, ਜਿਉਂ ਹੀ ਖ਼ਾਨ ਦੀ ਨਜ਼ਰ ਆਉਂਦੇ ਮਨਪ੍ਰੀਤ ਨਾਲ ਟਕਰਾਈ ਤੇ ਓਹ ਦੌੜਕੇ ਬੂਹੇ ਦੇ ਵਿਚਕਾਰ ਪਹਿਰੇਦਾਰ ਦੀ ਤਰਾਂ ਜਾ ਖੜ੍ਹਾ ਹੋਇਆ ਸੀ ਖਾਲੀ ਹੱਥ।

"ਖ਼ਬਰਦਾਰ ਕਾਫ਼ਰਾ, ਜੇ ਤੂੰ ਮੇਰੀ ਧਰਤੀ ਤੇ ਪੈਰ ਧਰਿਆ ਸੂ, ਕੀ ਲੈਣ ਆਇਆ ਏਂ ਤੂੰ ਏਥੇ? ਜਾਹ ਮੁੜ ਜਾਹ ਏਥੋਂ, ਏਥੇ ਤੇਰਾ ਕੁਝ ਨਹੀਂ ਰੱਖਿਆ, ਇਹ ਤੇਰੀ ਦੂਨੀਆਂ ਨਹੀਂ, ਇਹ ਸਿਕੰਦਰ ਦੀ ਹੈ।"

ਖ਼ਾਨ, ਬੂਹੇ ਵਿੱਚ ਬਾਹਾਂ ਅੜਾਈ ਖੜ੍ਹਾ ਸੀ।

"ਮੈਂ ਨਹੀਂ ਆਇਆ, ਤੇਰੀ ਧੀ ਨੇ ਮੈਨੂੰ ਬੁਲਾਇਆ ਹੈ।"

ਮਨਪ੍ਰੀਤ ਨੇ ਸਹਿਜ ਸੁਬਾਓ ਹੀ ਜਵਾਬ ਦਿੱਤਾ ਸੀ।

"ਇਸ ਘਰ ਦਾ ਮਾਲਿਕ ਮੈਂ ਹਾਂ, ਕੋਈ ਹੋਰ ਨਹੀਂ।"

ਮੁਹੰਮਦ ਖ਼ਾਨ ਨੇ ਅਪਣਾ ਰੁਤਬਾ ਦੱਸਣ ਦੀ ਕੋਸ਼ਿਸ਼ ਕੀਤੀ ਸੀ।

"ਖ਼ਾਨ ਮੀਆਂ, ਰਹਿਣ ਦੇ ਇਹਨਾ ਗੱਲਾਂ ਨੂੰ, ਦੁਨੀਆਂ ਦਾ ਮਾਲਿਕ ਤੇ ਸਿਰਫ਼ ਇਕ ਹੀ ਹੈ, ਦੋ ਨਹੀਂ, ਤੂੰ, ਮਾਲਿਕ ਨਾ ਬਣ, ਤੇਰੇ ਤੋਂ ਪਹਿਲੋਂ ਪਤਾ ਨਹੀਂ ਕਿੰਨੇ ਆਏ ਤੇ ਕਿੰਨੇ ਚਲੇ ਗਏ ਇਸ ਧਰਤੀ ਉੱਤੋਂ, ਓਹ ਨਾ ਮਾਲਿਕ ਬਣ ਸਕੇ, ਤੇ ਤੂੰ ਕਿੱਥੋਂ ਮਾਲਿਕ ਬਣ ਲੈਣਾ, ਛੱਡ ਦੇ ਮੇਰਾ ਰਸਤਾ, ਮੇਰੀ ਦੁਨੀਆਂ ਤੇਰੀ ਧਰਤੀ ਉੱਤੇ ਵੀ ਹੈ।"

ਮਨਪ੍ਰੀਤ ਨੇ ਮੁਹੰਮਦ ਖ਼ਾਨ ਨੂੰ ਸਮਝਾਉਂਦੇ ਹੋਏ ਰਾਸਤਾ ਛੱਡਣ ਲਈ ਕਿਹਾ ਸੀ।

"ਖ਼ੂਨ ਖ਼ਰਾਬਾ ਕਰਨਾ ਚਾਹੁਨੈ?"

ਖ਼ਾਨ ਪੁੱਛ ਰਿਹਾ ਸੀ।

"ਮੈਂ ਤਾਂ ਕੁੱਲ ਆਲਮ ਦਾ ਭਲਾ ਮੰਗਦਾ ਹਾਂ, ਪਰ ਜੇ ਤੇਰੀ ਹੀ ਖ਼ੁਸ਼ੀ, ਖ਼ੂਨ ਖ਼ਰਾਬੇ ਵਿੱਚ ਕੈਦ ਹੋਈ ਤਾਂ ਮੈਂ ਕਿਵੇਂ ਛੁਡਾ ਸਕਾਂਗਾ?"

ਮਨਪ੍ਰੀਤ ਨੇ ਖ਼ਾਨ ਨੂੰ ਜਵਾਬ ਦਿੱਤਾ ਸੀ।

"ਮੇਰੀ ਖੁਸ਼ੀ ਚਾਹੁਨੈ ਤਾਂ ਮੁੜਕੇ ਕਦੀ ਵੀ ਮੈਨੂੰ ਆਪਣੀ ਸ਼ਕਲ ਨਾ ਦਖਾਈਂ ਦੁਸ਼ਟਾ, ਕਹਿੜੇ ਜਨਮਾਂ ਦਾ ਵੈਰ ਕੱਢਦਾਂ ਤੂੰ ਮੈਥੋਂ?"

ਮੁਹੰਮਦ ਖ਼ਾਨ ਬਹੁਤ ਦੁਖੀ ਸੀ ਮਨਪ੍ਰੀਤ ਦੇ ਜਵਾਬਾਂ ਤੋਂ।

"ਉਸ ਜਨਮ ਦਾ, ਜਦੋਂ ਤੂੰ ਸਿੱਖ ਸੀ ਤੇ ਮੈਂ ਮੁਸਲਮਾਨ, ਮਜਹਬ ਤਾਂ ਵਜ਼ੂਦ ਦੇ ਮਜ਼ੂਦ ਰਹਿਣ ਤੱਕ ਹੀ ਹੈ, ਰੂਹ ਤਾਂ ਬੰਧਨ ਮੁਕਤ ਹੈ, ਅਤੇ ਤੂੰ ਫਿਰ ਆਪਣੀ ਰੂਹ ਨੂੰ ਮਜ਼ਹਬ ਦਾ ਬੰਧੀ ਬਣਾ ਰਿਹਾ ਏਂ ਪਹਿਲਾਂ ਵਾਂਗ ਹੀ? ਟਲ੍ਹ ਜਾਹ ਤੂੰ, ਨਹੀਂ ਤੇ ਹਰ ਜੁੱਗ ਆਪਾਂ ਧਰਮ ਦੇ ਕੈਦੀ ਹੋਵਾਂਗੇ, ਮੁਕਤ ਨਹੀਂ।"

ਮਨਪ੍ਰੀਤ ਤਾਂ ਧਰਮਾਂ ਤੋਂ ਉਪਰ ਉਠੇ ਹੋਏ ਇਨਸਾਨਾ ਵਾਲੀਆਂ ਗੱਲਾਂ ਕਰਦਾ ਸੀ ਪਰ ਮੁਹੰਮਦ ਖ਼ਾਨ ਇਹ ਸਭ ਕਿਵੇਂ ਸਮਝ ਲੈਂਦਾ ਜਹਿੜਾ ਹਾਲੇ ਤੱਕ ਪਿਆਰ, ਇਸ਼ਕ ਦੀ ਗੱਲ ਹੀ ਨਹੀਂ ਸੀ ਸਮਝ ਸਕਿਆ।

"ਮੈਂ ਮੁਕਤ ਨਹੀਂ ਹੋਣਾ ਚਾਹੁੰਦਾ, ਮੈਂ ਸੁੰਨੀ ਹਾਂ ਤੇ ਤੈਨੂੰ ਵੀ ਸੁੰਨੀ ਹੋਣਾ ਪਵੇਗਾ ਜੇ ਕਰ ਤੂੰ ਇਸ਼ਕ ਕਰਦਾ ਏਂ, ਤਾਂ ਬਲ੍ਹੀ ਦੇ, ਨਹੀਂ ਤਾਂ ਮੈਂ ਤੇਰੇ ਸਿਰ ਦੀ ਬਲ੍ਹੀ ਚੜਾਵਾਂਗਾ ਮੇਰੇ ਮਜ਼ਹਬ ਨੂੰ।"

ਮੁਹੰਮਦ ਖ਼ਾਨ ਨੇ ਹੁਣ ਇੱਕ ਸ਼ਰਤ ਰੱਖ ਦਿੱਤੀ ਸੀ ਮਨਪ੍ਰੀਤ ਅੱਗੇ।

"ਪਲ ਦਾ ਭਰੋਸਾ ਹੈ ਨਹੀਂ, ਤੂੰ ਬਲ੍ਹੀਆਂ ਦੇ ਚੱਕਰਾਂ ਵਿੱਚ ਨਾ ਫ਼ਸ, ਖ਼ਾਨ ਮੀਆਂ! ਜੇ ਆਹ ਰੂਹ ਨਾ ਰਹੀ ਵਜ਼ੂਦ ਵਿੱਚ, ਤਾਂ ਰਹਿਣੀ ਤੇਰੀ ਵੀ ਹੈ ਨਹੀਂ, ਜੇ ਕਰ ਸੁੰਨਤ

ਕਰਾਇਆਂ ਖ਼ੁਦਾ ਮਿਲਦਾ ਹੁੰਦਾ ਤਾਂ ਤੈਨੂੰ ਕਦੋਂ ਦਾ ਮਿਲ ਗਿਆ ਹੁੰਦਾ, ਮੁੱਛ ਮੁੰਨਿਆਂ ਅੱਲ੍ਹਾ ਤਾਲਾ ਦਾ ਦੀਦਾਰ ਹੁੰਦਾ ਤਾਂ ਤੈਨੂੰ ਵੀ ਹੋ ਜਾਣਾ ਸੀ, ਪੰਡਤਾਂ ਅਤੇ ਭਾਈਆਂ ਦੀਆਂ ਉਮਰਾਂ ਲੰਘ ਜਾਂਦੀਆਂ ਨੇ ਬੋਦੀਆਂ ਰੱਖੀ ਫਿਰਦਿਆਂ ਦੀਆਂ, ਸਿਰ ਮੁੰਡਵਾਈ ਮੰਦਰਾਂ ਦੇ ਟੱਲ ਖੜਕਾਉਂਦਿਆਂ, ਸਿਰ-ਦਾੜ੍ਹੀ ਦੇ ਵਾਲ਼ ਲੰਬੇ ਕਰਦਿਆਂ ਦੀਆਂ, ਓਹਨਾ ਨੂੰ ਨਹੀਂ ਮਿਲਿਆ ਤੇ ਤੂੰ............, ਮਾਲਿਕ ਤਾਂ ਕਣ ਕਣ ਵਿੱਚ ਮਜ਼ੂਦ ਹੈ ਪੂਰੇ ਜਹਾਨ ਅੰਦਰ, ਤੇਰੇ ਵਿੱਚ ਵੀ ਹੈ ਤੇ ਮੇਰੇ ਵਿੱਚ ਵੀ, ਤੂੰ ਮਜ਼ਹਬ ਦੀ ਗੱਲ ਕਰਦਾ ਏਂ? ਨਾ ਪੈਦਾ ਹੋਣ ਤੋਂ ਪਹਿਲਾਂ ਕੋਈ ਮਜ਼ਹਬ ਸੀ ਅਤੇ ਨਾ ਮਰਨ ਤੋਂ ਬਾਅਦ ਹੋਵੇਗਾ, ਮਜ਼੍ਹਬ ਤੇ ਧਰਮ ਤਾਂ ਸ਼ੈਤਾਨ ਮਨੁੱਖ ਦੇ ਸੁਆਰਥ ਦੀ ਖ਼ੋਜ਼ ਹੈ, ਪਰ ਤੈਨੂੰ ਕਾਹਦਾ ਸੁਆਰਥ ਹੈ ਖ਼ਾਨਾ, ਕੀ ਤੂੰ ਮੁਹੰਮਦ ਖ਼ਾਨ ਹੀ ਨਹੀਂ?"

ਖ਼ਾਨ ਦੇ ਮੂਹਰੇ ਨਜ਼ਰਾਂ ਟਿਕਾਈ ਖੜ੍ਹਾ ਮਨਪ੍ਰੀਤ ਪੁੱਛ ਰਿਹਾ ਸੀ ਖ਼ਾਨ ਤੋਂ, ਤੇ ਨੂਰਾਂ ਦੂਰ ਖੜ੍ਹੀ ਤੱਕ ਰਹੀ ਸੀ ਦੋਹਾਂ ਵੱਲ, ਦਿਲ ਦੀ ਧੜਕਣ ਸੁਣ ਰਹੀ ਸੀ ਖ਼ੁਦ ਨੂੰ ਹੀ।

"ਮੈਨੂੰ ਸੁਆਰਥ ਹੈ ਜਾਂ ਨਹੀਂ, ਤੇਰਾ ਇਸ ਨਾਲ ਕੋਈ ਮਤਲਬ ਨਹੀਂ, ਮੈਨੂੰ ਤੇ ਇੰਨਾ ਪਤਾ ਹੈ ਕਿ ਜੇ ਤੂੰ ਨੂਰਾਂ ਨੂੰ ਮਿਲਣਾ ਚਾਹੁਨੈ ਤਾਂ ਤੈਨੂੰ ਪਹਿਲਾਂ ਸੁੰਨਤ ਕਰਾਉਣੀ ਪਵੇਗੀ, ਬੋਲ, ਕਰਾ ਸਕਦੈਂ ਜਾਂ ਨਹੀਂ?"

ਮੁਹੰਮਦ ਖ਼ਾਨ ਨੇ ਆਪਣੀ ਸ਼ਰਤ ਫਿਰ ਦੁਹਰਾਈ ਸੀ।

"ਨਹੀਂ, ਮੈਂ ਸੁੰਨਤ ਕਰਵਾ ਕੇ ਖ਼ੁਦਾ ਦੇ ਹੁਕਮ ਦੀ ਅਦੂਲੀ ਕਰਕੇ ਗੁਨਾਹਗਾਰ ਨਹੀਂ ਬਣਨਾ ਚਾਹੁੰਦਾ, ਮੈਨੂੰ ਬਖ਼ਸ਼ ਦਿਓ।"

ਮਨਪ੍ਰੀਤ ਨੇ ਸਾਫ਼ ਜਵਾਬ ਦੇ ਦਿੱਤਾ ਸੀ।

"ਸੁੰਨਤ ਗੁਨਾਹ ਹੈ?"

ਖ਼ਾਨ ਪੁੱਛ ਰਿਹਾ ਸੀ।

"ਬੰਦਾ ਖ਼ੁਦ ਖ਼ੁਦਾ ਨੇ ਬਣਾ ਕੇ ਭੇਜਿਆ ਹੈ, ਖ਼ੁਦਾ ਦੇ ਆਪਣੇ ਰੂਪ ਵਿੱਚ, ਜੇ ਸੁੰਨਤ ਜਰੂਰੀ ਹੁਮਦਿ ਤਾਂ ਖ਼ੁਦਾ ਹਰ ਇਨਸਾਨ ਨੂੰ ਸੁੰਨਤ ਕਰਕੇ ਹੀ ਦੁਨੀਆਂ ਉਤੇ ਭੇਜਦਾ, ਜ਼ਮੀਨ ਤੇ ਸੁੰਨਤ ਕਰਨਾ ਖ਼ੁਦਾ ਤੇ ਵਾਰ ਹੋਵੇਗਾ, ਖ਼ੁਦਾ, ਰਾਮ, ਈਸਾ, ਪ੍ਰਮੇਸ਼ਰ, ਚਾਰੇ ਇਕੋ ਮਾਲਿਕ ਦੇ ਨਾਮ ਹਨ, ਤੇ ਮੇਰਾ ਮਜ਼ਹਬ ਮਨੁੱਖਤਾ ਹੈ, ਮੈਂ ਕੁੱਲ ਆਲਮ ਦਾ ਭਲਾ ਮੰਗਣ ਵਾਲਾ ਸੁੰਨਤ ਕਿਵੇਂ ਕਰਵਾ ਲਵਾਂ? ਮੈਂ ਖ਼ੁਦਾ ਦੀ ਯਾਦਗਾਹ ਵਿੱਚ ਦਖ਼ਲ ਦੇਣ ਦਾ ਹੱਕ ਨਹੀਂ ਰੱਖਦਾ।"

ਮਨਪ੍ਰੀਤ ਬਿਨਾ ਗੁਜ਼ਰੀ ਵੱਲ ਤੱਕਿਆਂ ਬੂਹੇ ਦੇ ਬਾਹਰੋਂ ਹੀ ਵਾਪਸ ਮੁੜ ਤੁਰਿਆ ਸੀ, ਨਾ ਤਾਂ ਉਦਾਸ ਹੀ ਸੀ ਤੇ ਨਾ ਪ੍ਰੇਸ਼ਾਨੀ ਹੀ ਸੀ, ਨਾ ਤਮਾ ਸਵਾਰ ਹੋਈ ਸੀ ਨਾ ਵੈਰ ਹੀ

ਜਾੱਗਿਆ ਸੀ, ਹੋਸ਼ ਤਾਂ ਸੀ ਪਰ ਜ਼ੋਸ਼ ਨਹੀਂ ਸੀ, ਮਨ, ਸ਼ਾਂਤ ਸੀ ਧੁਰ ਦਰਗਾਹੋਂ ਆਏ ਦੀ ਤਰਾਂ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਰਹਿਤ।

"ਸੱਜਣਾ ਜੇ ਖ਼ਾਨ ਦੀ ਦੁਨੀਆਂ ਵਿੱਚ ਤੇਰਾ ਕੁਝ ਨਹੀਂ ਤੇ ਫਿਰ ਏਥੇ ਮੇਰਾ ਵੀ ਕੁਝ ਨਹੀਂ।"

ਨੂਰਾਂ, ਜਾਂਦੇ ਮਨਪ੍ਰੀਤ ਦੇ ਮਗਰ ਦੌੜੀ ਸੀ, ਪਰ ਬੂਹੇ ਵਿੱਚ ਬਾਪ ਖੜ੍ਹਾ ਸੀ ਰਾਹ ਰੋਕ ਕੇ।

"ਮੇਰੇ ਜਿਊਂਦੇ ਜੀ ਤੇਰੇ ਪੈਰ ਇਸ ਘਰ ਚੋਂ ਬਾਹਰ ਨਿਕਲੇ ਤਾਂ ਪੈਰ ਕੱਟ ਕੇ ਰੱਖ ਦਿਆਂਗਾ, ਫਿਰ ਨਾ ਮੈਨੂੰ ਕਸਾਈ ਆਖੀਂ।"

ਖ਼ਾਨ, ਬੂਹੇ ਤੋਂ ਪਾਸੇ ਹਟ ਗਿਆ ਸੀ, ਪ੍ਰੰਤੂ, ਧੀ ਨੂੰ ਜਿਵੇਂ ਬਾਪ ਦੇ ਮੋਹ ਨੇ ਪੱਥਰ ਦੀ ਮੂਰਤ ਬਣ ਦਿੱਤਾ ਹੋਵੇ।

*

ਦਿਵਾਲੀ ਦਾ ਇਤਿਹਾਸਕ ਦਿਨ ਈਦ ਸਮਾਨ ਮੁਸਕਰਾ ਰਿਹਾ ਸੀ ਪੂਰੀ ਖ਼ੁਦਾਈ ਵਿੱਚ, ਮਨੁੱਖ ਵੀ ਤੇ ਗੈਰ ਮਨੁੱਖ ਵੀ ਸਭ ਖੁਸ਼ ਸਨ, ਖੁਸ਼ੀ ਵਿੱਚ ਕੋਈ ਮੰਦਰ ਜਾ ਰਿਹਾ ਸੀ ਤੇ ਕੋਈ ਮਹਿਕਦੇ, ਗੁਲਸ਼ਨ ਆਬਾਦ ਸਨ ਸਭ ਦੇ, ਪ੍ਰੰਤੂ, ਪੂਰੇ ਪਿੰਡ ਵਿੱਚ ਇਕ ਘਰ ਨਿਭਾਗਿਆਂ ਦਾ ਵੀ ਸੀ, ਜਿੱਥੇ ਹੰਝੂਆਂ ਦੀ ਬਰਸਾਤ ਹੋ ਰਹੀ ਸੀ, ਮਾਂ, ਕਨੇਡਿਓਂ ਆਈ ਨੂੰਹ ਦੀ ਫੋਟੋ ਹਿੱਕ ਨਾਲ ਲਾਈ ਬੈਠੀ ਸੀ ਵੇਹੜੇ ਵਿੱਚ ਡਾਹੇ ਮੰਜ਼ੇ ਉਤੇ, ਵਾਰ ਵਾਰ ਕੱਟੇ ਹੋਏ ਵਾਲਾਂ ਵਾਲੀ ਸੁੰਦਰ ਕੁੜੀ ਦੀ ਤਸਵੀਰ ਦੇਖ ਰਹੀ ਸੀ, ਜਿਸ ਨੇ ਸ਼ਾਇਦ ਪੈਂਟ ਸ਼ਰਟ ਪਾਈ ਹੋਈ ਸੀ, ਦੂਰੋਂ ਕਿਸੇ ਮੁੱਛ ਫੁੱਟ ਗੱਭਰੂ ਦੀ ਤਸਵੀਰ ਲੱਗਦੀ ਸੀ, ਕਿਸੇ ਕੁੜੀ ਦੀ ਨਹੀਂ।

"ਚਲੋ ਉਠੋ ਵੀਰ ਜੀ, ਘਰ ਚਲੋ ਮੇਰੇ ਨਾਲ।"

ਹਰਜੀਤ ਨੇ ਮਨਪ੍ਰੀਤ ਨੂੰ ਬਹੁਤ ਦੌੜ ਭੱਜ ਕਰਨ ਤੋਂ ਬਾਅਦ ਲੱਭਿਆ ਸੀ, ਅਤੇ ਹੁਣ ਉਸ ਦੀ ਬਾਂਹ ਫੜ੍ਹੀ ਖੜਾ ਕਹਿ ਰਿਹਾ ਸੀ ਟਿੱਬੇ ਉਤੇ ਸੁੱਕੀ ਕਿੱਕਰ ਦੇ ਹੇਠਾਂ, ਜਿੱਥੋਂ ਦੂਰ ਤੱਕ ਚਾਰ ਚੁਫੇਰਾ ਨਜ਼ਰ ਆ ਰਿਹਾ ਸੀ, ਪਿੰਡ ਵੀ ਤੇ ਗੁੱਜ਼ਰਾਂ ਦਾ ਡੇਰਾ ਵੀ, ਮੜ੍ਹੀਆਂ ਵੀ ਤੇ ਪੀਰਾਂ ਦੀ ਦਰਗ਼ਾਹ ਵੀ।

" ਕੀ ਵੇਖੀ ਜਾਨਾ ਏਂ ਗੁੱਜ਼ਰਾਂ ਦੇ ਡੇਰੇ ਵੱਲ, ਕੁਝ ਮੇਰੀ ਵੀ ਤਾਂ ਸੁਣ, ਮੈਂ ਵੀ ਤੇਰਾ ਕੁਝ ਲੱਗਦਾ ਹਾਂ, ਕੀ ਤੂੰ ਵੀਰ ਜੀ ਗੁਜ਼ਰੀ ਦੇ ਪਿੱਛੇ ਲੱਗ ਕੇ ਮੈਨੂੰ ਵੀ ਭੁੱਲ ਗਿਆ ਏਂ? ਮੈਂ ਤੇਰਾ ਛੋਟਾ ਵੀਰ ਹਰਜੀਤ ਹਾਂ, ਜਾਂ ਤੇ ਮੈਨੂੰ ਵੀ ਆਪਣੇ ਨਾਲ ਰੱਖ, ਨਹੀਂ ਤੇ ਤੂੰ ਵੀ ਮੇਰੇ ਨਾਲ ਘਰ ਮੁੜ ਚੱਲ, ਜੇ ਤੂੰ ਪਰਾਈ ਗੁਜ਼ਰੀ ਖ਼ਾਤਿਰ ਘਰ ਤਿਆਗ ਸਕਦੈਂ, ਤਾਂ ਮੈਂ ਵੀ ਤੇਰੇ

ਲਈ ਘਰ ਛੱਡ ਸਕਦਾ ਹਾਂ, ਤੂੰ ਮੇਰਾ ਭਰਾ ਏਂ, ਮੈਂ ਵੀ ਤੇਰੇ ਤੋਂ ਅੱਲਗ ਨਹੀਂ ਰਹਿ ਸਕਦਾ, ਜਿਵੇਂ ਤੂੰ ਨਹੀਂ ਗੁਜ਼ਰੀ ਤੋਂ ਅੱਲਗ ਰਹਿ ਸਕਦਾ, ਮੈਂ ਤੇਰਾ ਕੀ ਵਿਗਾੜ ਦਿੱਤਾ ਸੀ ਵੀਰ ਜੀ, ਜਹਿੜਾ ਤੂੰ ਮੇਥੋਂ ਵੀ ਮੁੱਖ ਮੋੜ ਲਿਆ। ”

ਹਰਜੀਤ, ਆਪਣੇ ਬੜੇ ਭਰਾ ਦੇ ਗਲ੍ਹ ਲੱਗ ਕੇ ਧਾਹਾਂ ਮਾਰ ਕੇ ਰੋ ਪਿਆ ਸੀ, ਭਰਿਆ ਹੋਇਆ ਮਨ ਅੱਖਾਂ ਜ਼ਰੀਏ ਛਲਕਣ ਲੱਗ ਪਿਆ ਸੀ, ਬਾਂਹ ਨਾਲ ਬਾਂਹ ਜੁੜ੍ਹੀ ਸੀ, ਕਹਿੰਦੇ ਨੇ, ‘ਭਰਾ ਭਰਾ ਤਾਂ ਇਕ ਦੂਜੇ ਦੀਆਂ ਬਾਹਵਾਂ ਹੁੰਦੇ ਨੇ’ ਖ਼ਬਰੇ ਹਰਜੀਤ ਵੀ ਸੱਤਯੁਗ ਦਾ ਵਿਛੜਿਆ ਭਾਈ ਕਲਯੁਗ ਵਿੱਚ ਆ ਮਿਲਿਆ ਸੀ।

“ਹਾਂ, ਹੁਣ ਤੈਨੂੰ ਕੀ ਤਕਲੀਫ਼ ਹੋ ਗਈ?”

ਮਨਪ੍ਰੀਤ ਨੇ ਮੁਸਕਰਾ ਕੇ ਪੁੱਛਿਆ ਸੀ, ਬੱਚਿਆਂ ਵਾਂਗੂ ਰੋਂਦੇ ਹਰਜੀਤ ਦਾ ਸਿਰ ਆਪਣੇ ਮੋਢੇ ਤੋਂ ਚੁੱਕ ਨਜ਼ਰਾਂ ਦੇ ਸਾਹਮਣੇ ਕੀਤਾ ਸੀ, ਸਿਜ਼ਲ ਅੱਖਾਂ ਤੇ ਮਾਸੂਮ ਚੇਹਰਾ।

“ਕਮਲਿਆ, ਤੂੰ ਬਿਨਾ ਵਜ਼ਾ ਹੀ ਇੰਨਾ ਪ੍ਰੇਸ਼ਾਨ ਹੋਇਆ ਫਿਰਦੈਂ, ਤੈਨੂੰ ਕੋਈ ਕੁਝ ਕਹਿੰਦਾ ਹੈ ਘਰ ਦਾ?”

ਮਨਪ੍ਰੀਤ ਨੇ ਆਪਣੇ ਛੋਟੇ ਭਰਾ ਹਰਜੀਤ ਨੂੰ ਪੁੱਛਿਆ ਸੀ।

“ਹਾਂ”

ਹਰਜੀਤ ਨੇ ਜਵਾਬ ਦਿਤਾ ਸੀ।

“ਕੌਣ?”

ਮਨਪ੍ਰੀਤ ਨੇ ਪੁੱਛਿਆ ਸੀ।

“ਤੂੰ ਵੀਰ ਜੀ ਹੋਰ ਕੌਣ ?”

ਹਰਜੀਤ ਨੇ ਉਤਰ ਦਿਤਾ ਸੀ।

“ਮੈਂ, ਮੈਂ ਤਾਂ ਤੈਨੂੰ ਕੁਝ ਨਹੀਂ ਕਹਿ ਰਿਹਾ, ਹਾਂ, ਜੇ ਪਟਾਖਿਆਂ ਦਾ ਚੱਕਰ ਹੈ ਤਾਂ ਪੈਸੇ............। ”

ਮਨਪ੍ਰੀਤ ਨੇ ਕੁੜਤੇ ਦੇ ਖ਼ੀਸੇ ਹੱਥ ਮਾਰਿਆ ਸੀ ਕੁਝ ਨੋਟ ਰੜਕੇ ਸਨ।

“ਮੈਨੂੰ ਪਟਾਖਿਆਂ ਲਈ ਪੈਸੇ ਨਹੀਂ ਚਾਹੀਦੇ। ”

ਹਰਜੀਤ ਨੇ ਕਿਹਾ ਸੀ।

“ਤਾਂ ਫਿਰ, ਕੀ ਚਾਹੀਦਾ ਹੈ ਤੈਨੂੰ, ਗੁਜ਼ਰੀ ਲਿਆ ਕੇ ਦੇਵਾਂ ਤੇਰੇ ਖੇਡਣ ਲਈ?”

ਮਨਪ੍ਰੀਤ ਮਜ਼ਾਖ਼ ਕਰਨ ਲੱਗ ਪਿਆ ਸੀ ਹਰਜੀਤ ਨੂੰ।

“ਨਹੀਂ, ਗੁਜ਼ਰੀ ਰੱਖ ਤੂੰ ਆਪਣੇ ਕੋਲ, ਤੂੰ ਮੇਰੇ ਨਾਲ ਘਰ ਚੱਲ, ਘਰ ਕੋਈ ਦਿਵਾਲੀ ਨਹੀਂ ਹੈ, ਸਭ ਉਦਾਸ ਨੇ, ਮਾਂ ਵੀ ਰੋਂਦੀ ਹੈ ਤੇ ਬਾਪੂ ਵੀ, ਰਾਤੀਂ ਮੈਂ ਬੈਠਕ ਵਿੱਚ

ਅੱਖਾਂ ਪੂੰਝਦਾ ਵੇਖਿਆ ਸੀ ਬਾਪੂ ਨੂੰ, ਕਿਉਂ ਤੂੰ ਆਪਣੇ ਨਾਲ ਸਾਰਾ ਘਰ ਹੀ ਤਬਾਹ ਕਰੀ ਜਾਨੈ ਵੀਰ ਜੀ, ਆਪਣਾ ਨਹੀਂ ਤੇ ਮੇਰਾ ਤਾਂ ਕੁਝ ਸੋਚ, ਮੈਂ ਵੀ ਤੇਰਾ ਕੁਝ ਲੱਗਦਾ ਹਾਂ, ਤੂੰ ਤੇ ਮੈਨੂੰ ਕਹਿੰਦਾ ਸੀ ਕਿ ਮੈਂ ਤੈਨੂੰ ਅਜਿਹਾ ਗੁਰ ਦੱਸਾਂਗਾ, ਜੀਹਦੇ ਜ਼ਰੀਏ ਆਦਮੀ ਅਕਾਸ਼ ਤੇ ਪੰਛੀਆਂ ਵਾਂਗੂ ਅਜਾਦ ਉੱਡ ਸਕਦਾ, ਓਹ ਗੁਰ ਹੁਣ ਕਦੋਂ ਦੱਸੇਂਗਾ? ਜੇ ਮੇਰਾ ਵੀਰ ਏਂ ਤਾਂ ਘਰ ਚੱਲ, ਮੇਰੇ ਨਾਲ ਹੁਣੇ ਘਰ ਚੱਲ।"

ਹਰਜੀਤ ਦੇ ਸੁਕਦੇ ਹੰਝੂ ਫਿਰ ਬਹਿ ਤੁਰੇ ਸਨ।

"ਮੈਂ ਤਾਂ ਤੇਰੇ ਨਾਲ ਹੁਣੇ ਘਰ ਚਲੇ ਜਾਂਦਾ ਹਾਂ, ਪਰ ਮਾਂ ਨੇ ਗੁਜ਼ਰੀ ਨੂੰ ਚੌਂਕੇ ਤਾਂ ਇਕ ਪਾਸੇ ਰਿਹਾ, ਵੇਹੜੇ ਵਿੱਚ ਨਹੀਂ ਵੜਨ ਦੇਣਾ, ਤੈਨੂੰ ਵੀ ਪਤਾ ਹੀ ਹੈ ਕਿ ਉਹਨੇ ਅਮ੍ਰਤ ਛਕਿਆ ਹੋਇਆ ਹੈ।"

ਮਨਪ੍ਰੀਤ ਨੇ ਛੋਟੇ ਵੀਰ ਨੂੰ ਗੱਲਾਂ ਵਿੱਚ ਪਾ ਲਿਆ ਸੀ।

"ਅੱਜ ਤੂੰ ਇਕੱਲਾ ਚਲਿਆ ਚੱਲ, ਫੇਰ ਕਦੇ ਗੁਜ਼ਰੀ ਨੂੰ ਨਾਲ ਲੈ ਚੱਲੀਂ ਕੱਲ ਪਰਸੋਂ ਤੱਕ, ਓਦੋਂ ਤੱਕ ਨਾਲੇ ਬਾਪੂ ਦਾ ਗੁੱਸਾ ਉਤਰ ਜਾਵੇਗਾ।"

ਹਰਜੀਤ ਸੁਲਾਹ ਦੇਣ ਲੱਗਿਆ ਸੀ ।

"ਪਹਿਲੀ ਗੱਲ, ਪਰਸੋਂ ਤਾਂ ਇਕ ਪਾਸੇ ਰਿਹਾ, ਕੱਲ ਨਹੀਂ ਕਿਸੇ ਨੇ ਦੇਖਿਆ, ਇਸ ਕਰਕੇ, ਮੈਂ ਘਰ ਜਾਊਂਗਾ ਤਾਂ ਗੁਜ਼ਰੀ ਨੂੰ ਨਾਲ ਲੈ ਕੇ ਹੀ, ਨਹੀਂ ਤਾਂ ਜੱਟ ਬੈਠਾ ਚੜ੍ਹਕੇ ਗ਼ੋਰਖ਼ ਦੇ ਟਿੱਲੇ ਤੇ, ਦੂਸਰੀ ਗੱਲ, ਬਾਪੂ ਦੇ ਗੁੱਸੇ ਦਾ ਮਸਲਾ ਨਹੀਂ ਹੱਲ ਹੋਣਾ ਹੁਣ, ਤੂੰ ਹੀ ਛੋਟੇ ਭਾਈ ਕੋਈ ਹੋਰ ਸੇਵਾ ਦੱਸ ਮੈਨੂੰ ਘਰ ਲਿਜਾਣ ਤੋਂ ਬਿਨਾ, ਘਬਰਾ ਨਾ, ਮੈਨੂੰ ਕੁਝ ਨਹੀਂ ਹੋਣ ਲੱਗਾ, ਦੋਂਹ ਚੌਂਹ ਦਿਨਾ ਵਿੱਚ ਆਪੇ ਸਾਰਾ ਕੁਝ ਠੀਕ ਹੋ ਜਾਣਾ ਹੈ।"

ਮਨਪ੍ਰੀਤ, ਛੋਟੇ ਭਰਾ ਦੇ ਕੰਨਾਂ ਮੁੱਢ ਹੋ ਕੇ ਇੰਝ ਕਹਿ ਰਿਹਾ ਸੀ ਜਿਵੇਂ ਕੋਈ ਭੇਤ ਦੱਸ ਰਿਹਾ ਹੋਵੇ।

"ਅੱਛਾ, ਫਿਰ ਤੂੰ ਮੇਰੇ ਕੋਲ ਹੀ ਰਹੇਂਗਾ ਨਾ?"

ਹਰਜੀਤ ਨੇ ਪੁੱਛਿਆ ਸੀ।

"ਹਰ ਦਮ ਪਹਿਲਾਂ ਵਾਂਗੂ, ਪਰ ਹੁਣ ਤੂੰ ਚੱਲ, ਬਾਲ੍ਹਦੇ ਸਾਰੇ ਬਨੇਰਿਆਂ ਉਤੇ ਦੀਵੇ, ਖ਼ੁਸ਼ੀ ਕਰ ਪੂਰੀ ਵਿਆਹ ਜਿੰਨੀ।"

ਮਨਪ੍ਰੀਤ ਨੇ ਆਪਣੇ ਛੋਟੇ ਭਰਾ ਨੂੰ ਘਰ ਜਾਣ ਲਈ ਰਾਜ਼ੀ ਕਰ ਲਿਆ ਸੀ।

"ਕੀ ਵੀਰ ਜੀ, ਤੂੰ ਕੋਰਟ ਮੈਰਿਜ਼ ਕਰਾ ਲਈ ਗੁਜ਼ਰੀ ਨਾਲ? ਪਤਾ ਨਹੀਂ, ਕੋਈ ਕਹਿੰਦਾ ਵੀ ਸੀ, ਤਾਹੀਓਂ ਕਹਿਨਾ ਏਂ ਵਿਆਹ ਜਿੰਨੀ ਖ਼ੁਸ਼ੀ ਕਰ, ਤਾਹੀ ਕਹਿ ਰਿਹਾ ਏਂ ਦੋਂਹ ਚੌਂਹ ਦਿਨਾ ਵਿੱਚ ਆਪੇ ਠੀਕ ਹੋ ਜਾਊ? ਦੱਸਦਾਂ ਜਾ ਕੇ ਸਾਰਿਆਂ ਨੂੰ।"

ਹਰਜੀਤ ਖੁਸ਼ੀ ਵਿੱਚ ਝੂਮ ਉੱਠਿਆ ਸੀ, ਅਤੇ ਮਨਪ੍ਰੀਤ ਵੀ ਹੱਸ ਪਿਆ ਸੀ ਉਸਦੀ ਖੁਸ਼ੀ ਉਤੇ।

"ਗੱਲ ਤਾਂ ਸੁਣ ਯਾਰ, ਹੁਣ ਬੜਾ ਦੌੜਾ ਜਾਦੈਂ ਛੋਟੇ ਭਾਈ।"

ਪਰ ਹਰਜੀਤ ਬਿਨਾ ਸੁਣੇ, ਕੋਰਟ ਮੈਰਿਜ਼, ਕੋਰਟ ਮੈਰਿਜ਼ ਕਰਦਾ ਪਿੰਡ ਦੀ ਡੰਡੀ ਪੈ ਗਿਆ ਸੀ।

*

ਨਹਿਰ ਵਾਲੇ ਰੇਲ ਦੇ ਪੁਲ੍ਹ ਤੋਂ ਲੰਘ ਕੇ ਪਟੜੀ ਤੋਂ ਹੁੰਦੇ ਹੋਏ ਖ਼ਾਨ ਦੀ ਧਰਤੀ ਤੇ ਆ ਪਹੁੰਚੇ ਸਨ, ਜਿੰਨ ਪੀ ਕੇ ਜਮ ਬਣੇ ਹੋਏ ਚਾਚਾ ਵੈਲੀ ਅਤੇ ਸਿਕੰਦਰ, ਸ਼ਹਿਰੋਂ ਖ਼ਾਨ ਵਾਸਤੇ ਓਹ ਜਿੰਨ ਨੂੰ ਬੋਤਲ ਵਿੱਚ ਬੰਦ ਕਰਕੇ ਲੈ ਆਏ ਸਨ, ਖ਼ਾਨ, ਖ਼ਬਰੇ ਤਦੇ ਹੀ ਧੀ ਦਾ ਦਰਦ ਭੁੱਲ ਮੁਸਕਰਾ ਉੱਠਿਆ ਸੀ ਜਿੰਨ ਦੇ ਸਵਾਗਤ ਲਈ, ਤੇ ਫਿਰ ਜਿੰਨ ਦੀ ਚੌਂਕੀ ਵਿੱਚ ਅਰਥੀ ਦੇ ਚਾਰ ਕੋਣੇ ਬਣ ਗਏ ਸਨ, ਜਿਸ ਉਤੇ ਸ਼ਾਇਦ ਨੂਰਾਂ ਸਵਾਰ ਸੀ ਖ਼ੁਦਾ ਦੀ ਲਾਸ਼ ਵਾਂਗੂ, ਖ਼ਾਮੋਸ਼ ਖ਼ਾਮੋਸ਼ ਜਹੀ, ਸੀਤਲ ਸੀਤਲ ਜਹੀ, ਪਰ ਚਮਕੀਲੀ ਵੀ ਸੂਰਜ ਦੀ ਪਹਿਲੀ ਕਿਰਨ ਵਰਗੀ, ਸਤਰੰਗੀ ਜਹੀ ਗੈਰ ਮਨੁੱਖਾਂ ਦੀ ਮਹਿਫ਼ਲ ਵਿੱਚ।

"ਮੈਂ ਐਸ ਕੁ ਵੇਲੇ ਕਈਆਂ ਨੂੰ ਨਮਾਜ਼ ਪੜ੍ਹਦੇ ਵੇਖਿਆ, ਤੂੰ ਨਹੀਂ ਨਮਾਜ਼ ਪੜ੍ਹਦਾ ਹੁੰਦਾ?"

ਵੈਲੀ ਚਾਚਾ ਮਹਿਕਦੇ ਵਿੱਚ ਨਮਾਜ਼ ਦੀ ਗੱਲ ਕਰ ਰਿਹਾ ਸੀ, ਪਰ ਸਿਕੰਦਰ ਨੂੰ ਵੈਲੀ ਦੀ ਗੱਲ ਜਚੀ ਨਹੀਂ ਸੀ।

"ਤੂੰ ਚਾਚਾ ਪੁੱਠੀਆਂ ਹੀ ਗੱਲਾਂ ਕਰਦੈਂ ਜਦੋਂ ਕਰਦੈਂ, ਆਪੇ ਤੇ ਤੂੰ ਕਹਿੰਦਾ ਏਂ ਸ਼ਰਾਬ ਪੀ ਕੇ ਨਮਾਜ਼ ਪੜ੍ਹਨੀ ਕੰਮ ਪੁੱਠਾ ਹੁੰਦਾ, ਫਿਰ ਮੇਰਾ ਸਹੁਰਾ ਤੇ ਕਾਜ਼ੀ ਵੀ ਰਹਿ ਚੁੱਕਾ, ਇਹ ਕਿਵੇਂ ਪੁੱਠਾ ਕੰਮ ਕਰ ਜਾਊ?"

ਸਹੁਰੇ ਦੇ ਕਮਜ਼ੋਰ ਜਹੇ ਮੋਢਿਆਂ ਉੱਤੇ ਹੱਥ ਫੇਰ ਰਿਹਾ ਸਿਕੰਦਰ ਕਹਿ ਰਿਹਾ ਸੀ ਵੈਲੀ ਨੂੰ।

"ਚਾਚਾ, ਇਕ ਮਿੰਟ ਆਈਂ ਜ਼ਰਾ ਐਧਰ ਨੂੰ।"

ਜੱਗੀ ਨੇ ਚਾਚੇ ਨੂੰ ਬਲਾਉਂਦੇ ਹੋਏ ਕਾਹਲੀ ਵਿੱਚ ਘੁੱਟ ਭਰੇ ਸਨ ਸ਼ਰਾਬ ਦੇ ਗਿਲਾਸ ਵਿੱਚੋਂ।

"ਕਿਉਂ, ਐਧਰ ਮੁਜ਼ਰਾ ਹੁੰਦਾ?"

ਵੈਲੀ ਪੁੱਛ ਰਿਹਾ ਸੀ।

"ਤੂੰ ਆ ਤੇ ਸਹੀ, ਮੈਂ ਜਾਣਾ ਹੈ।"

ਜੱਗੀ ਨੇ ਚਾਚੇ ਨੂੰ ਕੋਈ ਗੱਲ ਕਹਿਣ ਲਈ ਇਕ ਪਾਸੇ ਸੱਦਿਆ ਸੀ।

"ਜਾਹ ਫਿਰ, ਮੇਰੇ ਨਾਲ ਬੱਧਾ ਹੋਇਆ ਏਂ?"

ਚਾਚੇ ਨੇ ਜੱਗੀ ਤੋਂ ਖ਼ਹਿੜ੍ਹਾ ਛਡਾਣ ਲਈ ਕਿਹਾ ਸੀ।

"ਪੱਤੇ ਤਾਂ ਨਹੀਂ ਚਾਹੀਦੇ?"

ਜੱਗੀ ਨੇ ਵੈਲੀ ਦੇ ਦਾਅ ਦਾ ਤੀਰ ਮਾਰਿਆ ਸੀ।

"ਕਿੱਥੇ ਨੇ?"

ਵੈਲੀ ਚਾਚੇ ਦੇ ਕੰਨ ਵੀ ਖੜ੍ਹੇ ਹੋ ਗਏ ਸਨ ਪੱਤਿਆਂ ਦੇ ਨਾਂ ਤੇ।

"ਤਾਹੀਂ ਤਾਂ ਕਹਿਨਾ ਤੈਨੂੰ, ਉਰੇ ਆ ਉੱਠ ਕੇ ਦੱਸਾਂ।"

ਜੱਗੀ, ਬੂਹੇ ਕੋਲ ਖੜ੍ਹਾ ਹੱਥ ਸ਼ੀਸੇ ਨੂੰ ਲਾ ਲਾ ਕੇ ਵੈਲੀ ਨੂੰ ਸੈਨਤਾਂ ਮਾਰ ਰਿਹਾ ਸੀ, ਅਤੇ ਵੈਲੀ ਦੌੜ੍ਹ ਕੇ ਆਇਆ ਸੀ।

"ਹਾਂ, ਦੱਸ ਕਿੱਥੇ ਪਏ ਨੇ?"

ਵੈਲੀ, ਖ਼ਾਨ ਦੇ ਦਰੋਂ ਬਾਹਰ ਖੜ੍ਹੇ ਜੱਗੀ ਦੇ ਮੂੰਹ ਕੋਲ ਕੰਨ ਕਰਕੇ ਪੁੱਛ ਰਿਹਾ ਸੀ।

"ਪੱਤੇ ਤਾਂ ਹੋਏ, ਪਰ ਤੈਨੂੰ, ਮੇਰਾ ਇਕ ਕੰਮ ਕਰਨਾ ਪਊ।"

ਜੱਗੀ ਨੇ ਚਾਚੇ ਵੈਲੀ ਨੂੰ ਕਿਹਾ ਸੀ।

"ਪੱਤੇ ਦੱਸੇ ਨਹੀਂ ਤੇ ਕੰਮ ਦੱਸਣ ਤੁਰ ਪਿਆ।"

ਚਾਚਾ ਵੈਲੀ ਕਿਤੇ ਕੱਚੀਆਂ ਗੋਲ੍ਹੀਆਂ ਥੋੜੀ ਖੇਡਦਾ ਸੀ।

"ਸੁਣ ਤੇ ਸਹੀ ਪਹਿਲਾਂ, ਜੇ ਤੇਰੇ ਏਥੇ ਹੁੰਦਿਆਂ ਗੁੱਜ਼ਰ ਨੇ ਗੁਜ਼ਰੀ ਨੂੰ ਹੱਥ ਲਾਇਆ ਤਾਂ ਮੈਂ ਤੇਰਾ ਹੁਲੀਆ ਵਿਗਾੜ ਦੇਣਾ, ਪੱਤਿਆਂ ਦੀ ਭਾਵੇਂ ਸਵੇਰੇ ਬੋਰੀ ਲੈ ਲਵੀਂ, ਮੈਂ ਚੱਲਿਆਂ ਹੁਣ ਮੰਡੀ ਨੂੰ, ਕੁਲਦੀਪ ਨੇ ਮੇਰੇ ਗਏ ਤੇ ਆਉਣਾ ਮੰਡੀਓਂ, ਚੰਗਾ, ਮੈਂ ਚੱਲਦਾਂ ਪਰ ਤੂੰ ਮੇਰੇ ਕੰਮ ਦਾ ਤੇ ਗੱਲ ਦਾ ਖ਼ਿਆਲ ਰੱਖੀ, ਕਿਤੇ ਓਹੀ ਗੱਲ ਨਾ ਹੋ ਜਾਵੇ?"

ਚਾਚੇ ਵੈਲੀ ਨੂੰ ਖ਼ਬਰਦਾਰ ਕਰਦਾ ਹੋਇਆ ਜੱਗੀ ਤੁਰ ਗਿਆ ਸੀ।

"ਭੁੱਖਾ ਨੰਗਾ, ਬਡਾਲੇ ਦਾ ਸਾਊ, ਸਹੁਰੇ ਕੋਲ ਬੀੜੀ ਦੇ ਬੰਡਲ ਜੋਗੇ ਪੈਸੇ ਨਹੀਂ, ਬੋਰੀ ਜਰੂਰ ਲੈ ਦਊ ਮੈਨੂੰ।"

ਵੈਲੀ ਚਾਚਾ, ਫਿਰ ਆ ਬੈਠਾ ਸੀ ਖ਼ਾਨ ਦੇ ਕੋਲ ਮੰਜ਼ੇ ਉੱਤੇ।

"ਤੂੰ, ਇਹਨਾ ਨੂੰ ਲਾਹ ਮਗਰੋਂ ਪੁੱਤਰਾ, ਏਦਾਂ ਦੇ ਬੰਦਿਆਂ ਦੇ ਚੱਟੇ ਤਾਂ ਰੁੱਖ ਵੀ ਨਹੀਂ ਹਰੇ ਹੁੰਦੇ, ਤੂੰ ਇਹਨਾ ਨੂੰ ਆਪਣੇ ਮਗਰ ਲਾਈ ਫਿਰਦੈਂ?"

ਸਿਕੰਦਰ ਦੇ ਕੰਨ ਵਿੱਚ ਕਹਿ ਰਿਹਾ ਸੀ ਹੌਲ੍ਹੀ ਹੌਲ੍ਹੀ ਮੁਹੰਮਦ ਖ਼ਾਨ।

"ਮਾਰ ਦੇਵਾਂ ਇਹਨਾ ਦੇ ਹੁਣੇ ਛਿੱਤਰ?"

ਸਿਕੰਦਰ, ਹੱਲਾ ਸ਼ੇਰੀ ਨੂੰ ਸਮਝ ਗਿਆ ਸੀ।

"ਤੂੰ ਬੈਠ ਰਮਾਨ ਨਾਲ, ਮੈਂ ਆਪੇ ਕਮਾਠੀ ਕਰ ਦਊਂਗਾ।"

ਖ਼ਾਨ, ਚੁੱਪ ਹੋ ਗਿਆ ਸੀ ਵੈਲੀ ਨੂੰ ਆਪਣੇ ਕਰੀਬ ਆਉਂਦਾ ਦੇਖ ਕੇ, ਦੋਵੇਂ ਇੰਝ ਚੁੱਪ ਹੋ ਗਏ ਸਨ ਜਿਵੇਂ ਸਦੀਆਂ ਤੋਂ ਮੋਨਧਾਰੀ ਹੋਣ।

"ਐਵੇਂ ਸਾਲ੍ਹਾ ਨਾ ਮਰਦਾ, ਨਾ ਮਗਰੋਂ ਲਹਿੰਦਾ, ਜਿੱਥੇ ਟੱਕਰ ਜਾਂਦਾ ਜ਼ੋਕ ਵਾਂਗੂ ਚਿੰਬੜ ਜਾਂਦਾ।"

"ਅੱਛਾ ਫਿਰ, ਮੈਨੂੰ ਪਾ ਤੁਪਕਾ ਨਾਲੇ ਦੇ ਘੁੱਟ ਗ਼ੋਰਖ਼, ਮੈਂ ਵੀ ਚੱਲਦਾਂ ਹੁਣ, ਚੱਲ ਕੇ ਪਿੰਡ ਦਿਵਾਲੀ ਦੇਖਦੇ ਆਂ ਘੁੰਮ ਫਿਰਕੇ।"

ਵੈਲੀ ਚਾਚੇ ਨੇ ਮੰਜ਼ੇ ਦੀ ਦੌਣ ਵਿੱਚ ਫ਼ਸੇ ਗੜ੍ਹਵੇ ਵੱਲ ਹੱਥ ਵਧਾਇਆ ਸੀ।

"ਜਹਿੜਾ ਆਪਾਂ ਮਾਲ ਲਿਆਂਦਾ, ਇਹ ਕੌਣ ਖਾਊ? ਪਿੰਡ ਨੂੰ ਛੱਡ ਤੇ ਤੁੜਕਾ ਛੁੜਕਾ ਤਿਆਰ ਕਰ, ਆਪਾਂ ਆਪਣੇ ਹੱਥੀਂ ਹਾਂਡੀ ਤਿਆਰ ਕਰਕੇ ਖਾਣਾ ਆ, ਤੂੰ ਹੁਣੇ ਦੌੜਾ ਜਾਨਾ, ਗੜ੍ਹਵਾ ਰੱਖਦੇ ਪਰੇ, ਭਿਖਾਰੀਆਂ ਦੇ ਬਾੱਟੇ ਵਾਂਗੂ ਚੌਵੀ ਘੰਟੇ ਕੁੱਛੜ੍ਹ ਵਿੱਚ ਦਈ ਫਿਰਦਾ ਰਹਿਨਾ।"

ਸਿਕੰਦਰ ਕਹਿ ਰਿਹਾ ਸੀ ਵੈਲੀ ਦੇ ਗਿਲਾਸ ਵਿੱਚ ਦਾਰੂ ਪਾਉਂਦਾ ਹੋਇਆ।

"ਇਹ ਤਾਂ ਗ਼ੋਰਖ਼ ਦੀ ਚਿੱਪੀ ਆ, ਜਦੋਂ ਦਾ ਪਿਓ ਬਣਿਆਂ ਇਹ ਖ਼ਾਲੀ ਨਹੀਂ ਹੋਈ, ਨਾਲੇ ਕੁੱਛੜ ਚੁੱਕਣ ਲਈ ਕੋਈ ਨਿਆਣਾ ਹੋਵੇ ਤਾਂ ਕਹਿਨੇ ਗੜ੍ਹਵਾ ਕੁੱਛੜ੍ਹ ਚੁੱਕਣਾ?"

ਵੈਲੀ ਨੇ ਗੜ੍ਹਵੇ ਨੂੰ ਗ਼ੋਰਖ਼ ਦੀ ਗਾਗਰ ਉੱਤੇ ਰੱਖ ਦਿੱਤਾ ਸੀ,

ਨੂਰਾਂ, ਅੰਦਰੋਂ ਨਿਕਲੀ ਸੀ ਸ਼ਾਲ ਦੀ ਬੁੱਕਲ੍ਹ ਮਾਰਦੀ ਹੋਈ, ਤੇ ਬਾਲਟੀ ਚੁੱਕ ਮੱਝਾਂ ਵੱਲ ਨੂੰ ਹੋ ਤੁਰੀ ਸੀ ਧਾਰਾਂ ਕੱਢਣ ਲਈ।

"ਮੇਰੇ ਵਾਲੀਆਂ ਵੀ ਹੁਣ ਤੇਰੀਆਂ ਹੀ ਨੇ ਮਲਕਾਂ, ਓਹਨਾ ਦੀਆਂ ਧਾਰਾਂ ਵੀ ਅੱਜ ਤੂੰ ਹੀ ਕੱਢਣੀਆਂ, ਤੇ ਯਾਰ ਅੱਜ ਤੇਰਾ ਚੌਂਕਾ ਸਾਂਭਣਗੇ।"

ਸਿਕੰਦਰ, ਗੰਡੇ ਦਾ ਪੱਤ ਮੂੰਹ ਵਿੱਚ ਚਬੋਲ੍ਹਦਾ ਹੋਇਆ, ਮੱਝਾਂ ਕੰਨੀਂ ਜਾ ਰਹੀ ਨੂਰਾਂ ਨੂੰ ਘੂਰਦਾ ਹੋਇਆ ਕਹਿ ਰਿਹਾ ਸੀ, ਪਰ ਨੂਰਾਂ ਤਾਂ ਮੋਰਨੀ ਦੀ ਚਾਲੇ ਮਸਤ ਜਹੀ ਹੋਈ ਜੱਟ ਦੇ ਖਿਆਲਾਂ ਵਿੱਚ ਗੁਆਚੀ ਹੋਈ ਸੀ, ਬਨੇਰੇ ਉਤੇ ਬੋਲਦੇ ਕਾਵਾਂ ਦੀ ਅਵਾਜ਼ ਸੁਣ ਹੀ ਨਹੀਂ ਸੀ ਰਹੀ।

"ਚੱਲ ਚਾਚਾ ਹੋ ਚਾਲੂ, ਨਾਲੇ ਤੁਪਕਾ ਤੁਪਕਾ ਲਾਈ ਚੱਲ, ਨਾਲੇ ਚੁੱਲੇ ਅੱਗ ਡਾਹੀ ਚੱਲ, ਤੇ ਮੈਂ ਕਰਦਾਂ ਤੁਰਨ ਫਿਰਨ ਵਾਲਾ ਕੰਮ।"

ਸਿਕੰਦਰ ਦੀ ਅੱਡੀ ਚੁੱਕ ਹੁੰਦੀ ਜਾ ਰਹੀ ਸੀ, ਖ਼ਬਰੇ ਦਿਵਾਲੀ ਦੀ ਜਗਮਗਾਉਂਦੀ ਅਤੇ ਖ਼ੁਸ਼ਬੂ ਵਿਖੇਰਦੀ ਰਾਤ ਹੀ ਉਸਨੂੰ ਆਪਣੀ ਕਠਨ ਤਪੱਸਿਆ ਦਾ ਸਿਲਾ ਲੱਗਦੀ ਸੀ, ਸਿਲੇ ਦੀ ਰਾਤ ਓਹੋ ਚਾਅ ਮਲ੍ਹਾਰਾਂ ਵਿੱਚ ਹੀ ਹੰਢਾਉਣੀ ਚਾਹੁੰਦਾ ਸੀ, ਮਨ ਗ਼ਦ ਗ਼ਦ ਹੋ ਰਿਹਾ ਸੀ, ਵੇਹੜੇ ਵਿੱਚ ਘੁੰਮਦੀ ਬਹਾਰ ਦੇਖ ਕੇ ਸਰੂਰ ਦਰ ਸਰੂਰ ਹੋ ਰਿਹਾ ਸੀ, ਤੇ ਸਰੂਰ ਵਿੱਚ ਹੀ ਪਤਾ ਨਹੀ ਕੀ ਕੀ ਕਰਦਾ ਫਿਰ ਰਿਹਾ ਸੀ।

"ਕਿੱਦਾਂ ਖ਼ਾਨ ਮੀਆਂ, ਬਿਤਲਿਆ ਜਿਹਾ ਬੈਠਾਂ, ਫਿਰ ਦਾੜ੍ਹ ਦੁਖਣ ਲੱਗ ਪਈ ਜਾਂ ਭੁੱਖ ਲੱਗੀ ਆ?"

ਵੈਲੀ ਨੇ ਆਪਣੇ ਗਿਲਾਸ ਵਿੱਚ ਹੋਰ ਸ਼ਰਾਬ ਪਾਉਂਦੇ ਹੋਏ ਨੇ ਖ਼ਾਨ ਨੂੰ ਮੀਆਂ ਕਹਿ ਕੇ ਸੰਬੋਧਨ ਕੀਤਾ ਸੀ।

"ਦਿਲ ਨਹੀਂ ਮੰਨਦਾ।"

ਮੁਹੰਮਦ ਖ਼ਾਨ ਨੇ ਜਵਾਬ ਦਿਤਾ ਸੀ।

"ਦਿਲ ਤਾਂ ਬੜਿਆਂ ਬੜਿਆਂ ਦਾ ਮੰਨ ਜਾਂਦਾ, ਤੂੰ ਕਿਤੇ ਜ਼ੈਲੇ ਨਾਲੋਂ ਉੱਤੇ ਹੋ ਗਿਆਂ? ਓਹ ਵੀ ਤੇਰੇ ਵਾਂਗੂ ਹੀ ਕਹਿੰਦਾ ਹੁੰਦਾ ਸੀ ਗਲਾਸੀ ਹੱਥ ਵਿੱਚ ਫੜ੍ਹਕੇ, ਦਿਲ ਨਹੀ ਮੰਨਦਾ, ਨਾਲੇ ਪੀ ਵੀ ਲੈਂਦਾ ਸੀ।"

ਵੈਲੀ ਨੇ ਊਤ ਪਤਾਂਗ ਜਹੀਆਂ ਜੱਬਲ੍ਹੀਆਂ ਮਾਰਦੇ ਹੋਏ ਸਟੀਲ ਦਾ ਗਿਲਾਸ ਗਲ੍ਹਵੇਂ ਤੱਕ ਕਰਕੇ ਖ਼ਾਨ ਦੇ ਹੱਥ ਫੜ੍ਹਾ ਦਿੱਤਾ ਸੀ।

"ਪਾਣੀ ਪਾਦੇ ਭੋਰਾ"

ਖ਼ਾਨ ਨੇ ਪਾਣੀ ਵੱਲ ਹੱਥ ਦਾ ਇਸ਼ਾਰਾ ਕਰਕੇ ਕਿਹਾ ਸੀ।

"ਪਾਣੀ, ਪਾਣੀ ਤਾਂ ਮੈਂ ਖ਼ਬਰੇ ਪਹਿਲਾਂ ਹੀ ਪਾ ਦਿੱਤਾ।"

ਚਾਚਾ ਵੈਲੀ ਸ਼ਾਇਦ ਖ਼ਾਨ ਨੂੰ ਦਾਰੂ ਨਾਲ ਬੇਹੋਸ਼ ਕਰਨਾ ਚਾਹੰਦਾ ਸੀ।

"ਵੇਖਿਆ ਤਾਂ ਹੈ ਨਹੀਂ।"

ਮੁਹੰਮਦ ਖ਼ਾਨ ਨੇ ਕਿਹਾ ਸੀ।

"ਤੂੰ, ਖਿੱਚ ਐਹਦਾਂ ਹੀ, ਡੁੱਬ ਜਾਵੇ ਭਰਿਆ ਹੋਇਆ ਬੇੜਾ ਠੇਕੇ ਵਾਲਿਆਂ ਦਾ ਰੱਬ ਕਰਕੇ, ਸ਼ਰਾਬ ਦੀ ਬੋਤਲ ਵਿੱਚ ਸੁਦਾ ਪਾਣੀ ਹੀ ਪਾ ਕੇ ਬੇਚੀ ਜਾਂਦੇ ਨੇ, ਤੇ ਤੂੰ ਹੋਰ ਪਾਣੀ ਪਾਉਣ ਲਈ ਕਹੀ ਜਾਨੈ, ਪੀ ਲਾ ਗਾਹਾਂ ਐਵੇਂ ਨਖ਼ਰੇ ਜਹੇ ਨਾ ਕਰੀ ਜਾ।"

ਵੈਲੀ ਨੂੰ ਹਜੇ ਆਪਣੇ ਕੋਟੇ ਵਿੱਚ ਕਮੀ ਮਹਿਸੂਸ ਹੋ ਰਹੀ ਸੀ, ਗੱਲ ਓੱਦਾਂ ਦੀ ਬਣੀ ਨਹੀਂ ਸੀ ਹਜੇ ਤੱਕ ਜਿਹੋ ਜਹੀ ਬਣਨੀ ਚਾਹੀਦੀ ਸੀ, ਗੱਲਾਂ ਬਾਤਾਂ ਕਰਨ ਲਈ ਦਿਲ ਕਰਦਾ ਸੀ ਖ਼ਾਨ ਦੇ ਮੁੱਢ ਬੈਠ ਕੇ, ਪਰ ਸਿਕੰਦਰ ਨੇ ਪੁੱਠੇ ਪੰਗੇ ਵਿੱਚ ਪਾ ਦਿੱਤਾ ਸੀ, ਇਹਨੂੰ

ਸਾਲ੍ਹੇ ਗੁੱਜ਼ਰ ਨੂੰ ਪੁੱਛੇ ਕੋਈ ਬਈ ਭੜੂਆ, ਜੇ ਮੈਂ ਹੱਥ ਹਿਲਾਉਣਾ ਹੁੰਦਾ ਤਾਂ ਘਰ ਬੈਠ ਕੇ ਨਾ ਖਾਂਦਾ, ਫਿਰ ਏਥੇ ਕਿਉਂ ਧੱਕੇ ਖਾਣੇ ਸੀ, ਵੈਲੀ, ਮਨ ਹੀ ਮਨ ਵਿਚਾਰ ਕਰ ਰਿਹਾ ਸੀ, ਪਰ ਓਹ ਢੀਠ ਵੀ ਰੱਜ਼ ਕੇ ਸੀ।

"ਧੀਆਂ ਧਿਆਣੀਆਂ ਦੇ ਕੰਮ ਅਲੈਹਿਦਾ ਹੀ ਹੁੰਦੇ ਨੇ, ਇਹਨਾ ਦੀ ਓਹੀ ਜਾਣੇ, ਨਾਲੇ ਸਿਆਣੇ ਕਹਿੰਦੇ ਬਈ ਮੱਖੀ, ਮੱਛੀ, ਤੇ ਇਸਤਰੀ, ਤਿੰਨੋਂ ਜ਼ਾਤ ਕੁਜ਼ਾਤ।"

ਵੈਲੀ, ਸੂਤ ਹੋ ਕੇ ਖ਼ਾਨ ਦੇ ਮੂਹਰੇ ਬੈਠਣ ਲੱਗਾ ਕਹਿ ਰਿਹਾ ਸੀ।

"ਓਏ, ਨਹੀਂ ਓਏ"

ਖ਼ਾਨ ਨੂੰ ਪਤਾ ਨਹੀਂ ਕੀ ਹੋਇਆ ਸੀ, ਉਹ ਚਿਲਾ ਉੱਠਿਆ ਸੀ, ਉਸ ਨੇ ਵੈਲੀ ਚਾਚੇ ਦੇ ਮੂੰਹ ਤੇ ਥੱਪੜ ਕੱਢ ਮਾਰਿਆ ਸੀ, ਵੈਲੀ ਦੀ ਪੱਗ ਭੁੜਕ ਕੇ ਦੂਰ ਜਾ ਡਿਗੀ ਸੀ, ਵੈਲੀ ਦੀਆਂ ਅੱਖਾਂ ਮੂਹਰੇ ਜਿਵੇਂ ਭੰਬੂ ਤਾਰੇ ਨੱਚ ਗਏ ਸਨ, ਕੰਨ ਸਾਂ ਸਾਂ ਕਰਨ ਲੱਗਿਆ ਸੀ, ਤੇ ਵੈਲੀ, ਡੈਂਬਰਿਆਂ ਵਾਂਗੂ ਦੇਖ ਰਿਹਾ ਸੀ ਚੁੱਪ ਚੁਪੀਤਾ ਆਪਣੀ ਗਲ੍ਹ ਤੇ ਹੱਥ ਰੱਖੀ।

"ਕੀ ਹੋਇਆ ਚਾਚਾ, ਪੱਗ ਲਾਹੀ ਬੈਠਾਂ, ਕੁੜੀ ਦੱਬ ਕੇ ਆਇਆਂ?"

ਸਿਕੰਦਰ, ਧੂੰਏਂ ਨਾਲ ਭਰੀਆਂ ਅੱਖਾਂ ਸਾਫ਼ ਕਰਦਾ ਹੋਇਆ ਪੁੱਛ ਰਿਹਾ ਸੀ ਚੌਂਕੇ ਵਿੱਚ ਖੜ੍ਹਾ, ਉਸ ਨੂੰ ਵਾਪਰੇ ਹਾਦਸੇ ਦਾ ਇਲਮ ਨਹੀਂ ਸੀ, ਪਰ ਤਮਾਚੇ ਦੀ ਅਵਾਜ਼ ਉਸਨੂੰ ਜਰੂਰ ਸੁਣੀ ਸੀ, ਨੂਰਾਂ ਨੇ ਅੱਖੀਂ ਦੇਖ ਕੇ ਅਣਡਿੱਠਾ ਕਰ ਦਿੱਤਾ ਸੀ, ਖ਼ਾਨ ਨੂੰ ਸ਼ਾਇਦ ਆਪਣੀ ਕੀਤੀ ਤੇ ਪਛਤਾਵਾ ਹੋਣ ਲੱਗਿਆ ਸੀ, ਪਰ ਓਹ ਆਪਣੇ ਆਪ ਨੂੰ ਰੋਕ ਵੀ ਨਹੀਂ ਸਕਿਆ ਸੀ, ਕੋਈ ਅੱਲੜ੍ਹ ਜ਼ਖਮ ਤੇ ਲੂਣ ਭੁੱਕਣ ਦੀ ਕੋਸ਼ਿਸ਼ ਕਰ ਰਿਹਾ ਸੀ, ਫਿਰ ਵਰਜਣਾ ਤੇ ਫ਼ਰਜ਼ ਬਣਦਾ ਹੀ ਸੀ ਨਾ।

"ਤੈਂ ਕੀ ਲੈਣਾ ਸਿਆਣਿਆਂ ਦੀਆਂ ਖੇਡਾਂ ਵਿੱਚੋਂ? ਇਹ ਬੁਝਾਰਤਾਂ ਦੀ ਤਰਾਂ ਹੁੰਦੀਆਂ, ਤੈਨੂੰ ਨਹੀਂ ਪਤਾ ਹਜੇ, ਤੂੰ ਨਿਆਣਾ ਹਾਲੇ, ਜੇ ਤੂੰ ਸਿਆਣਾ ਹੁੰਦਾ ਤੈ ਮੈਂ ਤੇਰੇ ਥਾਂ ਬੈਠ ਕੇ ਕਿਉਂ ਖੇਡਦਾ?"

ਵੈਲੀ, ਮੰਜ਼ੇ ਤੋਂ ਉਤਰ ਆਪਣੀ ਪੱਗ ਚੁੱਕਣ ਉਪ੍ਰੰਤ ਆਪਣਾ ਖਾੱਲੀ ਗੜ੍ਹਵਾ ਲਈ ਬੂਹੇ ਵੱਲ ਨੂੰ ਹੋ ਤੁਰਿਆ ਸੀ, ਖ਼ਬਰੇ ਮਨ ਹਿਰਖ਼ ਗਿਆ ਸੀ, ਤਾਹੀਓਂ ਤਾਂ ਵੈਲੀ ਰੁੱਸਿਆਂ ਵਾਂਗੂ ਤੁਰ ਪਿਆ ਸੀ ਪਿੰਡ ਵੱਲ ਨੂੰ।

"ਚਾਚਾ, ਤੂੰ ਹੁਣ ਕਿੱਥੇ ਚੱਲਿਆਂ, ਗੱਲ ਤਾਂ ਸੁਣ?"

ਸਿਕੰਦਰ, ਚੌਂਕੇ ਵਿੱਚ ਖੜ੍ਹਾ ਅਵਾਜਾਂ ਮਾਰ ਰਿਹਾ ਸੀ ਨਹਿਰ ਦੀ ਪਟੜ੍ਹੀ ਵੱਲ ਜਾਂਦੇ ਵੈਲੀ ਨੂੰ।

"ਕੀ ਹੋਇਆ ਸਹੁਰਿਆ , ਤੂੰ ਕੋਈ ਕਾਰਾ ਕਰ ਦਿੱਤਾ?"

"ਕਾਰਾ ਕੀਤੇ ਬਿਨਾ ਓਹਨੇ ਕਿੱਥੇ ਹਿਲਣਾ ਸੀ, ਪੁੱਠੀਆਂ ਪੁੱਠੀਆਂ ਗੱਲਾਂ ਕਰੀ ਜਾਂਦਾ ਸੀ ਬੈਠਾ, ਨਾ ਸ਼ਰਮ ਨਾ ਹਯਾ, ਜਿੱਥੇ ਖਾਂਦਾ ਓਥੇ ਹੀ ਛੀਂਡੇ ਪਾਉਂਦਾ, ਕੁੱਛੜ ਚੜ੍ਹ ਕੇ ਦਾੜ੍ਹੀ ਪੁੱਟਦਾ, ਜਾਣ ਦੇ ਪਰੇ, ਤੂੰ ਦੇਣਾ ਓਹਦਾ ਕੁਝ?"

ਖ਼ਾਨ, ਦੱਸ ਪੁੱਛ ਰਿਹਾ ਸੀ।

"ਮੈਂ ਦੇਣਾ ਤਾਂ ਕੁਝ ਨਹੀਂ, ਫਿਰ ਵੀ ਘਰ ਆਏ ਬੰਦੇ ਨਾਲ ਏਦਾਂ ਨਹੀਂ ਕਰਨੀ ਚਾਹੀਦੀ।"

ਸਿਕੰਦਰ ਨੇ ਹਿਰਖ਼ ਵਜੋਂ ਕਿਹਾ ਸੀ।

"ਓਦੋਂ ਤਾਂ ਤੂੰ ਵੀ ਛਿੱਤਰ ਮਾਰਨ ਲਈ ਤਿਆਰ ਸੀ।"

ਖ਼ਾਨ ਨੇ ਕਿਹਾ ਸੀ।

"ਹਰ ਕੰਮ, ਵਜ਼ਾ ਵਜ਼ਾ ਦੇ ਹੁੰਦੇ ਨੇ, ਏਦਾਂ ਥੋੜਾ ਹੁੰਦਾ ਬਈ ਘਰ ਆਏ ਦੀ ਪੱਗ ਹੀ ਲਾਹ ਦਿਓ, ਪਿੰਡ ਦਾ ਬੰਦਾ, ਪੰਜਾਹਾਂ ਕੋਲ ਦਫ਼ਾ ਪੱਟੂ ਸਾਡੀ।"

ਸਿਕੰਦਰ ਨੂੰ, ਵੈਲੀ ਚਾਚੇ ਦੀ ਹਜੇ ਜਰੂਰਤ ਲੱਗਦੀ ਸੀ, ਇਸ ਕਰਕੇ ਹੀ ਤਾਂ ਸਿਕੰਦਰ ਦੌੜ ਕੇ ਵੈਲੀ ਚਾਚੇ ਕੋਲ ਜਾ ਖੜ੍ਹਾ ਹੋਇਆ ਸੀ ਉਸਦੇ ਗੜ੍ਹਵੇ ਵਾਲਾ ਹੱਥ ਫ਼ੜ੍ਹੀ।

"ਨਾਲੇ ਪਿਓ ਬਣਦੈਂ, ਨਾਲੇ ਮੁੱਖ ਮੋੜਦੈਂ, ਭਲਾ ਇਹ ਕਿੱਥੇ ਲਿਖਿਆ ਹੈ?"

ਸਿਕੰਦਰ ਨੇ ਵੈਲੀ ਨੂੰ ਕਿਹਾ ਸੀ।

"ਖ਼ਾਨ ਸਹੁਰਾ ਹਊਗਾ ਤੇਰਾ, ਮੇਰਾ ਓਹ ਸਾਲ੍ਹਾ ਨਹੀਂ ਲੱਗਦਾ, ਰੰਨ ਮਿਲਣੀ ਹੈ ਤੈਨੂੰ, ਮੈਨੂੰ ਨਹੀਂ, ਫਿਰ ਮੈਂ ਕਾਹਤੋਂ ਮੁਫ਼ਤ ਦੀਆਂ ਚਪੇੜਾਂ ਖਾਵਾਂ ਪਿਓ ਬਣਕੇ, ਇਹਦੇ ਨਾਲੋਂ ਤਾਂ ਆਪਣੇ ਘਰ ਛੜੇ ਹੀ ਚੰਗੇ ਹਾਂ।"

ਵੈਲੀ ਚਾਚਾ ਆਪਣੀ ਬਾਂਹ ਛੁਡਾ ਰਿਹਾ ਸੀ।

"ਫਿਰ ਤੂੰ ਨਾ ਕਰਦਾ ਚੁਪੇੜਾਂ ਵਾਲੀਆਂ ਗੱਲਾਂ, ਓਹ ਤਾਂ ਪਹਿਲੋਂ ਹੀ ਕੋਲੇ ਹੋਇਆ ਪਿਆ, ਤੂੰ ਹੋਰ ਗੋਡੇ ਮੁੱਢ ਨੂੰ ਹੋ ਕੇ ਵਿੰਗੇ ਟੇਡੇ ਕਹਾਣੇ ਪਾਉਣ ਡਿਆਂ, ਦੱਸ, ਤੈਨੂੰ ਕੀ ਜਰੂਰਤ ਸੀ ਜ਼ਨਾਨੀਆਂ ਨੂੰ ਜ਼ਾਤ ਕੁਜ਼ਾਤ ਕਹਿਣ ਦੀ? ਚੁਪੇੜਾਂ ਖਾਣ ਵਾਲੇ ਕੰਮ ਤਾਂ ਤੂੰ ਆਪ ਕਰਦੈਂ।"

ਸਿਕੰਦਰ, ਹੱਸ ਹੱਸ ਕੇ ਮਜ਼ਾਕ ਕਰਕੇ ਚਾਚੇ ਨੂੰ ਮਨਾਉਣ ਦੀ ਕੋਸ਼ਿਸ਼ ਵਿੱਚ ਸੀ।

"ਹੱਦ ਕਰੀ ਜਾਨਾ ਤੂੰ ਵੀ, ਮੈਂ ਕੀ ਓਹਦੇ ਲਾੱਠੀ ਮਾਰ ਦਿੱਤੀ, ਇੰਨੀ ਗੱਲ ਹੀ ਤਾਂ ਕਹੀ ਸੀ।"

ਵੈਲੀ ਪੂਰੇ ਗੁੱਸੇ ਵਿੱਚ ਸੀ।

"ਕਦੀ ਕਦੀ ਗੱਲ ਦੀ ਸੱਟ ਲਾੱਠੀ ਨਾਲੋਂ ਵੀ ਵੱਧ ਲੱਗਦੀ ਹੈ ਬੰਦੇ ਦੇ ਚਾਚਾ, ਤੂੰ ਛੱਡ

ਇਹਨਾ ਗੱਲਾਂ ਨੂੰ, ਵਿਆਹ ਦੇ ਵਿੱਚ ਬੀਜ਼ ਦਾ ਰਾਉਲ੍ਹਾ ਨਾ ਪਾ, ਚੁੱਪ ਚਾਪ ਪਿੱਛੇ ਮੁੜ ਚੱਲ ਪਿਓ ਬਣਕੇ, ਪਤੰਦਰਾ ਮਸੀਂ ਤਾਂ ਸਗਨਾਂ ਵਾਲੀ ਰਾਤ ਆਈ ਹੈ ਤੇ ਤੂੰ, ਰੁੱਸ ਰੁੱਸ ਬਹਿਨਾ ਏਂ ਹੁਣ, ਚੱਲ ਤੂੰ ਕਰ ਬੁੜ੍ਹੇ ਨੂੰ ਕਾਬੂ ਤੇ ਮੈਂ ਲਾਹੁਨਾ ਚੁੜੇਲ ਤੋਂ ਜੱਟ ਦਾ ਭੂਤ, ਤਕਲ੍ਹੇ ਵਾਂਗੂ ਸਿੱਧੀ ਨਾ ਕਰ ਦਿੱਤੀ ਤਾਂ ਤੂੰ ਸਵੇਰ ਨੂੰ ਮੇਰੀ ਮੂਤ ਨਾਲ ਮੁੱਛ ਮੁੰਨ ਦੇਵੀਂ। ''

ਸਿਕੰਦਰ, ਅਗਾਂਹ ਹੀ ਲੰਘ ਗਿਆ ਸੀ ਮੁੱਛਾਂ ਨੂੰ ਵਟਾ ਦਿੰਦਾ ਹੋਇਆ, ਨਜ਼ਰ ਕਾਂ ਦੀ ਸੀ ਤੇ ਅੱਖ ਸੱਪ ਦੀ, ਵਾਰ ਵਾਰ ਨੂਰਾਂ ਦਾ ਜ਼ੋਬਨ ਲੱਦਿਆ ਵਜੂਦ ਨਿਹਾਰੀ, ਲਲਚਾਈ ਜਾਂਦਾ ਸੀ ਕਿਸੇ ਪਿਆਸੇ ਦੀ ਤਰਾਂ।

''ਚੱਲ ਤੁਰ ਵੀ, ਦੇਰ ਨਾ ਕਰ ਹੁਣ, ਨਹੀਂ ਤਾਂ ਆਪਾਂ ਭਗਤਾ ਤੇਰੇ ਹੋ ਗਏ, ਜੇ ਤੂੰ ਮੌਕੇ ਤੇ ਆ ਕੇ ਧੋਖਾ ਦੇਣਾ ਸੀ ਤਾਂ ਪਿੰਡੋਂ ਹੀ ਨਹੀਂ ਸੀ ਤੁਰਨਾ, ਚੱਲ ਮੁੜ ਹੁਣ, ਐਵੇਂ ਨਖ਼ਰੇ ਜਹੇ ਕਰੀ ਜਾਨੈ ਮੁਕਲਾਵੇ ਆਈ ਵਾਂਗੂ। ''

ਸਿਕੰਦਰ ਨੇ ਵੈਲੀ ਚਾਚੇ ਨੂੰ ਘੁਮਾ ਕੇ ਆਪਣੀਆਂ ਬਾਹਾਂ ਵਿੱਚ ਲੈ ਲਿਆ ਸੀ।

''ਤੇਰੀ ਵੀ ਵੱਸ ਨਹੀਂ ਪੁੱਤਰਾ, ਤੈਨੂੰ ਮੁਕਲਾਵੇ ਦੀ ਪਈ ਹੈ ਤੇ ਮੇਰੀ ਸੁੱਕੀ ਗਲ੍ਹ ਵਿੱਚੋਂ ਅਜੇ ਵੀ ਸੇਕ ਨਿਕਲਦਾ ਤੰਦੂਰ ਵਾਂਗੂ। ''

ਚਾਚਾ ਵੈਲੀ ਆਪਣੀ ਹਾਲਤ ਵਾਰੇ ਦੱਸ ਰਿਹਾ ਸੀ ਸਿਕੰਦਰ ਨੂੰ।

''ਰੌਲ੍ਹੇ ਗਦੌਲ੍ਹੇ ਵਿੱਚ ਤੂੰ ਵੀ ਸੇਕ ਠੰਡਾ ਕਰ ਲਈਂ। ''

ਸਿਕੰਦਰ ਨੇ ਵੈਲੀ ਚਾਚੇ ਨੂੰ ਧੱਕਾ ਲਾ ਕੇ ਮੂਹਰੇ ਮੂਹਰੇ ਤੋਰ ਲਿਆ ਸੀ, ਤੇ ਵੈਲੀ ਬੇਸ਼ਰਮੀਂ ਦੀ ਹੱਦ ਪਾਰ ਕਰਕੇ ਮੁੜ ਪਿਆ ਸੀ,

ਨੂਰਾਂ, ਆਪਣੇ ਰੋਜ਼ਾਨਾ ਦੇ ਆਹਾਰ ਵਿੱਚ ਮਸ਼ਰੂਫ਼ ਸੀ, ਸਿਕੰਦਰ ਚੌਂਕੇ ਵਿੱਚ ਜਾ ਬੜਿਆ ਸੀ, ਅਤੇ ਵੈਲੀ ਚਾਚਾ, ਫਿਰ ਖ਼ਾਨ ਦੇ ਗੋਡੇ ਮੁੱਢ ਬੈਠਾ ਕੱਚ ਖੜਕਾ ਰਿਹਾ ਸੀ।

*

ਹਰਜੀਤ ਨੇ ਘਰ ਦੇ ਬਨੇਰਿਆਂ ਉਤੇ ਮੋਮਬੱਤੀਆਂ ਬਾਲਣੀਆਂ ਸ਼ੁਰੂ ਕਰ ਦਿੱਤੀਆਂ ਸਨ, ਅਚਾਨਕ ਹਰਜੀਤ ਦੀ ਤਬੀਅਤ ਵਿੱਚ ਆਈ ਤਬਦੀਲੀ ਦਾ ਰਾਜ ਜਾਨਣ ਲਈ ਘਰਦੇ ਉਤਸੁਕ ਵੀ ਸਨ ਤੇ ਹੈਰਾਨੀ ਜਨਕ ਉਸ ਵੱਲ ਤੱਕ ਵੀ ਰਹੇ ਸਨ, ਜੇ ਕੋਈ ਸਵਾਲ ਕਰਦਾ ਵੀ ਸੀ ਤਾਂ ਦੋਂਹ ਚੌਂਹ ਦਿਨਾ ਵਿੱਚ ਪਤਾ ਲੱਗੂ ਜਾਂ ਕੋਰਟ ਮੈਰਿਜ਼, ਹੱਸਦਾ ਹੱਸਦਾ ਕਹਿ ਦਿੰਦਾ ਸੀ, ਉਡੂੰ ਉਡੂੰ ਕਰਦਾ ਕਦੇ ਕੋਠੇ ਉਪਰ ਕਦੇ ਥੱਲੇ ਉਤਰਦੇ ਚੜ੍ਹਦੇ ਦੇ ਬੂਟਾਂ ਦੀ ਅਵਾਜ ਪੌੜੀਆਂ ਵਿੱਚ ਆ ਰਹੀ ਸੀ।

''ਸਰਦਾਰਾ ਕੱਲਾ ਕੱਲਾ ਹੀ ਦਿਵਾਲੀ ਮਨਾਈ ਜਾਨੈ, ਰਤਾ ਕੁ ਸਾਡਾ ਗਰੀਬਾਂ ਦਾ

ਵੀ ਖਿਆਲ ਕਰਲੈ, ਸਾਡੇ ਕਹਿੜੇ ਹਲ੍ਹ ਚੱਲਦੇ ਨੇ, ਤੇਰੇ ਵਰਗੇ ਸਰਦਾਰਾਂ ਦੇ ਆਸਰੇ ਹੀ ਦਿਨ ਕੱਟਦੇ ਆਂ।"

ਝੋਨੇ ਦੀ ਢੇਰੀ ਛਾਣਦਾ ਇਕ ਮਜ਼ਦੂਰ, ਢੇਰੀ ਦੀ ਰਾਖੀ ਵਜੋਂ ਬੈਠੇ ਜੱਗੀ ਅੱਗੇ ਫ਼ਰਿਆਦ ਜਹੀ ਕਰ ਰਿਹਾ ਸੀ ਕਿਸੇ ਫ਼ਨਕਾਰ ਦੀ ਤਰਾਂ, ਜਿੰਦਗੀ ਵਿੱਚ ਪਹਿਲੀ ਮਰਤਬਾ ਕਿਸੇ ਦੇ ਮੂੰਹੋਂ, ਸਰਦਾਰਾ ਸਰਦਾਰਾ ਸੁਣਨਾ ਜੱਗੀ ਨੂੰ ਚੰਗਾ ਚੰਗਾ ਲੱਗ ਰਿਹਾ ਸੀ, ਓਹ ਖੁਸ਼ੀ ਵਿੱਚ ਜਿਵੇਂ ਫੁੱਲਿਆ ਨਾ ਸਮਾ ਰਿਹਾ ਹੋਵੇ, ਮੰਡੀ ਦੇ ਫ਼ੜ੍ਹ ਵਿੱਚ ਤੇਜ ਲਾਈਟਾਂ ਦੀ ਦਿਨ ਵਰਗੀ ਰੋਸਨੀ, ਪਰ ਮਨ ਮੋਹਣੀ ਜਹੀ, ਜੱਗੀ, ਬੋਰੀਆਂ ਦੀ ਧਾਂਕ ਉਪਰ ਸ਼ਹਿਨਸ਼ਾਹ ਮੁਗਲ-ਏ-ਆਜ਼ਮ ਦੀ ਤਰਾਂ ਸਿੰਘਾਸਨ ਵਿਛਾਈ ਬੈਠਾ ਸੀ ਧੋਤੀ ਜਹੀ ਦਾ, ਹੱਥ ਫੜ੍ਹੀ ਬੋਤਲ, ਮਲਕਾਂ ਦੀ ਬੀਣੀ ਲੱਗਦੀ ਸੀ ਨਸ਼ੇ ਦੀ ਲੋਰ ਵਿੱਚ ਉਸਨੂੰ।

"ਸਰਦਾਰਾ, ਸਰਦਾਰਾ ਕਰੀ ਜਾਨੈ ਮਾਮਾ ਏਥੇ ਬੈਠਾ, ਤੂੰ ਸਰਦਾਰ ਦਾ ਦੁੱਧ ਚੁੰਘਣਾ? ਘੁੱਟ ਪੀਣੀ ਹੈ ਤਾਂ ਉਰ੍ਹਾਂ ਆ ਜਾ।"

ਜੱਗੀ ਨੂੰ ਮਜ਼ਦੂਰ ਨੇ ਭਰਮਾ ਲਿਆ ਸੀ, ਉਹ ਦੌੜ ਕੇ ਬਿਜਲੀ ਦੀ ਫ਼ੁਰਤੀ ਵਾਂਗੂ ਆ ਗਿਆ ਸੀ ਛਾਨਣਾਂ ਥਾਂਈਂ ਛੱਡ ਕੇ, ਮਜ਼ਦੂਰ ਸਮਝ ਗਿਆ ਸੀ ਕਿ ਇਹ ਸਰਦਾਰ ਨਹੀਂ ਹੈ, ਸਿਰਫ਼ ਮੁਫ਼ਤ ਦੀ ਸਰਦਾਰੀ ਦੀ ਭੁੱਖ ਦਾ ਸ਼ਿਕਾਰ ਹੈ।

"ਪਹਿਲਾਂ ਤੂੰ ਦੱਸ ਬਈ ਠੇਕੇ ਕਿੰਨੇ ਵਜ਼ੇ ਤੱਕ ਖੁੱਲੇ ਰਹਿਣਗੇ?"

ਜੱਗੀ, ਗਲਾਸੀ ਫ਼ੜ੍ਹੀ ਬੈਠਾ ਪੁੱਛ ਰਿਹਾ ਸੀ ਮਜ਼ਦੂਰ ਤੋਂ।

"ਸਾਰੀ ਰਾਤ ਹੀ ਖੁੱਲੇ ਨੇ, ਇਥੇ ਮੰਡੀ ਵਿੱਚ ਹੀ ਬਰਾਂਚ ਭੇਜ ਦਿੱਤੀ ਹੈ ਸਰਕਾਰ ਨੇ, ਜਦੋਂ ਦੀ ਬਾਬੇ ਬਾਦਲਾਂ ਦੀ ਸਰਕਾਰ ਆਈ ਹੈ ਮੌਜਾਂ ਲੱਗ ਗਈਆਂ ਹਨ ਜਦੋਂ ਮਰਜ਼ੀ ਲਵੋ ਚਾਹ ਵਾਲੇ ਕੋਲੋਂ।"

ਉਸ ਮਜ਼ਦੂਰ ਨੇ ਕਿਹਾ ਸੀ।

"ਚਾਹ ਵਾਲੇ ਕੋਲੋਂ, ਚਾਹ ਵਾਲਾ ਚੂਹ ਵੀ ਬੇਚਣ ਲੱਗ ਪਿਆ?"

ਜੱਗੀ ਨੇ ਹੈਰਾਨੀ ਜਹੀ ਨਾਲ ਉਸ ਮਜ਼ਦੂਰ ਤੋਂ ਪੁੱਛਿਆ ਸੀ।

"ਹਾਂ, ਦੋਨੋਂ ਕੰਮ ਕਰਦਾ, ਜਦੋਂ ਕਹੇਂਗਾ ਤੇ ਮੈਂ ਲਿਆ ਦਊਂਗਾ।"

ਮਜ਼ਦੂਰ ਨੇ ਜੱਗੀ ਦੇ ਹੱਥੋਂ ਗਲਾਸੀ ਪਕੜ੍ਹ ਲਈ ਸੀ।

"ਸਰਦਾਰਾ, ਕੀ ਜੀਅ ਜੰਤ ਹੈ ਤੇਰੇ?"

ਮੂੰਹ ਪੂੰਝਦਾ ਹੋਇਆ ਮਜ਼ਦੂਰ, ਦੁਨੀਆਂ ਦਾਰੀ ਦੀ ਗੁਫ਼ਤ-ਗੂਹ ਦੇ ਤੌਰ ਤੇ ਪੁੱਛ ਰਿਹਾ ਸੀ।

"ਅਜੇ ਤਾਂ ਕੱਲਾ ਜੰਤ ਹੀ ਹੈ, ਜੀਅ ਤਾਂ......, ਤੂੰ ਯਾਰ, ਪੈੱਗ ਭਾਵੇਂ ਹੋਰ ਮਾਰ

ਲਵੀਂ, ਪਰ ਮੈਨੂੰ ਵੇਹਲਾ ਕਰ ਜਿੰਨੀ ਛੇਤੀਂ ਹੋ ਸਕੇ।"

ਜੱਗੀ ਦੀ ਬਿਰਤੀ ਗੁੱਜ਼ਰਾਂ ਦੇ ਡੇਰੇ ਵੱਲ ਘੁੰਮ ਗਈ ਸੀ, ਵਜੂਦ ਨੂੰ ਹਿੱਕਣ ਲੱਗੀ ਸੀ ਤਿੰਨ ਕੋਹ ਦੂਰ ਡੇਰੇ ਵੱਲ ਹਨੇਰੀ ਰਾਤ ਵਿੱਚ ਹੀ, ਤਾਂਗ ਸੱਜਣ ਦੀ ਤੇਂਦੂਏ ਦੀ ਖਿੱਚ ਹੋਈ ਜਾ ਰਹੀ ਸੀ, ਓਹਦਾ ਮਨ, ਤੁਰੰਤ ਜਿਸਮ ਨੂੰ ਗੁਜ਼ਰੀ ਦੀ ਬੁਕਲ੍ਹੇ ਦੇਖਣਾ ਚਾਹੁੰਦਾ ਸੀ।

"ਵੇਹਲਾ ਤਾਂ ਤੂੰ ਹੋ ਜਾਵੇਂਗਾ ਦੋ ਢਾਈ ਵਜ਼ੇ ਤੱਕ, ਪਰ ਜਾਵੇਂਗਾ ਕਿੱਥੇ ਰਾਤ ਨੂੰ ਰਫ਼ਲਾਂ ਦੇ ਰਾਜ ਵਿੱਚ, ਰਾਮ ਨਾਲ ਏਥੇ ਹੀ ਪੈ ਜਾਵੀਂ, ਸਾਡੇ ਤੰਬੂ ਵਿੱਚ ਮੰਜ਼ਾ ਪਿਆ ਵੇਹਲਾ, ਮਗਵਾਉਣੀ ਹੈ ਜਾਂ ਕਰਾਂ ਕੰਮ ਆਪਣਾ?"

ਮਜ਼ਦੂਰ ਪੁੱਛ ਰਿਹਾ ਸੀ।

"ਲੈ ਆ ਫਿਰ ਬੋਤਲ"

ਜੱਗੀ ਨੇ ਹੱਥ ਵਿਚਲੀ ਬੋਤਲ ਨੂੰ ਆਪਣੇ ਪੱਟਾਂ ਵਿੱਚ ਘੁੱਟਦਿਆਂ ਹੋਇਆਂ ਕਿਹਾ ਸੀ।

"ਦਿਓ ਪੈਸੇ ਫਿਰ"

ਮਜ਼ਦੂਰ ਨੇ ਕਿਹਾ ਸੀ ਆਪਣਾ ਹੱਥ ਜੱਗੀ ਵੱਲ ਕਰਦੇ ਹੋਏ।

"ਔਹ ਤੂੰ ਪੈਸੇ ਹੀ ਛਾਣਦਾ"

ਜੱਗੀ ਨੇ ਝੋਨੇ ਦੀ ਢੇਰੀ ਵੱਲ ਇਸ਼ਾਰਾ ਕਰ ਦਿੱਤਾ ਸੀ ਮਜ਼ਦੂਰ ਨੂੰ, ਤੇ ਫਿਰ ਚੋਰਾਂ ਦਾ ਮਾਲ ਲਾੱਠੀਆਂ ਦੇ ਗਜ਼ ਹੋਣ ਲੱਗ ਪਿਆ ਸੀ।

*

"ਬੜੇ ਭਾਈ, ਆਪਾਂ ਨਿੱਕੀ ਨਿੱਕੀ ਗੱਲ ਪਿੱਛੇ ਮੱਥੇ ਵੱਟ ਪਾਉਣ ਵਾਲੇ ਬੰਦੇ ਨਹੀਂ, ਤੂੰ ਸਾਡੀ ਔਕਾਤ ਨਹੀਂ ਜਾਣਦਾ, ਜਹਿਦੇ ਪਿੱਛੇ ਹੱਥ ਧੋ ਕੇ ਪੈ ਜਾਈਏ ਤਾਂ ਓਹਦੀਆਂ ਅਸਮਾਨੋਂ ਉੱਡਦੀਆਂ ਲਾਹ ਲਈ ਦੀਆਂ, ਤੂੰ, ਬੜੇ ਭਾਈ ਕਿੱਥੇ ਭੁੱਲਿਆ ਫਿਰਦੈਂ? ਆਪਾਂ ਜਿੰਨਾ ਦੱਬ ਕੇ ਤੈਨੂੰ ਪਿਆਰ ਕੀਤਾ, ਤੂੰ ਓਨਾਂ ਹੀ ਦੱਬ ਕੇ ਥੱਪੜ ਮਾਰ ਦਿੱਤਾ, ਤੇਰਾ ਵੀ ਕਸੂਰ ਨਹੀਂ, ਸਾਰੀ ਦੁਨੀਆਂ ਦਾ ਏਹੋ ਹੀ ਦਸਤੂਰ ਹੈ, ਪਰ ਆਪਾਂ ਵੇਖਲੈ ਧੰਨ ਦੇ ਸੱਜਣ ਨਿਕਲੇ, ਥੱਪੜ ਸਹਾਰ ਲਿਆ ਪਰ ਮੂੰਹੋਂ ਸੀ ਨਹੀਂ ਕੱਢੀ, ਤੂੰ ਵੀ ਹੁਣ ਸਾਡੇ ਅਸੂਲਾਂ ਤੇ ਚੱਲੀਂ।"

ਵੈਲੀ ਚਾਚਾ ਢਹਿਦੀਆਂ ਕਲਾਂ ਵਿੱਚ ਜਾਂਦੇ ਖ਼ਾਨ ਨੂੰ ਸੁਣਾ ਰਿਹਾ ਸੀ ਦਿਲ ਦੀ, ਪਰ ਖ਼ਾਨ ਤੇ ਸੁੱਕੀ ਸ਼ਰਾਬ ਦਾ ਨਸ਼ਾ ਭਾਰੂ ਹੁੰਦਾ ਜਾ ਰਿਹਾ ਸੀ, ਵੈਲੀ ਉਸ ਨੂੰ ਮੰਜ਼ੇ ਉੱਤੇ ਲਿਟਾਣ ਦਾ ਯਤਨ ਕਰਨ ਲੱਗਿਆ ਸੀ।

"ਨਹੀਂ ਠੀਕ ਤੇ ਪੈ ਜਾ ਖ਼ਾਨ ਮੀਆਂ"

ਵੈਲੀ ਜਾਣ ਬੁੱਝ ਕੇ ਹੀ ਪੁੱਛ ਰਿਹਾ ਸੀ, ਓਹ ਜਾਣਦਾ ਸੀ ਕਿ ਓਹਦੇ ਹੱਥਾਂ ਵਿੱਚੋਂ ਨਿਕਲ ਕੇ ਗਈ ਸ਼ਰਾਬ ਆਪਣੇ ਕਰਤੱਬ ਦਿਖਾਵੇਗੀ ਹੀ, ਸ਼ਾਇਦ ਖ਼ਾਨ ਦੀ ਨੀਮ ਬੇ ਹੋਸ਼ੀ ਕਰਤੱਬ ਹੀ ਤਾਂ ਸੀ।

ਨੂਰਾਂ, ਡੰਗਰਾਂ ਦਾ ਕੰਮ ਨਿਪਟਾ ਕੇ ਗ਼ੋਰਖ਼ ਸੰਭਾਲ ਰਹੀ ਸੀ, ਕਬਾਲੀ ਦੀ ਸ਼ਕਲ ਵਿੱਚ ਗੂੰਜ ਰਹੇ ਬੋਲ ਸ਼ਾਇਦ ਪੀਰਾਂ ਦੀ ਦਰਗਾਹ ਤੋਂ ਆ ਰਹੇ ਸਨ।

"ਜੇ ਤੂੰ ਰੱਬ ਨੂੰ ਮਨਾਉਣਾ,
ਪਹਿਲਾਂ ਯਾਰ ਨੂੰ ਮਨਾ।
ਰੱਬ ਮੰਨ ਜਾਂਦਾ ਸੌਖਾ,
ਯਾਰ ਨੂੰ ਮਨਾਉਣਾ ਔਖਾ ਏ।"

ਸਿਕੰਦਰ, ਪਤੀਲੇ ਵਿੱਚੋਂ ਕਬਾਬ ਕੱਢ ਕੇ ਦੇਖ ਰਿਹਾ ਸੀ ਤੇ ਮੋਮਬੱਤੀ ਦੀ ਲੋਅ ਵਿੱਚ ਨੂਰਾਂ ਵੱਲ ਤੱਕ ਰਿਹਾ ਸੀ, ਖ਼ਾਨ ਵਾਰੇ ਸੋਚ ਰਿਹਾ ਸੀ, ਖ਼ਾਨ ਦਾ ਓਹਲੇ ਹੋਣਾ ਲਾਜ਼ਮੀ ਲੱਗ ਰਿਹਾ ਸੀ।

"ਮੰਜ਼ਾ ਅੰਦਰ ਕਰਵਾਵਾਂ ਚਾਚਾ?"

ਸਿਕੰਦਰ ਪੁੱਛ ਰਿਹਾ ਸੀ ਵੈਲੀ ਚਾਚੇ ਦੇ ਕੂਹਣੀ ਮਾਰਦਾ ਹੋਇਆ।

"ਬਾਹਰ ਠੰਡ ਵਿੱਚ ਤੂੰ ਸਹੁਰਾ ਮਰਵਾਉਣਾ, ਅੰਦਰ ਹੀ ਠੀਕ ਰਹੂ।"

ਵੈਲੀ ਚਾਚਾ ਸਿਕੰਦਰ ਨੂੰ ਕਿਹ ਹਿਰਾ ਸੀ।

"ਜੇ ਇਹਨੇ ਆਕੜਨਾ ਹੋਇਆ ਤਾਂ ਅੰਦਰ ਵੀ ਆਕੜ ਜਾਣਾ।"

ਸਿਕੰਦਰ ਨੇ ਸੁੱਤੇ ਪਏ ਖ਼ਾਨ ਦੀ ਮੰਜ਼ੀ ਨੂੰ ਪੌਂਦਾਂ ਵੱਲ ਹੱਥ ਪਾ ਲਿਆ ਸੀ, ਵੈਲੀ ਅਤੇ ਸਿਕੰਦਰ ਮੰਜ਼ੀ ਨੂੰ ਚੁੱਕ ਤੁਰੇ ਸਨ, ਇਕ ਪਾਸੇ ਖੜ੍ਹੀ ਨੂਰਾਂ ਦੇਖ ਰਹੀ ਸੀ ਆਪਣੇ ਸ਼ਰਾਬੀ ਬਾਪ ਨੂੰ, ਖ਼ਬਰੇ ਸ਼ਰਾਬੀ ਬਾਪ ਵੀ ਉਸਨੂੰ ਦੂਸਰਿਆਂ ਵਾਂਗੂ ਹੀ ਕੋਈ ਅਜ਼ਨਬੀ ਲੱਗ ਰਿਹਾ ਸੀ, ਜਿਸ ਦੇ ਕੋਲ ਜਾਣ ਦਾ ਦਿਲ ਨੇ ਖਿਆਲ ਵੀ ਨਹੀਂ ਕੀਤਾ ਸੀ, ਪਰ ਨੂਰਾਂ ਫਿਰ ਆਪਣੇ ਕਿੱਤੇ ਜਾ ਲੱਗੀ ਸੀ, ਨੂਰਾਂ ਦਾ ਬੁੱਤ ਤਾਂ ਜਰੂਰ ਚੌਂਕੇ ਵਿੱਚ ਸੀ ਪਰ ਉਸਦੀ ਰੂਹ, ਤਾਂ ਮਜ਼ਨੂੰ ਬਣੇ ਜੱਟ ਦਾ ਥਹੁ ਪਤਾ ਭਾਲ਼ਦੀ ਫਿਰਦੀ ਪਹੁੰਚ ਗਈ ਸੀ ਮੜ੍ਹੀਆਂ ਵਿੱਚ।

"ਮੇਰਾ ਮੰਜ਼ਾ ਕੌਣ ਹਿਲਾਈ ਜਾਂਦਾ?"

ਖ਼ਾਨ ਨੇ ਅੱਖ ਪੁੱਟਣ ਦੀ ਅਸਫ਼ਲ ਜਹੀ ਕੋਸ਼ਿਸ਼ ਕੀਤੀ ਸੀ।

"ਕਿਤੇ ਨਹੀਂ, ਤੂੰ ਤੂਣ ਲੱਗਿਆਂ, ਚੁੱਪ ਕਰਕੇ ਪਿਆ ਰਹਿ।"

ਵੈਲੀ ਚਾਚੇ ਨੂੰ ਖ਼ਾਨ ਦਾ ਮੰਜ਼ਾ ਭਾਰਾ ਤਾਂ ਲੱਗਾ ਸੀ, ਪਰ ਉਸਨੇ ਹੱਥ ਕਰੜੇ ਕਰਕੇ

ਪਾ ਲਏ ਸਨ ਮੰਜੇ ਦੀ ਚੁਗਾਠ ਨੂੰ, ਸਿਕੰਦਰ, ਖ਼ਾਨ ਦਾ ਮੰਜ਼ਾ ਅੰਦਰ ਕਰਵਾ ਕੇ ਬਾਹਰ ਆ ਗਿਆ ਸੀ ਚੌਂਕੇ ਵਿੱਚ, ਪਿੰਡ ਵਲੋਂ ਪਟਾਖੇ ਚੱਲਣ ਦੀ ਅਵਾਜ਼ ਗੂੰਜਣ ਲੱਗੀ ਸੀ ਖੁੱਲੇ ਖਲਾਅ ਵਿੱਚ, ਤੇ ਵੈਲੀ ਚਾਚੇ ਨੇ ਪਟਾਖਿਆਂ ਦੇ ਰੌਲ਼ੇ ਗਦੌਲ਼ੇ ਵਿੱਚ ਅੰਦਰ ਖ਼ਾਨ ਨੂੰ ਵਜਾਉਣਾ ਸ਼ੁਰੂ ਕਰ ਦਿੱਤਾ ਸੀ, ਇਕ ਚਪੇੜ ਦੇ ਬਦਲੇ ਪਤਾ ਨਹੀਂ ਕਿੰਨੀਆਂ ਕੁ ਚਪੇੜਾਂ ਖ਼ਾਨ ਦੇ ਮੂੰਹ ਤੇ ਮਾਰ ਦਿੱਤੀਆਂ ਸਨ ਵੈਲੀ ਨੇ, ਖ਼ਾਨ ਦੇ ਮੂੰਹੋਂ ਅਵਾਜ਼ ਵੀ ਨਹੀਂ ਸੀ ਨਿਕਲਣ ਦਿੱਤੀ ਵੈਲੀ ਚਾਚੇ ਨੇ, ਭੈਰੋਂ ਵਾਂਗੂ ਖ਼ਾਨ ਦੀ ਛਾਤੀ ਤੇ ਚੜ੍ਹ ਕੇ ਬੈਠ ਗਿਆ ਸੀ ਵੈਲੀ, ਉਸ ਦੇ ਹੱਥ ਤੁਰ ਪਏ ਸਨ ਖ਼ਾਨ ਦੀ ਸੰਘੀ ਵੱਲ ਨੂੰ, ਓਹ ਜਿਊਂਦਾ ਜ਼ਮ ਬਣ ਗਿਆ ਲੱਗਦਾ ਸੀ।

"ਤੇਰੀ ਐਸੀ ਕੀ ਤੈਸੀ ਬੜੇ ਬਦਮਾਸ਼ ਦੀ, ਤੂੰ ਕੀ ਸੋਚਦਾ ਸੀ ਮੇਰੇ ਚਪੇੜ ਮਾਰ ਕੇ ਜਿਊਂਦਾ ਜਾਗਦਾ ਰਹਿ ਜਾਵੇਂਗਾ ਕੰਜ਼ਰ ਦਿਆ, ਕੰਬਖ਼ਤਾ, ਤੇਰਾ ਤਾਂ ਮੈਂ ਨਾਮੋਂ ਨਿਸ਼ਾਨ ਮਿਟਾ ਦੇਊਂਗਾ, ਫੇਰ ਦੇਖੂੰਗਾ ਤੇਰਾ ਵਾਰਿਸ ਕੌਣ ਬਣਦਾ?"

ਵੈਲੀ, ਕਰੋਧ ਵਿੱਚ ਬੁੜ੍ਹ ਬੁੜ੍ਹਾ ਰਿਹਾ ਸੀ, ਅੰਗ ਅੰਗ ਫ਼ਰਕ ਰਿਹਾ ਸੀ ਵੈਲੀ ਚਾਚੇ ਦਾ, ਜ਼ੱਦੋ ਜ਼ਹਿਦ ਹੋ ਰਹੀ ਸੀ, ਪਰ ਮੁਹੰਮਦ ਖ਼ਾਨ ਤਾਂ ਸ਼ਾਂਤ ਸੀ, ਖ਼ਬਰੇ ਸਦਾ ਲਈ ਹੀ।

"ਨੀ ਮਾਂ ਦੀਏ ਮੋਮਬੱਤੀਏ, ਸਾਰੇ ਜੱਗ ਵਿੱਚ ਚਾਨਣ ਤੇਰਾ।"

ਸਿਕੰਦਰ ਨੇ ਚੁੱਲੇ ਮੁੱਢ ਬੈਠਦੇ ਹੋਏ ਕਿਹਾ ਸੀ ਕਾਮੁਕ ਨਜ਼ਰਾਂ ਨਾਲ ਨੂਰਾਂ ਦੇ ਗੋਰੇ ਰੰਗ ਨੂੰ ਨਿਹਾਰਦੇ ਹੋਏ, ਨੂਰਾਂ ਦੇ ਹੱਥ ਆਟੇ ਵਿੱਚ ਸਨ, ਤੇ ਦੋਹਾਂ ਦੇ ਵਿਚਕਾਰ ਸਨ ਚੁੱਲੇ ਵਿੱਚ ਡਾਹੀਆਂ ਹੋਈਆਂ ਬਲਦੀਆਂ ਲੱਕੜਾਂ, ਬਲਦੀ ਅੱਗ ਦੇ ਸਾਹਮਣੇ ਸੁਲਫ਼ੇ ਦੀ ਲਾਟ ਵਾਂਗੂ ਦਗ਼ ਰਿਹਾ ਸੀ ਨੂਰਾਂ ਦਾ ਗੋਰਾ ਨਿਸ਼ੋਹ ਚੇਹਰਾ।

"ਜਰਾ ਪਰੇ ਹੋ ਕੇ ਬੈਠ।"

ਨੂਰਾਂ ਨੇ ਝੁਕੀਆਂ ਨਜ਼ਰਾਂ ਨਾਲ ਹੀ ਕਿਹਾ ਸੀ।

"ਕਿਉਂ ਮੂਹਰੇ ਕੀ ਹੈ?"

ਸਿਕੰਦਰ ਨੇ ਕਿਹਾ ਸੀ।

"ਅੱਗ ਨਹੀਂ ਦਿਸਦੀ?"

ਨੂਰਾਂ ਨੇ ਕਿਹਾ ਸੀ।

"ਅੱਗ ਦੇਖਣ ਨੂੰ ਤਾਂ ਬਾਰ੍ਹਾਂ ਸਾਲ ਨਿਕਲ ਗਏ ਭਟਕਦੇ ਹੋਇਆਂ, ਅੱਜ ਅੱਗ ਦੇਖਣ ਦਾ ਮੌਕਾ ਆਇਆ ਤੇ ਤੂੰ ਹੂਰੇ ਕਹਿਨੀ ਏਂ ਕਿ ਪਰੇ ਹੋ ਕੇ ਬੈਠ, ਮੈਂ ਤਾਂ ਪੂਰੀ ਉਮਰ ਕੱਟਣੀ ਆ ਰੰਨ ਦੇ ਗੋਡੇ ਮੁੱਢ ਬੈਠ ਕੇ, ਹੁਣ ਨਹੀਂ ਮੇਰੇ ਕੋਲੋਂ ਰਹਿ ਹੋਣਾ, ਹੁਣ ਤੇ ਜ਼ਫਾ ਅੱਗ ਨੂੰ ਪਾਉਣਾ ਹੀ ਪੈਣਾਂ, ਚਾਹੇ ਸੜ੍ਹ ਜਾਈਏ ਤੇ ਚਾਹੇ ਬਚ ਜਾਈਏ।"

ਸਿਕੰਦਰ, ਪਤਾ ਨਹੀਂ ਕੀ ਕੀ ਸੁਪਨੇ ਦੇਖੀ ਜਾ ਰਿਹਾ ਸੀ ਖੁੱਲੀਆਂ ਅੱਖਾਂ ਨਾਲ।

"ਮੈਨੂੰ ਹੱਥ ਨਾ ਲਾਵੀਂ।"

ਨੂਰਾਂ ਉੱਠ ਖੜੋਤੀ ਸੀ।

"ਜੇ ਮੈਂ ਆਪਣੀ ਰੰਨ ਨੂੰ ਹੱਥ ਨਾ ਲਾਵਾਂ ਤੇ ਹੋਰ ਕੀਹਨੂੰ ਲਾਵਾਂ ਵੈਰਨੇ, ਏਦਾਂ ਹੁਣ ਝੱਟ ਨਹੀਂ ਲੰਘਣਾ ਦੂਰ ਦੂਰ ਰਹਿ ਕੇ, ਮੇਰਾ ਤਾਂ ਮੁਕਲਾਵਾ ਹੈ ਮੁਕਲਾਵਾ, ਤੂੰ ਐਧਰ ਨੂੰ ਆ ਜਾ ਹੁਣ।"

ਸਿਕੰਦਰ ਦੇ ਰੁਕੇ ਹੋਏ ਹੱਥ ਫੇਰ ਅਗਾਂਹ ਵਧੇ ਸਨ, ਪਰ ਨੂਰਾਂ, ਚੌਂਕੇ ਦਾ ਓਟਾ ਟੱਪ ਗਈ ਸੀ ਟਪੂਸੀ ਮਾਰ ਕੇ, ਫ਼ੁਰਤੀ ਦੇ ਵਾਵਜੂਦ ਵੀ ਸਿਕੰਦਰ ਦਾ ਹੱਥ ਨੂਰਾਂ ਦੇ ਪੈਰ ਨੂੰ ਛੋਹ ਗਿਆ ਸੀ ਅਤੇ ਦੂਸਰਾ ਹੱਥ ਸੁੱਕੇ ਆਟੇ ਵਾਲੀ ਪਰਾਤ ਦੇ ਕਿਨਾਰੇ ਤੇ ਰੱਖਿਆ ਗਿਆ ਸੀ ਜਿਸ ਕਰਕੇ ਸਿਕੰਦਰ ਦਾ ਮੂੰਹ ਅੱਖਾਂ ਸੁੱਕੇ ਆਟੇ ਨਾਲ ਭਰ ਗਏ ਸਨ, ਆਪਣੇ ਮੂੰਹ ਤੋਂ ਆਟੇ ਨੂੰ ਸਾਫ਼ ਕਰਦਾ ਸਿਕੰਦਰ ਚੌਂਕੇ ਵਿੱਚ ਖੜ੍ਹਾ ਆਪਣਾ ਆਲ੍ਹਾ ਦੁਆਲ੍ਹਾ ਝਾਕ ਰਿਹਾ ਸੀ, ਪਰ ਨੂਰਾਂ ਕਿਧਰੇ ਨਜ਼ਰ ਨਹੀਂ ਆ ਰਹੀ ਸੀ ਆਸ ਪਾਸ।

ਮੁਹੰਮਦ ਖ਼ਾਨ ਸੁੱਤਾ ਹੋਇਆ ਸੀ ਗਹਿਰੀ ਨੀਂਦੇ, ਤੇ ਵੈਲੀ ਚਾਚਾ ਕੰਧ ਨਾਲ ਢਾਸਣਾ ਲਾਈ ਮਚਲਾ ਹੋਇਆ ਬੈਠਾ ਸੀ।

"ਚਾਚਾ, ਓ ਚਾਚਾ, ਕਿੱਥੇ ਮਰ ਗਿਆ ਤੂੰ?"

ਸਿਕੰਦਰ, ਅਵਾਜ਼ਾਂ ਮਾਰਦਾ ਮਾਰਦਾ ਅੰਦਰ ਆ ਬੜ੍ਹਿਆ ਸੀ।

"ਮੈਨੂੰ ਲੱਗਦਾ ਹੈ ਖ਼ਾਨ ਮਰ ਗਿਆ।"

ਚਾਚੇ ਨੇ ਕਿਹਾ ਸੀ।

"ਹੈਂ, ਖ਼ਾਨ ਮਰ ਗਿਆ, ਸੁੱਖ ਬੋਲ ਚਾਚਾ?"

ਸਿਕੰਦਰ, ਖ਼ਾਨ ਨੂੰ ਹਿਲਾਉਣ ਜਗਾਉਣ ਲੱਗਿਆ ਸੀ, ਪਰੰਤੂ, ਖ਼ਾਨ ਤਾਂ ਜਿਵੇਂ ਸਦਾ ਦੀ ਨੀਂਦੇ ਹੀ ਸੌਂ ਗਿਆ ਸੀ।

"ਹੁਣ ਕਿੱਦਾਂ ਹੋਊ?"

ਸਿਕੰਦਰ, ਡਰ ਨਾਲ ਸਹਿਮਿਆ ਜਿਹਾ ਪੁੱਛ ਰਿਹਾ ਸੀ।

"ਹੌਲ੍ਹੀ ਬੋਲ ਪੁੱਤਰਾ, ਡਰਨ ਦੀ ਜਰੂਰਤ ਨਹੀਂ, ਜਿੱਦਾਂ ਮੈਂ ਕਹਿਨਾ ਓਦਾਂ ਹੀ ਕਰੇਂਗਾ ਤਾਂ, ਸੱਪ ਵੀ ਮਰ ਜਾਊ ਤੇ ਲਾੱਠੀ ਵੀ ਬਚ ਜਾਊ।"

ਵੈਲੀ ਚਾਚਾ ਉੱਠ ਖੜੋਇਆ ਸੀ।

"ਪਰ ਤੂੰ ਕਹਿੰਦਾ ਕਿੱਦਾਂ ਏਂ ਚਾਚਾ?"

ਸਿਕੰਦਰ ਪੁੱਛ ਰਿਹਾ ਸੀ ਚਾਚੇ ਵੈਲੀ ਤੋਂ।

"ਪਿਛਵਾੜੇ ਜਾ ਕੇ ਟੋਆ ਪੁੱਟ, ਚੁੱਕ ਲੈ ਕਹੀ ਤੇ ਮਿੰਟ ਲਾ ਦਸ ਜੇ ਮੁਕਲਾਵਾ

ਮਨਾਉਣਾ, ਨਹੀਂ ਤੇ ਪਿੱਟਣਾ ਪੈ ਜਾਊ ਹੁਣੇ, ਮੁਕਲਾਵਾ ਮੁਕਲੂਵਾ ਖ਼ੁਸੜ੍ਹ ਜਾਣਾ ਸਾਰਾ ਜਦੋਂ ਪੁਲਿਸ ਨੇ ਕੋਡੇ ਕੀਤਾ।"

ਵੈਲੀ ਨੇ ਸਿਕੰਦਰ ਨੂੰ ਹੋਰ ਡਰਾ ਲਿਆ ਸੀ।

"ਮੁਕਲਾਵਾ ਸੁਆਹ ਮਨਾਉਣਾ, ਓਹ ਪਤਾ ਨਹੀਂ ਲੱਗਾ ਚੌਂਕੇ ਵਿੱਚੋਂ ਉੱਠ ਕੇ ਕਿਧਰ ਨੂੰ ਹਵਾ ਹੋ ਗਈ।"

ਸਿਕੰਦਰ, ਖਾੱਲੀ ਹੱਥ ਝਾੜ੍ਹਦਾ ਰਹਿ ਗਿਆ ਸੀ।

"ਓਹਨੂੰ ਮੈਂ ਕਰਦਾਂ ਕਾਬੂ, ਤੂੰ ਚੁਕ ਕਹੀ ਤੇ ਫ਼ਟਾ ਫ਼ਟ ਏਹਦਾ ਗੂੱਗਾ ਪੂਜ, ਕਹਿੰਦੇ ਨੇ ਮੁਰਦਾ ਚੰਗੇ ਭਲਿਆਂ ਨੂੰ ਮਾਰ ਦਿੰਦਾ, ਫਿਰ ਤੈਨੂੰ ਮੈਨੂੰ ਕਦੋਂ ਬਖ਼ਸ਼ਣ ਲੱਗਾ, ਮੇਰਾ ਮੂੰਹ ਨਾ ਦੇਖ, ਜੋ ਮੈਂ ਕਹਿਨਾ ਕਰੀ ਜਾ ਪੁੱਤ ਬਣ ਕੇ, ਨਹੀਂ ਤਾਂ............?"

ਚਾਚਾ ਪੂਰਾ ਕੁੱਤੇ ਦੀ ਪੂਛ ਸੀ।

"ਚਾਚਾ, ਤੂੰ ਜਾਹ ਤੇ ਵੇਖ ਸਹੁਰੀ ਨੂੰ, ਏਹਦਾ ਕੰਮ ਤਾਂ ਹੋ ਗਿਆ ਸਮਝ।"

ਸਿਕੰਦਰ ਨੇ ਕਹੀ ਦੇ ਦਸਤੇ ਨੂੰ ਹੱਥ ਪਾ ਲਿਆ ਸੀ।

"ਓਹ ਤਾਂ ਆਪਣੇ ਘੜੇ ਦੀ ਮੱਛੀ ਹੈ ਪੁੱਤਰਾ, ਓਹਨੇ ਕਿੱਥੇ ਜਾਣਾ?"

ਵੈਲੀ ਚਾਚਾ, ਖੰਦੇ ਕੁੱਤੇ ਵਾਂਗੂ ਆਦਮ-ਬੋ ਸੁੰਘਦਾ ਹਨੇਰੇ ਵਿੱਚ ਹੀ ਵਾੜੇ ਦਾ ਚੱਪਾ ਚੱਪਾ ਛਾਣ ਰਿਹਾ ਸੀ ਅੰਨੇ ਵਾਹ।

*

"ਸਾਡੇ ਵੇਹੜੇ ਵਿੱਚ ਆਜਾ ਭੁੱਲ ਕੇ,
ਮੇਰਾ ਦਿੱਲ ਤੇਰਾ ਦੀਦ ਮੰਗਦਾ।
ਰੁੱਤ ਈਦਾਂ ਵਾਲੀ ਆ ਜਾਵੇ ਚੜ੍ਹਕੇ,
ਦਿਲ ਰੱਬ ਕੋਲੋਂ ਈਦ ਮੰਗਦਾ।"

ਕਾਲੀ ਹਨੇਰੀ ਰਾਤ ਅੱਧ ਨੂੰ ਢੁੱਕਣ ਲੱਗੀ ਸੀ, ਮੜ੍ਹੀਆਂ ਵਿੱਚ ਘੁੱਪ ਹਨੇਰਾ ਛਾਇਆ ਹੋਇਆ ਸੀ, ਸੁੰਨ ਛਨਾੱਟਾ ਖ਼ਮੋਸ਼ ਜਿਹਾ ਸੀ, ਅਚਾਨਕ ਹੀ ਮੜ੍ਹੀ ਦੇ ਕਰੀਬ ਰੌਸ਼ਨੀ ਹੋਈ ਸੀ, ਇਹ ਮਨਪ੍ਰੀਤ ਨੇ ਸ਼ਮਾ ਰੋਸ਼ਨ ਕੀਤੀ ਸੀ, ਵੇਖਦਿਆਂ ਹੀ ਵੇਖਦਿਆਂ ਮੜ੍ਹੀ ਦੇ ਆਦਮ ਕੱਦ ਬਨੇਰਿਆਂ ਤੇ ਮੋਮਬੱਤੀਆਂ ਦੀਆਂ ਕਤਾਰਾਂ ਜਗਣ ਲੱਗੀਆਂ ਸਨ, ਮਨਪ੍ਰੀਤ ਦਾ ਦੋਸਤ ਸੁੰਦਰ, ਕਿੰਨਾ ਕੁਝ ਹੀ ਦੇ ਕੇ ਗਿਆ ਸੀ ਬੰਦ ਡੱਬਿਆਂ ਵਿੱਚ, ਜਹਿੜੇ ਹੁਣ ਮਨਪ੍ਰੀਤ ਨੇ ਖੋਲਣੇ ਸ਼ੁਰੂ ਕੀਤੇ ਸਨ, ਤੇ ਫਿਰ ਸੁੰਨੇ ਮਸਾਣਾ ਵਿੱਚ ਦਿਵਾਲੀ ਦਾ ਪਹਿਰਾ ਹੋਣ ਲੱਗਿਆ ਸੀ, ਰੁੱਖਾਂ ਦੀਆਂ ਟਹਿਣੀਆਂ ਰੀਬਨ ਤੇ ਗੁਬਾਰੇ ਲਟਕ ਰਹੇ ਸਨ ਰੰਗ ਬਰੰਗੇ, ਮੜ੍ਹੀ ਅੰਦਰੋਂ

ਧੂਫ਼ ਦੀ ਸੁਗੰਧ ਫੈਲਣ ਲੱਗੀ ਸੀ ਵਾਤਾਵਰਨ ਵਿੱਚ, ਰੋਸ਼ਨੀ ਹੀ ਰੋਸ਼ਨੀ ਹੋ ਗਈ ਸੀ ਮੜ੍ਹੀ ਦੇ ਆਲ੍ਹੇ ਦੁਆਲ੍ਹੇ, ਘਰ ਸਜ ਚੁੱਕਿਆ ਸੀ ਪਰ ਸੱਜਣਾ ਦੀਆਂ ਅਜੇ ਵੀ ਉਡੀਕਾਂ ਸਨ, ਸੱਜਣ ਵੇਹੜੇ ਵਿੱਚ ਨਹੀਂ ਆਏ ਸਨ, ਮੜ੍ਹੀ ਨਾਲ ਢਾਸਣਾ ਲਾ ਕੇ, ਅੱਖਾਂ ਸੱਜਣਾ ਦੇ ਰਾਹ ਵਿੱਚ ਵਿਛਾਈ, ਸੱਜਣਾ ਨੂੰ ਉਡੀਕ ਰਿਹਾ ਸੀ ਓਹ, ਬਿਰਹੋਂ ਜਿੰਦ ਪਿੰਜਣ ਲੱਗੀ ਸੀ, ਫਿਰ ਅਚਾਨਕ ਸੁੱਕੇ ਪੱਤਿਆਂ ਦਾ ਖੜਾਕ, ਕਿਸੇ ਦੇ ਆਉਣ ਦਾ ਸੰਕੇਤ ਲੱਗਦਾ ਸੀ, ਆਣ ਵਾਲਾ ਤਾਂ ਆ ਗਿਆ ਸੀ, ਪਰੰਤੂ, ਆਣ ਵਾਲੇ ਤੋਂ ਪਹਿਲਾਂ ਹੀ ਵੈਰਨ ਹਵਾ ਦਾ ਝੌਂਕਾ ਸ਼ਮਾ ਬੁਝਾ ਕੇ ਹਨੇਰਾ ਕਰ ਗਿਆ ਸੀ ਮਸਾਣਾ ਵਿੱਚ।

"ਆ ਗਈ ਤੂੰ?"

ਹਨੇਰੇ ਵਿੱਚ ਚਮਕਦੀ ਚਿੱਟੀ ਮੜ੍ਹੀ ਦੇ ਕਰੀਬ ਤੋਂ ਮਨਪ੍ਰੀਤ ਦੀ ਬੁਝੀ ਬੁਝੀ ਅਵਾਜ਼ ਉਭਰੀ ਸੀ, ਪਿਆਸੀ ਪਿਆਸੀ ਜਹੀ ਅਵਾਜ਼, ਫਿਰ ਸੁੱਕੇ ਪੱਤੇ ਇਕ ਦਮ ਖੜ੍ਹਕੇ ਸਨ, ਜਿਵੇਂ ਕੋਈ ਦੌੜਿਆ ਹੋਵੇ ਹਨੇਰੇ ਵਿੱਚ ਚਾਰ ਕਦਮ, ਤੇ ਫਿਰ ਪੱਤੇ ਲਗਾ ਤਾਰ ਖੜ੍ਹਕਣੇ ਸ਼ੁਰੂ ਹੋ ਗਏ ਸਨ ਜਿਵੇਂ ਪੱਤਿਆਂ ਦਾ ਮੀਂਹ ਹੀ ਪੈਣ ਲੱਗ ਪਿਆ ਹੋਵੇ, ਬਹੁਤ ਵਕਤ ਇੰਝ ਹੀ ਬਤੀਤ ਹੋ ਗਿਆ ਸੀ ਸਨਾਟੇ ਵਿੱਚ ਖੜ੍ਹਾਕ ਹੁੰਦਿਆਂ।

"ਨਾ ਹੰਝੂ ਸੁੱਕਦੇ ਨੇ,

ਨਾ ਹਾਉਕੇ ਮੁੱਕਦੇ ਨੇ,

ਮੇਰੇ ਮਾਲਿਕਾ ਕੀ ਏਹੋ ਹੈ ਤੇਰੀ ਦੁਨੀਆਂ? ਜੇ ਏਹੋ ਹੀ ਹੈ ਤੇਰੀ ਦੁਨੀਆਂ ਤਾਂ ਅਸੀਂ ਹੋਰ ਨਹੀਂ ਹੰਢਾ ਸਕਦੇ, ਸਾਨੂੰ ਨਹੀਂ ਚਾਹੀਦੀ ਤੇਰੀ ਕਾਫ਼ਰਾਂ ਦੀ ਦੁਨੀਆਂ, ਸਾਨੂੰ ਤਾਂ ਤੂੰ ਚਾਹੀਦਾ ਏਂ।"

ਨੂਰਾਂ ਦਾ ਹਿਰਖ਼ ਹਨੇਰੇ ਵਿੱਚੋਂ ਉਭਰ ਰਿਹਾ ਸੀ।

"ਝੱਲੀਏ, ਮਾਨਿਸ ਦੇਹਿ ਫਿਰੁ ਪਤਾ ਹੈ ਕਦੋਂ ਮਿਲੇਗੀ?"

ਮਨਪ੍ਰੀਤ ਨੇ ਕਿਹਾ ਸੀ।

"ਮੈਨੂੰ, ਮਾਨਿਸ ਦੇਹਿ ਵੀ ਦੋਜ਼ਿਖ਼ ਦੀ ਅੱਗ ਲੱਗਦੀ ਹੈ।"

ਨੂਰਾਂ ਨੇ ਕਿਹਾ ਸੀ।

"ਐਨੀ ਬੇਤਾਬੀ ਵੀ ਕਾਹਦੀ ਸੱਜਣਾ, ਅਜੇ ਤਾਂ ਬਹੁਤ ਕੁਝ ਹੋਣਾ ਬਾਕੀ ਹੈ।"

ਮਨਪ੍ਰੀਤ ਨੇ ਜ਼ਵਾਬ ਦਿੱਤਾ ਸੀ।

"ਨਹੀਂ, ਹੁਣ ਕੁਝ ਵੀ ਨਹੀਂ ਹੋਣਾ ਚਾਹੀਦਾ।"

ਨੂਰਾਂ ਨੇ ਕਿਹਾ ਸੀ।

"ਫਿਰ ਕੀ ਹੋਣਾ ਚਾਹੀਦਾ?"

ਮਨਪ੍ਰੀਤ ਨੇ ਪੁੱਛਿਆ ਸੀ ਨੂਰਾਂ ਤੋਂ।

"ਮੁਕਤੀ, ਨਹੀਂ ਤੇ ਲੋਕੀ ਗਿਰਝਾਂ ਵਾਂਗੂ ਹੱਡਾਂ ਨਾਲੋਂ ਮਾਸ ਵੀ ਤੋੜ ਕੇ ਲੈ ਜਾਣਗੇ, ਕਦੋਂ ਤੱਕ ਰੂਹ, ਲਾਸ਼ ਦਾ ਪਹਿਰਾ ਦੇ ਸਕੇਗੀ?"

ਨੂਰਾਂ ਨੂੰ ਹਨੇਰੇ ਵਿੱਚ ਵੀ ਸਿਕੰਦਰ ਦਾ ਅਕਸ ਭੁੱਚਕਾ ਜਿਹਾ ਪਾ ਰਿਹਾ ਸੀ।

"ਸੂਲ਼ ਸੁਰਾਹੀ ਖੰਜ਼ਰ ਪਿਆਲਾ,
ਵਿੰਗ ਕਸਾਈਆਂ ਦਾ ਸਹਿਣਾ,
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਤੇ ਭੱਠ ਖੇੜ੍ਹਿਆਂ ਦੇ ਰਹਿਣਾ"

ਮਨਪ੍ਰੀਤ ਨੇ ਇਹ ਚਾਰ ਸਤਰਾਂ ਕਹਿਣ ਉਪਰੰਤ ਚੁੱਪ ਧਾਰ ਲਈ ਸੀ, ਇੰਝ ਲੱਗ ਰਿਹਾ ਸੀ ਜਿਵੇਂ ਓਹ ਦੋਵੇਂ ਮੜ੍ਹੀਆਂ ਵਿੱਚ ਮਜ਼ੂਦ ਹੀ ਨਾ ਹੋਣ, ਅਚਾਨਕ ਇਸ ਸੁੰਨ ਵਿੱਚ ਨਾ.ਗ ਦਾ ਫ਼ਰਾਟਾ ਗੂੰਜਿਆ, ਤੇ ਪੱਤੇ ਇੰਝ ਖੜਕਣ ਲੱਗੇ ਸਨ ਜਿਵੇਂ ਪੱਤਿਆਂ ਉਪਰ ਕੋਈ ਜੀਵ ਰੇਂਗਦਾ ਹੋਇਆ ਮੜ੍ਹੀ ਵੱਲ ਹੀ ਆ ਰਿਹਾ ਹੋਵੇ।

"ਸੱਜਣਾ, ਮੈਨੂੰ ਸਮ੍ਹਾ ਲੈ ਆਪਣੇ ਸਾਹਾਂ ਵਿੱਚ ਸਾਹ ਬਣਾ ਕੇ, ਮੇਰਾ ਘੁੱਟ ਭਰ ਲੈ, ਹੁਣ ਮੇਰਾ ਜੀਅ ਨਹੀਂ ਮੰਨਦਾ ਤੇਰੀ ਜੁਦਾਈ ਵਿੱਚ ਜਿਊਂਣ ਲਈ, ਕਦੋਂ ਤੱਕ ਇੰਝ ਰਹਾਂਗੀ ਬਾਂਵਰੀ ਹੋਈ?"

ਨੂਰਾਂ ਨੇ ਪੁੱਛਿਆ ਸੀ।

"ਜਦੋਂ ਤੱਕ ਜ਼ਮੀਨ ਅਸਮਾਨ ਰਹੇਗਾ।"

ਮਨਪ੍ਰੀਤ ਨੇ ਕਿਹਾ ਸੀ।

"ਨਹੀਂ,......"

ਮੜ੍ਹੀਆਂ ਵਿੱਚੋਂ ਨੂਰਾਂ ਦੀ ਚੀਖ਼ ਉੱਠੀ ਸੀ, ਸੁੱਤੇ ਪੰਛੀ ਅੱਬੜ ਬਾਹੇ ਜਾੱਗੇ ਸਨ ਜਿਵੇਂ ਤ੍ਰਬੱਕ ਕੇ, ਤੇ ਫਿਰ ਪੰਛੀ ਘਰੋਂ ਬੇ ਘਰ ਹੋਏ ਉੱਡਣ ਲੱਗੇ ਸਨ ਆਕਾਸ਼ ਵਿੱਚ, ਸ਼ਾਇਦ ਬਿਰਹੋਂ ਦਾ ਘਰ ਓਹਨਾ ਨੂੰ ਰਾਸ ਨਹੀਂ ਸੀ ਆਇਆ।

"ਤਾਂ ਫਿਰ ਮੇਰੇ ਮਗਰ ਮਗਰ ਆ ਜਾਵੀਂ, ਸੱਚ ਖੰਡ ਨੂੰ, ਮੱਕੇ ਮਦੀਨੇ ਨੂੰ, ਮਾਲਿਕ ਦੇ ਘਰ ਨੂੰ।"

ਮਨਪ੍ਰੀਤ ਦੀ ਅਵਾਜ਼ ਸੁਣ ਰਹੀ ਸੀ ਹਨੇਰੇ ਵਿੱਚੋਂ, ਜਿਵੇਂ ਉਹ ਸੁੱਤਾ ਪਿਆ ਸੁਪਨੇ ਵਿੱਚ ਹੀ ਬੁੜ੍ਹ ਬੁੜ੍ਹਾ ਰਿਹਾ ਹੋਵੇ।

"ਕਾਸ਼ ਮਜ਼ਹਬ ਨਾ ਹੁੰਦਾ।"

ਨੂਰਾਂ ਨੇ ਹਾਉਕਾ ਜਿਹਾ ਲੈ ਕੇ ਕਿਹਾ ਸੀ।

"ਮਜ਼ਹਬ, ਤਾਂ ਹੈ ਵੀ ਨਹੀਂ, ਮਨੁੱਖ ਦਾ ਮਜ਼ਹਬ ਤਾਂ ਮਨੁੱਖਤਾ ਹੈ, ਮਨੁੱਖ ਤਾਂ ਸਤਿਯੁੱਗ ਤੋਂ ਕਲਯੁੱਗ ਤੱਕ ਪਹੁੰਚਦੇ ਪਹੁੰਚਦੇ ਹੀ ਮੁੱਕ ਗਏ ਨੇ, ਝੱਲੀਏ ਜਦੋਂ ਮਨੁੱਖ ਹੀ ਨਹੀਂ ਰਹੇ ਤਾਂ ਮਜ਼ਹਬ ਕਿੱਥੋਂ ਰਹਿਣਾ ਸੀ?"

ਮਨਪ੍ਰੀਤ ਨੇ ਜ਼ਵਾਬ ਦਿੱਤਾ ਸੀ।

"ਤਾਂ ਕੀ ਇਹ ਜੱਗ ਜਹਾਨ................., ਮਨੁੱਖ ਨਹੀਂ ਤਾਂ ਫਿਰ ਇਹ ਕੌਣ ਹਨ?"

ਨੂਰਾਂ ਨੇ ਪੁੱਛਿਆ ਸੀ ।

"ਗੈਰ ਮਨੁੱਖ, ਮਾਲਿਕ ਦੇ ਸ਼ਰੀਕ ਬਣ ਬੈਠੇ ਹਨ, ਮਨੁੱਖ ਨੇ ਵੇਦ, ਗ੍ਰੰਥ ਲਿਖੇ ਸਨ ਮਾਲਿਕ ਦੀ ਉਸਤਤ ਵਿੱਚ ਗੁਣ ਗਾਣ ਵਜੋਂ, ਮਾਲਿਕ ਦੇ ਮਿਲਾਪ ਮੰਤਰ ਤੇ ਮਾਰਗ ਲਿਖਿਆ ਸੀ, ਪਰੰਤੂ, ਗ਼ੈਰ ਮਨੁੱਖਾਂ ਦੇ ਸੁਆਰਥ ਤੇ ਕੋਝੀਆਂ ਸੋਚਾਂ ਸਦਕਾ, ਵੇਦਾਂ ਗ੍ਰੰਥਾਂ ਨੂੰ ਮਜ਼ਹਬਾਂ ਦਾ ਮੁੱਢ ਮੁਕਰਰ ਕਰ ਦਿੱਤਾ ਗਿਆ, ਤੇ ਅੱਜ, ਮਜ਼ਹਬ ਦਾ ਹੀ ਮਜ਼ਾਕ ਉਡਾਇਆ ਜਾ ਰਿਹਾ ਹੈ, ਇਨਸਾਨ ਗ਼ਰਕ ਰਿਹਾ ਹੈ ਤੇ ਗ਼ਰਕ ਕੇ ਹੀ ਰਹੇਗਾ, ਫਿਰ ਕੋਈ ਮਜ਼ਹਬ ਨਹੀਂ ਹੋਵੇਗਾ, ਜਦੋਂ ਧਰਤੀ ਪਹਿਲਾਂ ਵਾਂਗੂ ਹੀ ਮਾਂ ਦੀ ਸੁੰਨੀ ਗੋਦ ਹੋਵੇਗੀ, ਕੇਵਲ ਮਾਲਿਕ ਹੀ ਹੋਵੇਗਾ।"

ਮਨਪ੍ਰੀਤ ਜਿਵੇਂ ਕਿਸੇ ਧੁਰ ਦੇ ਭੇਤੀ ਸੰਤ ਮਹਾਤਮਾਂ ਵਾਂਗੂ ਗੱਲਾਂ ਕਰ ਰਿਹਾ ਸੀ।

"ਤਾਂ ਕੀ ਸਾਰੀ ਦੁਨੀਆਂ..............,?"

ਨੂਰਾਂ ਕੁਝ ਕਹਿੰਦੀ ਹੋਈ ਰੁਕ ਗਈ ਸੀ।

"ਹਾਂ, ਮੁੱਕ ਜਾਵੇਗੀ ਅਚਾਨਕ, ਚੰਦ ਪਲਾਂ ਵਿੱਚ ਹੀ, ਕਿਸੇ ਵਕਤ ਵੀ, ਵਕਤ ਹੁੰਦਾ ਜਾ ਰਿਹਾ ਹੈ"।

ਮਨਪ੍ਰੀਤ ਕਿਹ ਰਿਹਾ ਸੀ।

"ਦੁਨੀਆਂ ਨੂੰ ਦੁਨੀਆਂ ਦਾ ਮਜ਼ਹਬ ਹੀ ਲੈ ਡੁੱਬੇਗਾ, ਗ਼ੈਰ ਮਨੁੱਖ ਪਹਿਲਾਂ ਵਾਂਗੂ ਹੀ ਮੰਦਰਾਂ, ਮਸਜਿਦਾਂ, ਚਰਚਾਂ ਤੇ ਗੁਰਦੁਆਰਿਆਂ ਖ਼ਾਤਿਰ ਮਜ਼ਹਬ ਦੀ ਓਟ ਵਿੱਚ ਲੜਨਗੇ ਬੇ ਮਜ਼ਹਬੇ ਹੋਏ, ਗ਼ੈਰ ਮਨੁੱਖ ਮਾਲਿਕ ਦੇ ਸ਼ਰੀਕ ਬਣ ਬੈਠੇ ਹਨ, ਮਾਲਿਕ ਨੂੰ ਮੁੱਠੀ ਵਿੱਚ ਕੈਦ ਕਰਨ ਦੀ ਸੋਚਦੇ ਹਨ, ਇਹ ਜੋ ਮੰਦਰ, ਮਸਜਿਦ, ਚਰਚ ਅਤੇ ਗੁਰਦੁਆਰੇ, ਮਨੁੱਖਾ ਨੇ ਗ਼ੈਰ ਮਨੁੱਖਾਂ ਦੇ ਦੇਖਣ ਲਈ ਖੜ੍ਹੇ ਕੀਤੇ ਸਨ, ਫਿਰ ਇਹ ਕੇਵਲ ਮਾਲਿਕ ਦੀ ਮੌਜ਼ੂਦਗੀ ਦਾ ਇਕ ਚਿੰਨ ਬਣ ਗਏ, ਤੇ ਅੱਜ, ਇਹ ਸੁਆਰਥ ਦੀਆਂ ਜ਼ਗੀਰਾਂ ਹੋ ਗਏ ਨੇ, ਮਾਲਿਕ ਜ਼ਗੀਰਾਂ ਵਿੱਚ ਨਹੀਂ, ਓਹ ਤੇ ਸੰਸਾਰ ਦੇ ਕਣ ਕਣ ਵਿੱਚ ਮੌਜ਼ੂਦ ਹੈ, ਅੱਖਾਂ ਹੀ ਉਸ ਨੂੰ ਦੇਖਣ ਵਾਲੀਆਂ ਨਹੀਂ ਰਹੀਆਂ, ਮਨ ਹੀ ਉਸ ਦੇ ਮੋਹ ਵਿੱਚ ਮਚਲਣ ਵਾਲੇ ਨਹੀਂ ਰਹੇ, ਸੱਜਣਾ,

ਸਾਨੂੰ ਤਾਂ ਮਾਲਿਕ ਨੇ...........।"

ਇਸ ਤੋਂ ਪਹਿਲੋਂ ਮਨਪ੍ਰੀਤ ਕੁਝ ਅਗਾਂਹ ਕਹਿੰਦਾ, ਉਸ ਨੂੰ ਆਪਣੇ ਪੈਰ ਦੇ ਅੰਗੂਠੇ ਤੇ ਸੂਲ੍ਹਾਂ ਦੀ ਚੁਭਨ ਮਹਿਸੂਸ ਹੋਈ ਸੀ, ਪਰ ਓਹ ਅਹਿਲ ਹੀ ਰਿਹਾ ਸੀ, ਨੂਰਾਂ ਉਸ ਦੇ ਸੀਨੇ ਨਾਲ ਇੰਝ ਚਿੰਬੜੀ ਹੋਈ ਸੀ ਜਿਵੇਂ ਬੱਚਾ ਮਾਂ ਦੇ ਸੀਨੇ ਚਿਪਕ ਜਾਂਦਾ ਹੈ।

*

ਜੱਗੀ, ਸ਼ਰਾਬੀ ਹੋਇਆ ਨਹਿਰ ਦੀ ਪਟੜੀ ਪਟੜੀ ਖ਼ਾਨ ਦੇ ਡੇਰੇ ਵੱਲ ਤੁਰ ਪਿਆ ਸੀ ਮੰਡੀ ਚੋਂ ਆ ਕੇ, ਉਸ ਨੂੰ ਗੁਜ਼ਰੀ ਦਾ ਵਿਛੋੜਾ ਅੰਦਰੋ ਅੰਦਰੀ ਸਾੜ੍ਹ ਕੇ ਸੁਆਹ ਕਰੀ ਜਾਂਦਾ ਸੀ, ਉਸ ਦੀਆਂ ਅੱਖਾਂ ਅੱਗੇ ਗੁਜ਼ਰੀ ਨੂੰ ਪਾਣ ਦੇ ਸੁਪਨੇ ਆ ਕੇ ਜਲਦੀ ਹੀ ਮਨਪ੍ਰੀਤ ਤੇ ਗੁੱਜ਼ਰ ਦੇ ਬੁੱਤਾਂ ਵਿੱਚ ਬਦਲ ਜਾਂਦੇ ਸਨ, ਉਸ ਨੂੰ ਆਪਣੇ ਸੰਸਾਰ ਵਿੱਚ ਅਕਾਸ਼ ਨੂੰ ਛੂੰਹਦੇ ਬਿਰਹੋਂ ਦੀ ਅੱਗ ਦੇ ਭਾਂਬੜ੍ਹ ਮਚਦੇ ਲੱਗ ਰਹੇ ਸਨ, ਜਿਹਨਾ ਵਿੱਚ ਖੜ੍ਹਾ ਓਹ ਤਿਲ ਤਿਲ ਸੜ੍ਹ ਭੁੱਜ ਰਿਹਾ ਸੀ, ਮਚਣ ਲੱਗਿਆ ਸੀ, ਮਾਸ਼ੂਕ ਨੂੰ ਹੱਥ ਲਾਣ ਤੱਕ ਦਾ ਹੱਕ ਵੀ ਨਹੀਂ ਦਿੱਤਾ ਸੀ ਰੱਬ ਨੇ, ਅਸਫ਼ਲ ਸੁਪਨਿਆਂ ਅਤੇ ਸੋਚਾਂ ਦੀ ਵਜ੍ਹਾ ਨਾਲ ਮਾਨਸਿਕ ਸਥਿਤੀ ਡਾਵਾਂ ਡੋਲ ਹੋ ਗਈ ਸੀ, ਓਹ ਤੁਰਿਆ ਜਾ ਰਿਹਾ ਸੀ ਪੱਥਰ ਦੇ ਬੁੱਤ ਸਮਾਨ ਨੀਮ ਪਾਗ਼ਲ ਹੋਇਆ, ਹੁਣ ਉਸ ਦੇ ਦਿਮਾਗ਼ ਵਿੱਚ ਸਿਕੰਦਰ ਦਾ ਅਕਸ ਉੱਭਰ ਆਇਆ ਸੀ, ਵੈਲੀ ਚਾਚੇ ਦਾ ਤੁਰਲਾ ਤੇ ਗੜ੍ਹਵਾ ਵੀ ਜੱਗੀ ਨੂੰ ਆਪਣੇ ਦੁਸ਼ਮਣ ਲੱਗਣ ਲੱਗੇ ਸਨ, ਓਹ ਦੰਦ ਪੀਂਹਦਾ ਹੋਇਆ ਆਪਣਾ ਗੁੱਸਾ ਘਮਿਆਰ ਤੇ ਕੱਢਣ ਤੁਰ ਪਿਆ ਸੀ।

ਖ਼ਾਨ ਦੀ ਲਾਸ਼ ਤੇ ਮਿੱਟੀ ਪਾ ਕੇ ਸਿਕੰਦਰ ਨੇ ਕਹੀ ਇਕ ਪਾਸੇ ਸੁੱਟ ਦਿੱਤੀ ਸੀ, ਤੇ ਨੂਰਾਂ ਦੀ ਤਸਵੀਰ ਖਿਆਲਾਂ ਵਿੱਚ ਸਮਾਈ ਓਹ ਉਸ ਨੂੰ ਤਲਾਸ਼ ਰਿਹਾ ਸੀ, ਵੈਲੀ ਚਾਚਾ ਵੀ ਨਹੀਂ ਸੀ ਨਜ਼ਰ ਆਉਂਦਾ ਕਿਤੇ।

"ਚਾਚਾ, ਤੂੰ ਏਥੇ ਸੁੱਤਾ ਪਿਆਂ ਏਂ, ਮੇਰੀ ਜ਼ੋਰੂ ਕਿੱਥੇ ਹੈ?"

ਸਿਕੰਦਰ ਨੇ ਜ਼ਮੀਨ ਉਤੇ ਗੁੱਛ ਮੁੱਛ ਹੋਏ ਸੁੱਤੇ ਪਏ ਵੈਲੀ ਚਾਚੇ ਦਾ ਮੋਢਾ ਹਲੂਣਦੇ ਹੋਏ ਬੜੀ ਬੇ ਤਾਬੀ ਨਾਲ ਪੁੱਛਿਆ ਸੀ।

"ਪਤਾ ਨਹੀਂ ਕਿੱਥੇ ਚਲੀ ਗਈ ਓਦਣ ਵਾਂਗੂ, ਕਿਤੇ ਨਹੀਂ ਲੱਭੀ, ਮੈਂ ਤਾਂ ਖੂੰਜਾ ਖੂੰਜਾ ਛਾਣ ਮਾਰਿਆ।"

ਵੈਲੀ ਚਾਚਾ ਊਂਘਦੀ ਅਵਾਜ਼ ਵਿੱਚ ਦੱਸ ਰਿਹਾ ਸੀ, ਨੀਂਦ ਜ਼ੋਰ ਪਾ ਰਹੀ ਸੀ।

"ਤੂੰ ਉੱਠ ਤਾਂ ਸਹੀ"

ਸਿਕੰਦਰ ਕੋਸ਼ਿਸ਼ ਕਰ ਰਿਹਾ ਸੀ ਵੈਲੀ ਨੂੰ ਜਗਾਉਣ ਦੀ।

"ਮੇਰੇ ਕੋਲੋਂ ਕਤਾਉਣਾ ਤੂੰ?"

ਚਾਚਾ ਵੈਲੀ ਖ਼ਿਝ ਕੇ ਕਹਿ ਰਿਹਾ ਸੀ।

"ਹੱਦ ਕਰੀ ਜਾਨੈ ਚਾਚਾ ਤੂੰ ਵੀ।"

ਸਿਕੰਦਰ ਵੀ ਖਿਝ ਗਿਆ ਸੀ।

"ਨਾਲੇ ਬਿਸਤਰੇ ਤੇ ਸੌਂ, ਭੁੰਜੇ ਪਿਆਂ ਕੋਈ ਮੱਝ ਉਤੇ ਆ ਚੜੂ, ਮਰੇਂਗਾ ਨਿਆਈਂ ਮੌਤੇ।"

ਸਿਕੰਦਰ ਨੇ ਬਾਂਹੋਂ ਫੜ੍ਹ ਕੇ ਬਿਠਾ ਦਿੱਤਾ ਸੀ ਵੈਲੀ ਨੂੰ।

ਜਿਵੇਂ ਸਿਆਣੇ ਕਹਿੰਦੇ ਨੇ

"ਨੀਂਦ ਨਾ ਵੇਖੇ ਬਿਸਤਰਾ,

ਭੁੱਖ ਨਾ ਵੇਖੇ ਪਾਤ।

ਮੌਤ ਨਾ ਵੇਖੇ ਵਕਤ ਨੂੰ,

ਤੇ ਇਸ਼ਕ ਨਾ ਵੇਖੇ ਜ਼ਾਤ।"

ਚਾਚੇ ਵੈਲੀ ਨੇ ਸਿਕੰਦਰ ਨੂੰ ਇਕ ਮੁਹਾਬਰਾ ਸਣਾਉਦੇ ਹੋਏ ਕਿਹਾ ਸੀ।

"ਚੱਕਿਆ ਇਸ਼ਕ ਦਿਆ ਉੱਠ, ਟੋਲ ਰਕਾਨ ਨੂੰ।"

ਸਿਕੰਦਰ ਨੇ ਕਾਫ਼ੀ ਗੁੱਸੇ ਵਿੱਚ ਕਿਹਾ ਸੀ।

"ਆਜੂਗੀ ਰਕਾਨ ਵੀ ਆਪੇ, ਤੂੰ ਯਾਰ ਮੈਨੂੰ ਸੌਣ ਦੇ।"

ਚਾਚੇ ਵੈਲੀ ਨੂੰ ਨੀਂਦ ਨੇ ਆਪਣੇ ਕੁਲ੍ਹਾਵੇ ਵਿੱਚ ਜਕੜ ਲਿਆ ਸੀ।

"ਏਥੇ ਮੇਰੀ ਨੀਂਦ ਹਰਾਮ ਹੋ ਗਈ ਏ ਰੱਾਤਾਂ ਦੀ, ਤੇ ਤੂੰ ਕਹਿਨਾ ਏਂ ਆਪੇ ਆਜੂਗੀ, ਮੈਨੂੰ ਸੌਣ ਦੇ, ਪਰ ਓਹ ਗਈ ਕਿੱਥੇ?"

ਸਿਕੰਦਰ ਪੁੱਛ ਰਿਹਾ ਸੀ ਚਾਚੇ ਵੈਲੀ ਤੋਂ।

"ਜਿੱਥੇ ਓਦਣ ਗਈ ਸੀ।"

ਚਾਚੇ ਵੈਲੀ ਨੇ ਕਿਹਾ ਸੀ।

"ਓਦਣ ਕਿੱਥੇ ਗਈ ਸੀ?"

ਸਿਕੰਦਰ ਨੇ ਫਿਰ ਪੁੱਛਿਆ ਸੀ ਚਾਚੇ ਵੈਲੀ ਤੋਂ।

"ਆਪਣੇ ਯਾਰ ਨੂੰ ਮਿਲਣ, ਹੋਰ ਕਿੱਥੇ?"

ਵੈਲੀ ਚਾਚੇ ਨੇ ਜ਼ਮੀਨ ਉੱਤੇ ਬੈਠੇ ਨੇ ਆਪਣਾ ਸਿਰ ਖ਼ੁਰਕਦੇ ਹੋਏ ਕਿਹਾ ਸੀ ਖਿਝ ਕੇ।

"ਯਾਰ ਨੂੰ ਮਿਲਣ ਚਲੀ ਗਈ, ਫਿਰ ਤੂੰ ਹਰਾਮ ਜ਼ਾਦਿਆ ਏਥੇ ਕੀ ਕਰਦਾ ਸੀ,

ਮੁਫ਼ਤ ਦਾ ਮਾਲ ਖਾਈ ਜਾਨੈ, ਇਕ ਕੁੜੀ ਦੀ ਨਿਗਰਾਨੀ ਨਹੀਂ ਕਰ ਸਕਿਆ, ਤਾਂ ਤੂੰ ਪਿਓ ਕਿੱਥੋਂ ਬਣ ਲੈਣਾ ਕੁੱਤਿਆ?"

ਸਿਕੰਦਰ ਨੇ ਪਾਗਲਾਂ ਵਾਂਗੂ ਜੁੱਤੇ ਤੇ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ ਸਨ ਵੈਲੀ ਚਾਚੇ ਨੂੰ, ਫੁੱਟਬਾਲ ਦੀ ਤਰਾਂ ਪੈਰਾਂ ਵਿੱਚ ਰੋੜਨ ਲੱਗਿਆ ਸੀ, ਵੈਲੀ ਚਾਚਾ ਖਿੱਲਰ ਗਿਆ ਸੀ ਗੁੱਜ਼ਰ ਦੀਆਂ ਕਿੱਕਾਂ ਮੂਹਰੇ, ਪੱਗ ਕਿਤੇ ਤੇ ਧੋਤੀ ਕਿਤੇ, ਹੱਥ ਜੋੜਨ ਸੰਭਲਣ ਦਾ ਮੋਕਾ ਹੀ ਨਹੀਂ ਸੀ ਮਿਲਿਆ, ਵੱਸ, ਬਚਾਓ-ਬਚਾਓ ਦੀਆਂ ਚੀਖ਼ਾਂ ਦਾ ਸ਼ੋਰ ਸੀ ਜਾਂ ਸਿਕੰਦਰ ਦੇ ਮੂੰਹੋਂ ਨਿਕਲਦੀਆਂ ਅਸ਼ਲੀਲ ਗਾਲ੍ਹਾਂ ਦਾ।

"ਬੇਇਮਾਨਾ, ਤੂੰ ਖ਼ਾਨ ਨੂੰ ਮਾਰ ਕੇ ਮੇਰੇ ਸਿਰ ਭਾਰ ਚਾੜ ਦਿੱਤਾ, ਹੁਣ ਕਹੀ ਜਾ ਰਿਹਾ ਏਂ ਕਿ ਕੁੜੀ ਯਾਰ ਕੋਲ ਹੋਊ, ਫਿਰ ਤੂੰ ਏਥੇ ਕੀ ਕਰਦਾ ਸੀ ਮੇਰੇ ਪਿਓ ਦਿਆ ਸਾਲ੍ਹਿਆ?"

ਸਿਕੰਦਰ, ਸ਼ਾਤ ਨਹੀਂ ਸੀ ਹੋ ਰਿਹਾ, ਮਨ, ਤਨ, ਵਿੱਚ ਧੁਖਦੀ ਜਵਾਲਾ ਕਰੋਧ ਦਾ ਜ਼ਵਾਲਾ ਮੁਖੀ ਬਣ ਫ਼ਟ ਰਹੀ ਸੀ, ਵੈਲੀ ਚਾਚਾ ਲਾਵੇ ਦੀ ਲਪੇਟ ਵਿੱਚ ਸੀ, ਠੀਕ ਉਸੇ ਤਰਾਂ ਜਿਵੇਂ ਸਿਕੰਦਰ, ਕਰੋਧ ਅਤੇ ਕਾਮ ਦੀ ਲਪੇਟ ਵਿੱਚ ਸੀ, ਮੁਹੰਮਦ ਖ਼ਾਨ ਸ਼ਰਾਬ ਦੀ ਲਪੇਟ ਵਿੱਚ ਸੀ, ਸੁੰਦਰ, ਦੋਸਤੀ ਦੀ ਲਪੇਟ ਵਿੱਚ ਸੀ, ਜ਼ੈਲਦਾਰ, ਸ਼ਾਨ-ਓ-ਸ਼ੌਕਤ ਦੀ ਲਪੇਟ ਵਿੱਚ ਰਹਿਣਾ ਚਾਹੁੰਦਾ ਸੀ, ਤੇ ਮਾਂ, ਮਾਇਆ ਦੇ ਲਪੇਟ ਵਿੱਚ ਹੀ ਸਮਾ ਚੁੱਕੀ ਸੀ, ਨੂਰਾਂ ਤੇ ਮਨਪ੍ਰੀਤ ਇਸ਼ਕ ਨਾਗ਼ ਦੀ ਲਪੇਟ ਵਿੱਚ ਸਨ, ਫ਼ੱਕਰ-ਮਾਲਿਕ ਦੀ ਲਪੇਟ ਵਿੱਚ ਸੀ, ਕੁਲਦੀਪ ਲੋਭ ਤੇ ਹੰਕਾਰ ਦੀ ਲਪੇਟ ਵਿੱਚ ਸੀ, ਅਤੇ ਜੱਗੀ ਦਾ ਪਾਤਰ, ਕਾਮ ਅਤੇ ਲੋਭ ਦੀ ਲਪੇਟ ਦੇ ਨਾਲ ਨਾਲ ਹੁਣ ਕਰੋਧ ਵਿੱਚ ਵੀ ਹੋ ਚੁੱਕਿਆ ਸੀ ਸਿਕੰਦਰ ਵਾਂਗੂ ਹੀ, ਓਹ ਪਾਗ਼ਲ ਕੁੱਤੇ ਵਾਂਗੂ ਦੌੜ ਰਿਹਾ ਸੀ ਖ਼ਾਨ ਦੀ ਧਰਤੀ ਵੱਲ, ਧਰਤੀ ਓਥੇ ਦੀ ਓਥੇ ਹੀ ਸੀ, ਪ੍ਰੰਤੂ ਧਰਤੀ ਦਾ ਮਾਲਿਕ ਅਖਵਾਣ ਵਾਲਾ ਧਰਤੀ ਤੇ ਨਹੀਂ ਰਿਹਾ ਸੀ, ਜਿਵੇਂ ਇਕ ਦਿਨ ਅਸੀਂ ਨਹੀਂ ਰਹਿਣਾ ਇਸ ਧਰਤੀ ਤੇ।

"ਓਏ ਨਹੀਂ ਓਏ, ਓਏ ਕਾਫ਼ਰੋ, ਮੈਂ ਜਿਊਂਦਾ ਨਹੀਂ ਮਰ ਸਕਦਾ, ਕਿੱਥੇ ਚਲੇ ਗਏ ਓਏ ਤੁਸੀਂ ਦੁਨੀਆਂ ਵਾਲਿਓ, ਮੇਰੀ ਦੁਨੀਆਂ ਤੁਸੀਂ ਮੇਰੇ ਕੋਲੋਂ ਨਹੀਂ ਲੁੱਟ ਸਕਦੇ, ਗੁਜ਼ਰੀ ਮੇਰੀ ਹੈ ਤੇ ਮੇਰੀ ਹੀ ਰਹੇਗੀ, ਕੌਣ ਹੈ ਜੋ ਮੇਰੇ ਕੋਲੋਂ ਉਸ ਨੂੰ ਜੁਦ੍ਹਾ ਕਰ ਸਕਦਾ, ਓਏ ਸਾਲ੍ਹਿਆ ਗੁੱਜ਼ਰਾ ਸਿਕੰਦਰਾ, ਤੂੰ ਨਾ ਆਉਂਦਾ ਤੇ ਇੰਨੇ ਪੁਆੜੇ ਨਾ ਪੈਂਦੇ, ਵੈਲੀਆ ਤੂੰ ਨਾ ਜੰਮਦਾ ਤਾਂ ਵਸਣ ਤੋਂ ਪਹਿਲਾਂ ਹੀ ਮੇਰਾ ਘਰ ਨਾ ਉਜੜ੍ਹਦਾ,, ਮੈਨੂੰ ਸਾੜ੍ਹ ਕੇ ਰਾਖ਼ ਕਰਨ ਵਾਲਿਓ ਮੈਂ ਅੱਗ ਲਗਾ ਦਊਂਗਾ ਤੁਹਾਨੂੰ ਜਿਉਂਦਿਆਂ ਨੂੰ, ਜੇ ਮੇਰਾ ਘਰ ਨਹੀਂ ਵਸ ਸਕਦਾ ਤਾਂ ਮੈਂ ਵਸਦੇ ਘਰ ਉਜਾੜ ਦਊਂਗਾ, ਮੈਂ ਸਾਰਾ ਸੰਸਾਰ ਜਲ੍ਹਾ ਦਿਆਂਗਾ, ਰੱਬ ਨੂੰ ਲਾਂਬੂ ਲਾ ਦਿਆਂਗਾ, ਧਰਤੀ ਨੂੰ ਸੁਆਹ ਕਰ ਦਿਆਂਗਾ, ਜਿੱਦਾਂ ਮੈਂ ਬਿਰਹੋਂ ਦੀ ਅੱਗ ਵਿੱਚ ਜਲ੍ਹਦਾਂ ਹਾਂ,

ਸਾਰਿਆਂ ਨੂੰ ਜਲ੍ਹਾ ਦਿਆਂਗਾ।"

ਜੱਗੀ, ਅੱਤ ਕਰਨ ਲੱਗਿਆ ਸੀ, ਪਰ ਸਿਆਣੇ ਕਹਿੰਦੇ ਨੇ ਅੱਤ ਖ਼ੁਦਾ ਦਾ ਵੈਰ ਹੁੰਦਾ ਹੈ, ਜਿਓਂ ਹੀ ਜੱਗੀ ਨੇ ਛੱਪਰ ਅੰਦਰ ਸਿਕੰਦਰ ਨੂੰ ਵੈਲੀ ਚਾਚੇ ਉੱਤੇ ਕਰੋਧ ਸ਼ਾਂਤ ਕਰਦਿਆਂ ਤੱਕਿਆ ਤੇ ਜੱਗੀ ਦਾ ਕਰੋਧ ਹੋਰ ਵੀ ਮਚ ਉੱਠਿਆ ਸੀ, ਉਸ ਨੇ ਫ਼ੁਰਤੀ ਨਾਲ ਛੱਪਰ ਦਾ ਬੂਹਾ ਬਾਹਰੋਂ ਬੰਦ ਕਰਕੇ ਕੁੰਡੀ ਮਾਰ ਦਿੱਤੀ ਸੀ, ਦੂਸਰੇ ਹੀ ਪਲ ਅਕਾਸ਼ ਨੂੰ ਛੂਹਣ ਲੱਗੀਆਂ ਸਨ ਅੱਗ ਦੀਆਂ ਉੱਚੀਆਂ ਉੱਚੀਆਂ ਉਠਦੀਆਂ ਦੈਂਤਕਾਰ ਲਪਟਾਂ ਨੇ ਲਕੋ ਲਿਆ ਸੀ ਆਪਣੀ ਬੁੱਕਲ੍ਹ ਵਿੱਚ ਖ਼ਾਨ ਦਾ ਘਰ, ਖ਼ਾਨ ਦੀ ਧਰਤੀ ਮਚ ਉੱਠੀ ਸੀ ਤੇ ਜੱਗੀ ਤਪਸ਼ ਸੇਕ ਰਿਹਾ ਸੀ ਅੱਗ ਦੀ, ਪ੍ਰੰਤੂ ਗ਼ੈਰ ਮਨੁੱਖ ਬਣਿਆ ਰਾਵਣ ਦਾ ਹਾੱਸਾ ਹੱਸ ਰਿਹਾ ਸੀ ਸਾਰੀ ਖ਼ੁਦਾਈ ਭੁੱਲ ਕੇ ਕਿਸੇ ਸ਼ੈਤਾਨ ਦੀ ਤਰਾਂ ਅਲੌਕਿਕ ਹਾੱਸਾ, ਅੱਗ ਦਿਸ ਰਹੀ ਸੀ ਤੇ ਹਾੱਸਾ ਸੁਣ ਰਿਹਾ ਸੀ, ਤੇ ਫਿਰ ਅਚਾਨਕ ਹੀ ਇਕ ਕੁਦਰਤ ਦਾ ਕਰਿਸਮਾ ਹੋਣ ਲੱਗਾ ਸੀ, ਅੱਗ ਵਿੱਚੋਂ ਮੱਝਾਂ, ਜ਼ਮਾਂ ਵਾਂਗੂ ਨਿਕਲ ਦੌੜੀਆਂ ਸਨ ਅੰਨ੍ਹੇ ਵਾਹ ਨਹਿਰ ਦੇ ਖ਼ੁਆਜ਼ੇ ਵੱਲ ਨੂੰ, ਅਤੇ ਜੱਗੀ ਦਾ ਹਾੱਸਾ ਮੱਝਾਂ ਦੀਆਂ ਦੌੜ ਰਹੀਆਂ ਲੱਤਾਂ ਦੀ ਦਗੜ ਦਗੜ ਵਿੱਚ ਰਲ੍ਹ ਕੇ ਅਲੋਪ ਹੋ ਗਿਆ ਸੀ ਸਦਾ ਲਈ।

*

"ਚੁੰਨੀ ਸ਼ਰਮ ਹਯਾ ਦੀ ਲਾਹ ਲੈ ਤੂੰ,
ਰੱਜ਼ ਰੱਜ਼ ਕੇ ਯਾਰ ਹੰਢਾ ਲੈ ਤੂੰ।"
ਬਣ ਕੰਜ਼ਰੀ ਬੁਲ੍ਹੇ ਸ਼ਾਹ ਵਾਂਗੂ,
ਨੱਚ ਨੱਚ ਕੇ ਯਾਰ ਮਨਾ ਲੈ ਤੂੰ।

ਨੂਰਾਂ ਦਾ ਮਨ ਉਸ ਨੂੰ ਕਹਿ ਰਿਹਾ ਸੀ ਚੁੱਪ ਚੁਪੀਤਾ।

ਮਸਾਣ ਇਕ ਵਾਰ ਫਿਰ ਰੌਸ਼ਨ ਹੋਏ ਸਨ, ਨੂਰਾਂ ਨੇ ਆਖ਼ਰੀ ਸ਼ਮਾਂ ਜਗਾਣ ਉਪ੍ਰੰਤ ਜਿਓਂ ਹੀ ਯਾਰ ਵੱਲ ਤੱਕਿਆ, ਧਾਹ ਮਾਰ ਕੇ ਯਾਰ ਤੇ ਡਿਗ ਪਈ ਸੀ, ਯਾਰ ਸੁੰਨ ਹੋਇਆ ਪਿਆ ਸੀ, ਨਾ ਹਿੱਲ ਰਿਹਾ ਸੀ ਤੇ ਨਾ ਬੋਲ ਹੀ ਰਿਹਾ ਸੀ, ਓਹ, ਜਾਂਦਾ ਹੋਇਆ ਦੱਸ ਕੇ ਵੀ ਨਹੀਂ ਸੀ ਗਿਆ, ਨੂਰਾਂ ਕੁਰਲਾ ਰਹੀ ਸੀ ਮ੍ਰਿਗ ਦੇ ਪੈਰਾਂ ਵਿੱਚ ਆਪਣਾ ਸਿਰ ਧਰੀ, ਤੇ ਉਸ ਦੇ ਸਿਰ ਨਾਲੋਂ ਉੱਚਾ ਉੱਠਿਆ ਸੀ ਨਾਗ਼ ਦਾ ਫ਼ੰਨ।

"ਤੂੰ ਆ ਗਿਆਂ ਵੈਰੀਆ, ਹੁਣ ਮੈਨੂੰ ਵੀ ਡੰਗ ਦੇ, ਤੂੰ ਜਦ ਮੇਰੀ ਦੁਨੀਆਂ ਹੀ ਖ਼ਾਕ ਕਰ ਦਿੱਤੀ ਹੈ ਤਾਂ ਹੁਣ ਮੈਨੂੰ ਵੀ ਖ਼ਾਕ ਕਰਦੇ।"

ਨੂਰਾਂ ਨੇ ਆਪਣੀ ਕਲ੍ਹਾਈ ਨਾਗ਼ ਵੱਲ ਵਧਾਈ ਸੀ ਨਾਗ਼ ਨੂੰ ਘੂਰਦਿਆਂ ਹੋਇਆਂ,

ਜਿਵੇਂ ਵੈਰੀ ਨੂੰ ਵੈਰੀ ਘੂਰਦਾ ਹੈ, ਪ੍ਰੰਤੂ, ਨਾਗ਼ ਤੇ ਸਿਰ ਫੇਰ ਤੁਰਿਆ ਸੀ।

"ਨਹੀਂ, ਨਹੀਂ, ਤੂੰ ਤਾਂ ਮੈਨੂੰ ਡੰਗ ਚੁੱਕਾ ਏਂ, ਹੁਣ ਤੈਨੂੰ ਮੈਂ ਡੰਗਾਂ ਗੀ, ਹੁਣ ਤੈਨੂੰ ਮੈਂ ਡੰਗਾਂ ਗੀ।"

ਨੂਰਾਂ ਨੇ ਜਾਂਦੇ ਨਾਗ਼ ਨੂੰ ਸਿਰ ਤੋਂ ਪਕੜ ਕੇ ਆਪਣੇ ਮੂੰਹ ਵੱਲ ਖਿੱਚ ਲਿਆ ਸੀ। ਇਸ ਵਕਤ ਪਤਾ ਨਹੀਂ ਨੂਰਾਂ ਵਿੱਚ ਇਨਾ ਜੋਸ਼ ਕਿੱਥੋਂ ਆਇਆ ਜੋ ਉਸ ਨੇ ਬਿਨਾ ਕਿਸੇ ਡਰ ਤੋਂ ਪੰਜ ਹੱਥੇ ਨਾਗ ਨੂੰ ਕਾਬੂ ਕਰ ਲਿਆ ਸੀ। ਨਾਗ਼ ਤੜਫ਼ ਰਿਹਾ ਸੀ ਜਿਵੇਂ ਨਿਓਲ਼ੇ ਨੇ ਉਸ ਦੀ ਸਿਰੀ ਨੂੰ ਆਪਣੇ ਜਬਾੜੇ ਵਿੱਚ ਕੱਸ ਲਿਆ ਹੋਵੇ, ਵਿਸ਼ਾਲ ਨਾਗ਼ ਜ਼ਮੀਨ ਤੇ ਪਿਆ ਤੜਫ਼ ਰਿਹਾ ਸੀ ਨੂਰਾਂ ਦੀ ਤਰਾਂ ਹੀ, ਪ੍ਰੰਤੂ, ਉਹ ਆਪਣਾ ਸਿਰ ਨੂਰਾਂ ਦੀ ਬੰਦ ਹੋ ਚੁੱਕੀ ਮੁੱਠੀ ਵਿੱਚੋਂ ਨਹੀਂ ਸੀ ਛੁਡਾ ਸਕਿਆ, ਨਾਗ਼ ਵੀ ਆਸ਼ਕਾਂ ਦੇ ਨਾਲ ਬਿਸ ਘੋਲ਼ਦਾ ਘੋਲ਼ਦਾ ਸਦਾ ਲਈ ਧਰਤੀ ਤਿਆਗ਼ ਗਿਆ ਸੀ, ਧਰਤੀ ਇਕ ਵਾਰ ਫਿਰ ਇਸ਼ਕ ਤੋਂ ਸੁੰਨੀ ਹੋ ਗਈ ਸੀ, ਇਨਸਾਨਾ ਤੋਂ ਸੱਖਣੀ, ਸ਼ੈਤਾਨਾਂ ਦੇ ਭਾਰ ਹੇਠਾਂ ਵੈਣ ਪਾਉਂਦੀ ਜਾਪਦੀ ਸੀ ਸਾਰੀ ਧਰਤੀ।

ਮਨਪ੍ਰੀਤ ਦੀ ਲਾਸ਼ ਦੇ ਨਾਲ ਪਈ ਨੂਰਾਂ ਦੀ ਲਾਸ਼, ਇਕ ਹੱਥ ਵਿੱਚ ਮਰਿਆ ਹੋਇਆ ਨਾਗ਼ ਤੇ ਦੂਸਰਾ ਹੱਥ ਮੁੱਠੀ ਨੂੰ ਘੁੱਟੀ ਮਨਪ੍ਰੀਤ ਦੀ ਹਿੱਕ ਤੇ ਗਲ਼ੇ ਦੇ ਕੋਲ ਪਿਆ ਸੀ, ਜਿਸ ਵਿੱਚ ਬਾਬੁਲ ਨੇ ਦਿੱਤਾ ਹੋਇਆ ਤਾਬੀਜ਼, ਜੋ ਨੂਰਾਂ ਨੇ ਆਪਣੇ ਮਾਲਿਕ ਦੇ ਗਲ਼ ਵਿੱਚ ਪਾਉਣਾ ਸੀ ਨੂੰ ਘੁੱਟਿਆ ਹੋਇਆ ਸੀ, ਜੋ ਸ਼ਾਇਦ ਨੂਰਾਂ ਆਖ਼ਰੀ ਦਮ ਤੱਕ ਕੋਸ਼ਿਸ਼ ਕਰਦੀ ਰਹੀ ਸੀ ਮਨਪ੍ਰੀਤ ਦੇ ਗਲ਼ ਵਿੱਚ ਪਾਉਣ ਲਈ।

ਜੋਗਿੰਦਰ ਸਿੰਘ ਸੰਘੇੜਾ (ਬਿਲਗੇ ਵਾਲਾ)
**Email:** *joe2jatt@yahoo.ca*
**Email:** *jogi60bilgia@yahoo.com*

www.PunjabiLibrary.com